
# ਮਾਸਿਕ ਪੱਤਰ ਸੂਰਾ ਲੁਧਿਆਣਾ

੧ੴ ਵਾਹਿਗੁਰੂ ਜੀ ਕੀ ਫਤਹਿ

ਅਕਤੂਬਰ ੧੯੯੪ MONTHLY SURA LUDHIANA OCTOBER 1994

ਡਿਠੇ ਸਭੇ ਥਾਵ, ਨਹੀ ਤੁਧੁ ਜੇਹਿਆ, ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ।।
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ, ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸਸਰ ।।



www.AKJ.Org

## ਤਤਕਰਾ


| | | | |
|---|---|---|---|
| ੧. ਕਤਿਕ ਹੋਵੈ ਸਾਧ ਸੰਗੁ | ੧ | ੧੧. ਧੰਨੁ ਧੰਨੁ ਰਾਮਦਾਸ ਗੁਰ | ੨੨ |
| ੨. ਅਰਥ ਵਿਆਖਿਆ | ੨ | ੧੨. ਰਹਿਤ ਪਿਤਾ ਦੀ ਚਿੱਤ ਹਿਤਕਾਰ ਰਖੋ (ਕਵਿਤਾ) | ੨੩ |
| ੩. ਬਾਵਨ ਅਖੱਰੀ ਦੀ ਸਾਖੀ | ੩ | ੧੩. ਸੋ ਨਿਰਮਲ ਨਿਰਮਲ ਹਰਿ ਗੁਨ ਗਾਵੈ | ੨੪ |
| ੪. ਜੈਸੀ ਸੰਗਤ ਤੈਸੀ ਰੰਗਤ | ੫ | ੧੪. ਅੰਮ੍ਰਿਤ ਵੇਲਾ | ੨੬ |
| ੫. ਕਬਿਤ ਸਵੱਯੇ | ੧੧ | ੧੫ ਦਰਸ਼ਨਾਂ ਦੀ ਦਾਤ | ੩੦ |
| ੬. ਭਗਤਾ ਕੀ ਚਾਲ ਨਿਰਾਲੀ | ੧੪ | ੧੬. ਸਿੱਖ ਧਰਮ ਤੇ ਨਿਗੁਰੇ | ੩੧ |
| ੭. ਖਾਲਸਾ ਨਿਆਰਾ ਕਿਉਂ ? | ੧੬ | ੧੭. ਸੰਤ ਸਮਾਜ ਦਾ ਦੂਜਾ ਸਮਾਗਮ | ੩੪ |
| ੮. ਇਕਦੂ ਜੀਭੌ ਲਖ ਹੋਇ | ੧੭ | ੧੮. ਖਾਲਸਾ ਬੋਲੇ | ੪੧ |
| ੯. ਗੁਰੂ ਰਾਮਦਾਸ ਜੀ ਦੀ ਬਾਣੀ ਵਿਚੋਂ ਗੁਰੂ ਪ੍ਰੀਤ | ੧੮ | ੧੯. ਬਾਪੂ ਜੀ ਤੇ ਬੱਚੇ | ੪੪ |
| ੧੦. ਸਿੱਖੀ ਸਿਦਕ (ਕਵਿਤਾ) | ੨੧ | ੨੦. ਸਾਬਤ ਸੂਰਤ ਸਿਰ ਦਸਤਾਰ (ਕਵਿਤਾ) | ੪੫ |


**ਅਵਤਾਰ ਪਾਤਸ਼ਾਹੀ-੪ ੨੧ ਅਕਤੂਬਰ ਜੋਤੀ ਜੋਤਿ ਪਾਤਸ਼ਾਹੀ-੭ ੨੯ ਅਕਤੂਬਰ**
**ਗੁਰਿਆਈ ਪਾਤਸ਼ਾਹੀ-੮ ੨੯ ਅਕਤੂਬਰ**

### ਜ਼ਰੂਰੀ ਸੂਚਨਾ

"ਸੂਰਾ" ਪੱਤਰ ਅਗਸਤ, ੯੪ ਤੋਂ ਲੁਧਿਆਣਾ ਵਿਖੇ ਛਪ ਰਿਹਾ ਹੈ । ਸਾਰੇ ਵੀਰਾਂ ਭੈਣਾਂ ਨੂੰ ਬੇਨਤੀ ਹੈ ਕਿ "ਸੂਰਾ" ਸਬੰਧੀ ਹੇਠ ਲਿਖੇ ਲੁਧਿਆਣਾ ਵਾਲੇ ਪਤੇ ਤੇ ਚਿੱਠੀ ਪੱਤਰ ਕੀਤਾ ਕਰਨ ਅਤੇ ਮਨੀਆਰਡਰ / ਡਰਾਫਟ/ ਚੈਕ ਆਦਿ ਵੀ ਇਸੇ ਹੀ ਪਤੇ ਤੇ ਭੇਜਿਆ ਕਰਨ ।

ਸਤਿਕਾਰ ਯੋਗ ਲੇਖਕਾਂ ਦੀ ਸੇਵਾ ਵਿੱਚ ਵੀ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ ਸਿੱਧੀਆਂ ਹੇਠ ਲਿਖੇ ਪਤੇ ਤੇ ਭੇਜਿਆ ਕਰਨ ਤਾਂ ਜੋ ਵੇਲੇ ਸਿਰ ਛਪ ਸਕਣ ।

ਸੰਪਾਦਕ : "ਸੂਰਾ" ਮਾਸਿਕ ਪੱਤਰ ਕੋਠੀ ਨੰਬਰ ੧੨, ਆਈ ਬਲਾਕ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਵਾ ਕੇ ਰਸੀਦ ਲਓ ਜੀ ———

੧. ਲੁਧਿਆਣਾ – ੧. ਮੁੱਖ ਦਫਤਰ "ਸੂਰਾ"- ਕੋਠੀ ਨੰਬਰ ੧੨ ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ ।
੨. ਭਾਈ ਹਰਬੰਸ ਸਿੰਘ, ਬੰਬੇ ਮਾਈਕਰੋਨਿਕਸ, ਦੁਕਾਨ ਨੰ-੧੭ ਦੇ ਪਿਛੇ ਗੋਲ ਮਾਰਕੀਟ, ਮਾਡਲ ਟਾਊਨ, ਲੁਧਿਆਣਾ।
੨. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ ।
੪. ਪਟਿਆਲਾ - ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁ: ਦੂਖ ਨਿਵਾਰਨ ਸਾਹਿਬ ।
੫ ਚੰਡੀਗੜ੍ਹ ਤੇ ਮੋਹਾਲੀ – ਭਾਈ ਫ਼ੌਜਿੰਦਰ ਸਿੰਘ ਜੀ, ਪ੩੨/੩-ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ ।
੬ ਜ਼ਿਲਾ ਸੰਗਰੂਰ – ਪਿੰਡ ਉਪੋਕੇ (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ ।
੭. ਦਿੱਲੀ – ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ ।
੮. ਸਾਰੇ ਸਮਾਗਮਾਂ ਸਮੇਂ – ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ਿਰੋਜ਼ਪੁਰ ਸ਼ਹਿਰ ।
੯. ਬਠਿੰਡਾ – ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ ।
੧੦. ਮੋਗਾ – ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ.ਟੀ. ਰੋਡ, ਫੋਨ : ੨੪੩੪੯, ੨੧੬੮੧ ।
੧੧. ਅੰਮ੍ਰਿਤਸਰ – ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫ਼ੋਨ : ੪੫੭੮੭ ਘਰ : ੨੩੧੫੨੦ ।

ਸੂਚਨਾ-ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ।

ਡਿਜ਼ਾਈਨ ਕਰਾਫ਼ਟ, ਗੁਰੂ ਨਾਨਕ ਦੇਵ ਮਾਰਕੀਟ, ਗਿੱਲ ਰੋਡ, ਲੁਧਿਆਣਾ -ਫੋਨ : 533098 ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨ -ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ
ਸੋ ਕਹੀਅਤ ਹੈ ਸੂਰਾ

ਮਾਸਿਕ ਸੂਰਾ ਪੱਤਰ
ਲੁਧਿਆਣਾ

ਸਾਲਾਨਾ ਚੰਦਾ

ਦੇਸ 30-00
ਇਕ ਪਰਚਾ 3-00

(ਪਰਦੇਸ ਸਾਰੇ)
ਸਾਲਾਨਾ ਚੰਦਾ

ਸਮੁੰਦਰੀ ਡਾਕ ੧੦੦-੦੦
ਹਵਾਈ ਡਾਕ 300-00

Foreign Subscription
Sea Mail 100-00
Air Mail 300-00

ਅਮਾਨਤੀ
ਲਾਈਫ਼ ਮੈਂਬਰ

ਦੇਸ 300-00

ਪਰਦੇਸ

ਸਮੁੰਦਰੀ ਡਾਕ ੧,੦੦੦-੦੦
ਹਵਾਈ ਡਾਕ ੨,੫੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

ਜਿਲਦ ੨੮ ਅਕਤੂਬਰ ੧੯੯੪ ਅੰਕ ੧੦

# ਕਤਿਕਿ ਹੋਵੈ ਸਾਧਸੰਗੁ

ਕਤਿਕਿ ਕਰਮ ਕਮਾਵਣੇ, ਦੋਸੁ ਨ ਕਾਹੂ ਜੋਗੁ ।।
ਪਰਮੇਸਰ ਤੇ ਭੁਲਿਆ, ਵਿਆਪਨਿ ਸਭੇ ਰੋਗ ।।
ਵੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ ।।
ਖਿਨ ਮਹਿ ਕਉੜੇ ਹੋਇ ਗਏ, ਜਿਤੜੇ ਮਾਇਆ ਭੋਗ ।।
ਵਿਚੁ ਨ ਕੋਈ ਕਰਿ ਸਕੈ, ਕਿਸ ਥੈ ਰੋਵਹਿ ਰੋਜ ।।
ਕੀਤਾ ਕਿਛੂ ਨ ਹੋਵਈ, ਲਿਖਿਆ ਧੁਰਿ ਸੰਜੋਗ ।।
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ।।
ਨਾਨਕ ਕਉ ਪ੍ਰਭ ਰਾਖਿ ਲੇਹਿ, ਮੇਰੇ ਸਾਹਿਬ ਬੰਦੀ ਮੋਚ ।।
ਕਤਿਕਿ ਹੋਵੈ ਸਾਧਸੰਗੁ, ਬਿਨਸਹਿ ਸਭੇ ਸੋਚ ।।੯।।

(ਬਾਰਹਮਾਹਾ ਮਾਝ ਮ: ੫, ਪੰਨਾ- ੧੩੫ )

**ਪਦ ਅਰਥ:** ਕਾਹੂ ਜੋਗੁ- ਕਿਸੇ ਦੇ ਜਿੰਮੇ । ਵਿਆਪਨਿ- ਜੋਰ ਪਾ ਲੈਂਦੇ ਹਨ। ਲਗਨਿ- ਲੱਗ ਜਾਂਦੇ ਹਨ। ਜਨਮ ਵਿਜੋਗ-ਜਨਮਾਂ ਦੇ ਵਿਛੋੜੇ। ਮਾਇਆ ਭੋਗ - ਮਾਇਆ ਦੀਆਂ ਮੌਜਾਂ। ਵਿਚੁ-ਵਿਚੋਲਗਿਰੀ (ਵਿਚੋਲਾ-ਪਨ)। ਕਿਸ·ਥੈ- ਹੋਰ ਕਿਸ ਕੋਲ। ਰੋਜ-ਨਿਤ ਦਿਨ, ਹਰ ਰੋਜ਼। ਕੀਤਾ-ਆਪਣਾ ਕੀਤਾ। ਧੁਰਿ-ਧੁਰ ਤੋਂ। ਬਿਓਗ- ਵਿਛੋੜੇ ਦੇ ਦੁੱਖ। ਬੰਦੀ ਮੋਚ-ਕੈਦ ਤੋਂ ਛੁਡਾਉਣ ਵਾਲੇ, ਬੰਦੀ ਛੋੜ। ਬਿਨਸਹਿ-ਦੂਰ (ਨਾਸ) ਹੋ ਜਾਂਦੇ ਹਨ। ਸੋਚ-ਫਿਕਰ।



www.AKJ.Org

# ਅਰਥ ਵਿਆਖਿਆ

ਅਰਥ : ਕੱਤਕ ਮਹੀਨੇ ਦੀ ਸੋਹਣੀ ਰੁੱਤ ਵਿੱਚ ਵੀ ਜੇ ਪ੍ਰਭੂ-ਪਤੀ ਨਾਲੋਂ ਵਿਛੋੜਾ ਪਿਆ ਰਿਹਾ ਤਾਂ ਇਹ ਆਪਣੇ ਕੀਤੇ ਕਰਮਾਂ ਦਾ ਫਲ ਹੈ, ਕਿਸੇ ਹੋਰ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ।

ਪਰਮੇਸ਼ਰ ਦੀ ਯਾਦ ਵਲੋਂ ਭੁੱਲਿਆਂ ਦੁਨੀਆਂ ਦੇ ਸਾਰੇ ਦੁੱਖ-ਕਲੇਸ਼ ਜੋਰ ਪਾ ਲੈਂਦੇ ਹਨ।

ਜਿਨ੍ਹਾਂ ਨੇ ਇਸ ਜਨਮ ਵਿੱਚ ਪਰਮੇਸਰ ਦੀ ਯਾਦ ਤੋਂ ਮੂੰਹ ਮੋੜੀ ਰੱਖਿਆ ਉਨ੍ਹਾਂ ਨੂੰ ਫਿਰ ਲੰਮੇ ਵਿਛੋੜੇ ਪੈ ਜਾਂਦੇ ਹਨ, ਮਾਇਆ ਦੇ ਮੌਜ ਮੇਲੇ ਇੱਕ ਪਲ ਵਿੱਚ ਕੌੜੇ (ਦੁਖਦਾਈ) ਹੋ ਜਾਂਦੇ ਹਨ। ਅਜੇਹੀ ਹਾਲਤ ਵਿੱਚ ਕਿਸੇ ਕੋਲ ਨਿੱਤ ਦਿਨ ਰੋਣੇ ਰੋਣ ਦਾ ਕੋਈ ਲਾਭ ਨਹੀਂ ਹੁੰਦਾ ਕਿਉਂਕਿ ਪਰਮੇਸਰ ਦੇ ਵਿਛੋੜੇ ਦੇ ਦੁੱਖ ਨੂੰ ਦੂਰ ਕਰਨ ਲਈ ਕੋਈ ਵਿਚੋਲਗਿਰੀ ਨਹੀਂ ਕਰ ਸਕਦਾ।

ਦੁਖੀ ਜੀਵ ਦੀ ਆਪਣੀ ਕੋਈ ਪੇਸ਼ ਨਹੀਂ ਜਾਂਦੀ। ਆਪਣੇ ਕੀਤੇ ਕਰਮਾਂ ਅਨੁਸਾਰ ਧੁਰੋਂ ਲਿਖੇ ਲੇਖਾਂ ਦੀ ਬਿਧ ਆ ਬਣਦੀ ਹੈ। ਜੇ ਚੰਗੇ ਭਾਗਾਂ ਸਦਕਾ ਪ੍ਰਭੂ ਆਪ ਆ ਮਿਲੇ ਤਾਂ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁੱਖ ਮਿਟ ਜਾਂਦੇ ਹਨ।

ਨਾਨਕ ਮੋਹਰ ਛਾਪ ਥੱਲੇ ਪੰਚਮ ਪਾਤਸ਼ਾਹ ਬੇਨਤੀ ਕਰਦੇ ਹਨ ਕਿ ਹੇ ਮੇਰੇ ਬੰਦੀ ਛੋੜ ਸਾਹਿਬ(ਮਾਲਕ) ! ਮਾਇਆ ਦੇ ਮੋਹ ਤੋਂ ਬਚਾ ਲੈ।

ਕੱਤਕ ਦੀ ਸੋਹਣੀ ਰੁੱਤ ਵਿੱਚ ਜਿਨ੍ਹਾਂ ਨੂੰ ਸਾਧ-ਸੰਗਤ ਮਿਲ ਜਾਏ ਉਨ੍ਹਾਂ ਦੇ ਵਿਛੋੜੇ ਵਾਲੇ ਸਾਰੇ ਚਿੰਤਾ ਫਿਕਰ ਮੁੱਕ ਜਾਂਦੇ ਹਨ।

**ਵਿਆਖਿਆ:**– ਪਰਮੇਸ਼ਰ ਤੋਂ ਵਿਛੜਨ ਕਾਰਨ ਹੀ ਸਾਰੇ ਦੁੱਖ ਖੜ੍ਹੇ ਹੁੰਦੇ ਹਨ। ਪਰਮੇਸ਼ਰ ਵਿਛੜਦਾ ਹੈ ਉਸ ਦੀ ਯਾਦ ਭੁਲਾ ਕੇ, ਮਾਇਆ ਦੇ ਮੋਹ ਵਿੱਚ ਗਲਤਾਨ(ਫਸਣ) ਹੋਣ ਨਾਲ। ਪਰਮੇਸ਼ਰ ਦੀ ਯਾਦ ਭੁਲਾਉਣ ਨਾਲ ਮਾਇਆ ਦੇ ਸਾਰੇ ਮੌਜ ਮੇਲੇ ਇੱਕ ਪਲ ਵਿੱਚ ਫਿੱਕੇ ਪੈ ਜਾਂਦੇ ਹਨ। ਅਜੇਹੀ ਦੁਖੀ ਹਾਲਤ ਵਿੱਚ ਕਿਸੇ ਕੋਲ ਰੋਣੇ ਰੋਣ ਨਾਲ ਕੁਝ ਨਹੀਂ ਬਣਦਾ। ਮਨੁੱਖ ਆਪਣੇ ਪਿਛਲੇ ਜਨਮ ਦੇ ਕੀਤੇ ਕਰਮਾਂ ਦਾ ਹੀ ਫਲ ਪਾਉਂਦਾ ਹੈ ਅਤੇ ਇਹ ਲੇਖ ਧੁਰੋਂ ਹੀ ਲਿਖੇ ਹੋਏ ਆਉਂਦੇ ਹਨ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ-

**ਜੇਹਾ ਬੀਜੇ ਸੋ ਲੁਣੇ,ਮਥੇ ਜੋ ਲਿਖਿਆਸੁ ।।**

(ਪੰਨਾ-੧੩੪)

ਪੁਠੇ ਕਰਮਾਂ ਨੂੰ ਸਿੱਧੇ ਕਰਨ ਵਾਸਤੇ ਪੂਰੇ ਗੁਰੂ ਦਾ ਪੱਲਾ ਫੜਨਾ ਪੈਂਦਾ ਹੈ। ਪੂਰਾ ਗੁਰੂ ਜੁਗਤੀ ਦੱਸ ਦਿੰਦਾ ਹੈ ਜਿਸ ਦੇ ਵਰਤਣ ਨਾਲ ਮਾਇਆ ਦੇ ਜਾਲ ਵਿੱਚ ਫਸੇ ਬੰਦੇ ਦੀ ਬੰਦਖਲਾਸੀ ਹੋ ਜਾਂਦੀ ਹੈ ; ਪਰਮਾਤਮਾ ਨਾਲ ਪਿਆ ਵਿਛੋੜਾ ਦੂਰ ਹੋ ਜਾਂਦਾ ਹੈ ਅਤੇ ਮੁੜਕੇ ਪ੍ਰਭੂ ਪ੍ਰੀਤ ਜਾਗ ਪੈਂਦੀ ਹੈ।

ਪੂਰੇ ਗੁਰੂ (ਸਤਿਗੁਰੂ) ਦਾ ਪੱਲਾ ਫੜਨ ਦਾ ਭਾਵ ਹੈ ਅੰਮ੍ਰਿਤ ਛਕਣਾ। ਅੰਮ੍ਰਿਤ ਸਿੰਚਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਜ ਪਿਆਰੇ ਨਾਮ ਦ੍ਰਿੜ੍ਹ ਕਰਵਾ ਦਿੰਦੇ ਹਨ ਜਿਸ ਨੂੰ ਨਿੱਤ ਦਿਨ ਜਪਣ ਨਾਲ ਪ੍ਰਭੂ ਨਾਲ ਗੰਢ ਪੈ ਜਾਂਦੀ ਹੈ ਅਤੇ ਮਾਇਆ ਦਾ ਮੋਹ ਖਤਮ ਹੋ ਜਾਂਦਾ ਹੈ। ਨਾਮ ਸਿਮਰਨ ਸਦਕਾ ਹਲਤ ਪਲਤ (ਲੋਕ ਪਰਲੋਕ) ਸਵਾਰਿਆ ਜਾਂਦਾ ਹੈ। ਪਿਛਲੇ ਜਨਮ ਦੇ ਕੀਤੇ ਮਾੜੇ ਕਰਮਾਂ ਦੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਸੁੱਖਾਂ ਦਾ ਪ੍ਰਵੇਸ਼ ਹੋ ਜਾਂਦਾ ਹੈ। ਗੁਰੂ ਦਰਬਾਰ ਸਾਧ ਸੰਗਤਿ ਵਿੱਚ ਜਾਣ ਨਾਲ ਆਤਮਕ ਮੌਤੇ ਮਰੇ ਹੋਏ ਬੰਦੇ ਵੀ ਜੀਅ ਉਠਦੇ ਹਨ। ਇਸੇ ਹੀ ਕਰਕੇ ਪੰਚਮ ਪਾਤਸ਼ਾਹ ਸਾਨੂੰ ਹਰ ਵੇਲੇ ਨਾਮ ਜਪਣ ਦੀ ਤਾਕੀਦ ਕਰਦੇ ਹਨ-

**ਹਲਤਿ ਸੁਖੁ ਪਲਤਿ ਸੁਖੁ, ਨਿਤ ਸੁਖੁ ਸਿਮਰਨੋ,**
**ਨਾਮੁ ਗੋਬਿੰਦ ਕਾ ਸਦਾ ਲੀਜੈ ।।**
**ਮਿਟਹਿ ਕਮਾਣੇ, ਪਾਪ ਚਿਰਾਣੇ,**
**ਸਾਧ ਸੰਗਤਿ ਮਿਲਿ ਮੁਆ ਜੀਜੈ ।। ੧ ।। ਰਹਾਉ ।।**

(ਪੰਨਾ ੬੮੩)

ਤਾਂ ਤੇ ਸਾਨੂੰ ਅਰਦਾਸ ਕਰਨੀ ਚਾਹੀਦੀ ਹੈ-

**ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ,**
**ਦਾਸ ਅਪੁਨੇ ਕਉ ਨਾਮੁ ਦੇਵਹੁ ।।**
**ਦ੍ਰਿਸਟਿ ਪ੍ਰਭ ਧਾਰਹੁ, ਕ੍ਰਿਪਾ ਕਰਿ ਤਾਰਹੁ,**
**ਭੁਜਾ ਗਹਿ ਕੂਪ ਤੇ ਕਾਢਿ ਲੇਵਹੁ ।। ਰਹਾਉ ।।**

(ਧਨਾਸਰੀ ਮ: ੫ ਪੰਨਾ ੬੮੩)

( ਹੇ ਹਰੀ ! ਹੇ ਗੋਬਿੰਦ ! ਹੇ ਦੁੱਖਾਂ ਦੇ ਨਾਸ ਕਰਨ ਵਾਲੇ ! ਆਪਣੇ ਦਾਸ ਨੂੰ ਆਪਣਾ ਨਾਮ ਬਖਸ਼! ਹੇ ਪ੍ਰਭੂ ! ਆਪਣੇ ਦਾਸ ਤੇ ਮਿਹਰ ਦੀ ਨਜ਼ਰ ਕਰ, ਕਿਰਪਾ ਕਰ ਕੇ ਦਾਸ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਲੈ। ਦਾਸ ਦੀ ਬਾਂਹ ਫੜ ਕੇ ਦਾਸ ਨੂੰ ਮੋਹ ਦੇ ਖੂਹ ਵਿਚੋਂ ਕੱਢ ਲੈ। )



www.AKJ.Org

# ਬਾਵਨ ਅਖਰੀ ਦੀ ਸਾਖੀ

(ਗੁਰਪੁਰਵਾਸੀ ਭਾ: ਸਾ: ਰਣਧੀਰ ਸਿੰਘ ਜੀ)

ੴ ਸਤਿਗੁਰ ਪ੍ਰਸਾਦਿ ।।

ਆਸਾ ਘਰੁ ੬ ਮਹਲਾ੧ ।।

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ।।
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ।। ੧ ।।
ਲਾਲ ਬਹੁ ਗੁਣਿ ਕਾਮਣਿ ਮੋਹੀ ।।
ਤੇਰੇ ਗੁਣ ਹੋਹਿ ਨ ਅਵਰੀ ।। ੧ ।। ਰਹਾਉ ।।
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ।।
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ।। ੨ ।।
ਮਧੁ ਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ।।
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ।। ੩ ।।
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ।।
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ।। ੪ ।। ੧ ।। ੩੫ ।। (ਪੰਨਾ-੩੫੯)

ਇਸ ਗੁਰਵਾਕ ਦੁਆਰਾ ਸਭ ਆਨਮਤੀ ਸ਼ਿੰਗਾਰਾਂ ਨੂੰ ਖੰਡਨ ਕੀਤਾ ਗਿਆ ਹੈ। ਤੇ ਕੇਵਲ ਇਕੋ ਸੱਚਾ ਸ਼ਿੰਗਾਰ ਗੁਰਮਤਿ ਨਾਮ ਦਾ ਪਹਿਨਣਾ ਹੀ ਦ੍ਰਿੜ੍ਹਾਇਆ ਗਿਆ ਹੈ। ਸਵਾਸਾਂ ਰੂਪੀ ਡੋਰੀ ਨਾਲ ਮਨ ਰੂਪੀ ਮੋਤੀ ਨੂੰ ਪਰੋ ਕੇ, ਗੁਰਮਤਿ ਜਗਿਆਸਾ ਰੂਪੀ ਇਸਤ੍ਰੀ ਖਿਮਾ ਰੂਪੀ ਸ਼ਿੰਗਾਰ ਪਹਿਨਦੀ ਹੈ ਅਤੇ ਇਸ ਬਿਧ ਸੱਚੇ ਲਾਲ ਵਾਹਿਗੁਰੂ ਪ੍ਰਮਾਤਮਾਂ ਨੂੰ ਰਾਵ ਰਾਵ ਕੇ ਉਸਦੀ ਪਿਆਰੀ ਬਣਦੀ ਹੈ। ਹੇ ਲਾਲ ਵਾਹਿਗੁਰੂ ਜੋ ਗੁਣ ਤੇਰੇ ਵਿੱਚ ਹਨ ਹੋਰਨਾਂ ਵਿੱਚ ਕਦਾਚਿਤ ਨਹੀਂ ਹੋ ਸਕਦੇ। ਰਾਵਣ ਜੋਗ ਲਾਲ ਪਿਆਰਾ ਬਹੁਤ ਗੁਣਾਂ ਵਾਲਾ ਕੇਵਲ ਵਾਹਿਗੁਰੂ ਪਤੀ ਪ੍ਰਮਾਤਮਾ ਹੀ ਹੈ । ਸੱਚੀ ਕਾਮਣ ਜਗਯਾਸਾ ਇਸਤ੍ਰੀ ਪ੍ਰਮਾਰਥ ਦੀ ਉਹ ਹੀ ਹੈ ਜੋ ਪ੍ਰਮਾਤਮਾ ਦੇ ਇਹਨਾਂ ਗੁਣਾਂ ਨਾਲ ਮੋਹੀ ਜਾਂਦੀ ਹੈ। ਚਾਹੇ ਕਿਤਨੀ ਹੀ ਵਡਮੁੱਲੀ ਕੀਮਤ ਵਾਲਾ ਹਾਰ ਹੋਵੇ (ਸੋਨੇ ਮੋਤੀਆਂ ਦਾ) ਉਸ ਨੂੰ ਪਹਿਨ ਕੇ ਭੀ ਕਾਮਣ ਇਸਤ੍ਰੀ ਦੁਰਗਣ ਹੀ ਰਹਿੰਦੀ ਹੈ, ਸੱਚੀ ਸੁਹਾਗਣ ਨਹੀਂ ਬਣ ਸਕਦੀ । ਗੁਰੂ ਸਾਹਿਬ ਨੇ ਗੁਰਮਤਿ ਨਾਮ ਅਭਿਆਸ ਰੂਪੀ ਸੱਚਾ ਹਾਰ ਕੰਠ ਵਿਖੇ ਪਹਿਨਣ ਲਈ ਅਤੇ ਪਹਿਨ ਕੇ ਸਦਾ ਹੀ ਸੁਆਸ ਸੁਆਸ ਉਚਾਰਣ ਲਈ ਪ੍ਰੋੜਤਾ ਕੀਤੀ ਹੈ।

ਇਸ ਪ੍ਰਥਾਇ ਬਾਵਨ ਅਖਰੀ ਦੀ ਸੁੰਦਰ ਸਾਖੀ ਦਰਜ ਕਰਨੀ ਅਤੀ ਅੰਤ ਜਰੂਰੀ ਹੈ। ਉਹ ਇਹ ਹੈ ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅੰਤਰਯਾਮੀ ਨੇ ਇੱਕ ਵਾਰ ਮਾਤਾ ਗੰਗਾ ਜੀ ਨੂੰ ਇਉਂ ਪ੍ਰੇਰਨਾ ਕੀਤੀ ਕਿ ਤੁਹਾਡੇ ਪਾਸ ਮੁਲਾਕਾਤ ਲਈ ਸ਼ਹਿਰ ਦੀਆਂ ਖਤਰਾਣੀਆਂ, ਮਹਾਜਨਾਂ ਦੀਆਂ ਇਸਤ੍ਰੀਆਂ ਆਉਂਦੀਆਂ ਹਨ। ਉਹ ਦੁਨੀਆਂ ਕਰਕੇ ਕਿਤਨੀਆਂ ਹੀ ਵੱਡੀਆਂ ਹੋਵਣ, ਓੜਕ ਅਨਮਤਣਾਂ ਹਨ। ਤੁਸੀਂ ਖਬਰਦਾਰ ਰਹਿਣਾ, ਕਦੇ ਵੀ ਉਹਨਾਂ ਦੀ ਅਨਮਤ ਭਰੀ ਉਪਦੇਸ਼ ਪ੍ਰੇਰਨਾ ਦੇ ਅਧੀਨ ਨਹੀਂ ਹੋਣਾ। ਐਉਂ ਸੁਤੇ ਸੁਭਾਉ ਬਚਨ ਕਰਕੇ ਗੁਰੂ ਸਾਹਿਬ ਗੁਰਦਰਬਾਰ ਵਿਖੇ ਜਾ ਬਿਰਾਜਮਾਨ ਹੋਏ। ਉਸ ਦਿਨ ਐਸੀ ਘਟਨਾ ਹੋਈ ਕਿ ਕਿਸੇ ਭਾਰੀ ਸਿਰੰਬਾਰੀ ਮਾਇਆਧਾਰੀ ਸੇਠ ਨੇ ਨੌਂ ਲੱਖਾ ਹਾਰ ਗੁਰੂ ਸਾਹਿਬ ਜੀ ਦੀ ਆਣ ਭੇਟਾ ਕੀਤਾ। ਤਿਸ ਨੌਂ ਲੱਖੇ ਹਾਰ ਦੀ ਚਰਚਾ ਸਾਰੇ ਸ਼ਹਿਰ ਵਿੱਚ ਹੋਈ। ਸ਼ਹਿਰ ਦੀਆਂ ਬੜੀਆਂ ਬੜੀਆਂ ਮਹਾਜਨ ਇਸਤਰੀਆਂ ਇਸ ਹਾਰ ਨੂੰ ਵੇਖਣ ਗਈਆਂ ਤੇ ਅੱਖੀਂ ਵੇਖ ਕੇ ਅਸ਼ ਅਸ਼ ਕਰਦੀਆਂ ਹੀ ਰਹਿ ਗਈਆਂ। ਫੇਰ ਸਾਰੀਆਂ ਇੱਕਠੀਆਂ ਹੋਕੇ ਮਾਤਾ ਗੰਗਾ ਜੀ ਦੇ ਪਾਸ ਗਈਆਂ ਤੇ ਇਉਂ ਬੇਨਤੀਆਂ ਕਰਨ ਲੱਗੀਆਂ ਕਿ ਤੁਸੀਂ ਸਾਰੇ ਜਗ ਦੀ ਪੂਜਯ ਮਾਤਾ ਹੋ, ਤੁਸੀਂ ਕੋਈ ਵੀ ਗਹਿਣਾ ਨਹੀਂ ਪਹਿਨਿਆ ਹੋਇਆ। ਪੰਚਮ ਪਾਤਸ਼ਾਹ ਦੇ ਮਹਿਲ ਹੁੰਦੇ ਹੋਏ ਤੁਸੀਂ ਗਹਿਣੇ ਵਿਹੂਣ ਅੱਛੇ ਨਹੀਂ ਲਗਦੇ। ਅੱਜ ਗੁਰੂ ਸਾਹਿਬ ਨੂੰ ਇੱਕ ਨੌਂ ਲਖਾ ਹਾਰ ਕਿਸੇ ਪ੍ਰੇਮੀ ਨੇ ਭੇਟ ਕੀਤਾ ਹੈ। ਉਸ ਨੌਂ ਲੱਖੇ ਹਾਰ ਦੀ ਸ਼ਾਨ ਹੀ ਇਹ ਦਸਦੀ ਹੈ ਕਿ ਉਹ ਹਾਰ ਆਪ ਦੇ ਗਲ ਵਿੱਚ ਹੀ ਸਜਾਇਆ ਜਾਏ, ਤੱਦ ਹੀ ਸੋਭਦਾ ਹੈ। ਤੁਸੀਂ ਅੱਜ ਗੁਰੂ ਸਾਹਿਬ ਤੋਂ ਉਕਤ ਹਾਰ ਆਪਣੇ ਪਹਿਨਣ ਲਈ ਮੰਗੋ। ਗਲ ਕੀ ਅਜਿਹੀਆਂ ਚਿਕਨੀਆਂ ਚੋਪੜੀਆਂ ਗੱਲਾਂ ਕਰਕੇ ਸ੍ਰੀ ਮਾਤਾ ਜੀ ਨੂੰ ਉਸ ਹਾਰ ਦੇ ਪਹਿਨਣ ਲਈ ਤਿਆਰ ਕਰ ਲਿਆ।

ਅੰਤਰਯਾਮੀ ਗੁਰੂ ਸਾਹਿਬ ਨੂੰ ਇਸ ਘਟਨਾ ਦਾ ਪਹਿਲੇ ਹੀ ਪਤਾ ਸੀ। ਗੁਰਦਰਬਾਰ ਤੋਂ ਆਉਂਦੇ ਹੀ ਉਨ੍ਹਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਤੁਹਾਨੂੰ ਅੱਜ ਕਿਸੇ ਇਸਤ੍ਰੀ ਟੋਲੇ ਦੀ ਆਨਮਤ ਉਪਦੇਸ਼ ਦੀ ਪਾਣ



www.AKJ.Org

ਚੜ੍ਹੀ ਲਗਦੀ ਹੈ ਜਿਸ ਤੋਂ ਬਚਣ ਲਈ ਤੁਸਾਂ ਨੂੰ ਵਰਜਿਆ ਗਿਆ ਸੀ। ਸ੍ਰੀ ਮਾਤਾ ਜੀ ਦੋਇ ਕਰ ਜੋੜ ਗਲ ਵਿੱਚ ਪੱਲਾ ਪਾਕੇ ਗੁਰੂ ਸਾਹਿਬ ਅੱਗੇ ਇਉਂ ਅਰਜੋਈ ਕਰਨ ਲੱਗੇ- ਹੇ ਸੱਚੇ ਪਾਤਸ਼ਾਹ ਜੀ ਅੱਜ ਤਾਈਂ ਇਸ ਦਾਸਰੀ ਨੇ ਆਪ ਪਾਸੋਂ ਕੋਈ ਮੰਗ ਨਹੀਂ ਕੀਤੀ, ਪਹਿਲੀ ਮੰਗ ਕਰਨ ਲੱਗੀ ਹਾਂ, ਆਸ ਹੈ ਕਿ ਉਹ ਤੁਸੀਂ ਉਦਾਰਤਾ ਸਹਿਤ ਕਬੂਲ ਕਰੋਗੇ। ਗੁਰੂ ਮਹਾਰਾਜ ਨੇ ਮੁਸਕਰਾ ਕੇ ਪੁੱਛਿਆ ਕਿ ਦੱਸੋ ਤੁਹਾਡੀ ਕੀ ਮੰਗ ਹੈ? ਮਾਤਾ ਜੀ ਨੇ ਕਿਹਾ ਕਿ ਅੱਜ ਜੋ ਨੌ ਲੱਖਾ ਹਾਰ ਤੁਸਾਂ ਨੂੰ ਭੇਟ ਹੋਇਆ ਹੈ, ਉਹ ਮੈਨੂੰ ਗਲ ਵਿੱਚ ਪਹਿਨਣ ਲਈ ਬਖਸ਼ ਦਿਉ। ਗੁਰੂ ਸਾਹਿਬ ਇਹ ਸੁਣ ਕੇ ਬੜਾ ਹੀ ਹੱਸੇ ਅਤੇ ਫੁਰਮਾਉਣ ਲੱਗੇ ਕਿ ਅੱਜ ਜਰੂਰ ਹੀ ਆਨਮਤੀ ਮੁਲਾਕਾਤਾਂ ਦਾ ਅਸਰ ਤੁਸਾਂ ਤੇ ਹੋਇਆ ਹੈ। ਭੋਲੀਏ ! ਚਾਹੇ ਕ੍ਰੋੜਾਂ ਅਰਬਾਂ ਦੀ ਕੀਮਤ ਦਾ ਹਾਰ ਹੋਵੇ ਉਹ ਕੂੜਾ ਵਿਵਹਾਰ ਹੈ। ਅਸੀਂ ਅੱਜ ਤੁਹਾਡੇ ਲਈ ਉਹ ਹਾਰ ਤਿਆਰ ਕਰਨ ਲੱਗੇ ਹਾਂ ਜਿਸ ਨੂੰ ਉਰ-ਅੰਦਰ ਧਾਰਕੇ ਤੁਹਾਡਾ ਲੋਕ-ਪ੍ਰਲੋਕ, ਹਲਤ-ਪਲਤ, ਸਭ ਹੀ ਸੁਧਰ ਜਾਵੇਗਾ। ਇਸ ਪ੍ਰਥਾਇ ਗੁਰੂ ਪੰਚਮ ਪਾਤਸ਼ਾਹ ਜੀ ਸ੍ਰੀ ਬਾਵਨ ਅਖਰੀ ਦੀ ਬਾਣੀ ਉਚਾਰਣ ਲੱਗੇ ਅਤੇ ਐਸੀ ਅੱਖਰ ਬਣਤ੍ਰਕਲਾ ਵਰਤਾਈ ਕਿ ਜਿਉਂ ਜਿਉਂ ਬਾਣੀ ਉਚਾਰਣ ਕੀਤੀ ਜਾਣ ਤਿਉਂ ਤਿਉਂ ਨਾਲੋਂ ਨਾਲ ਹੀ ਸ੍ਰੀ ਮਾਤਾ ਜੀ ਆਪਣੇ ਅੰਤਰ ਆਤਮੇ ਇਸ ਬਾਣੀ ਦੇ ਤੱਤ ਭਾਵ ਨੂੰ ਅੰਤਰ ਹਿਰਦੇ ਵਿਖੇ ਉਤਾਰੀ ਜਾਣ। ਐਸੀ ਅਚਰਜ ਖੇਡ ਵਰਤੀ ਕਿ ਸਮਗਰ ਬਾਣੀ ਸ੍ਰੀ ਬਾਵਣ ਅਖਰੀ ਜੀ ਦੀ ਗੁਰੂ ਮਹਾਰਾਜ ਦੇ ਮੁੱਖੋਂ ਉਚਾਰਣ ਹੋ ਗਈ ਤੇ ਨਾਲੋ ਨਾਲ ਸ੍ਰੀ ਮਾਤਾ ਜੀ ਦੇ ਕੰਠਹਾਰ ਹੋ ਕੇ ਧਾਰਨ ਹੋ ਗਈ। ਸ੍ਰੀ ਮਾਤਾ ਜੀ ਦਾ ਹਿਰਦਾ ਕੰਵਲ ਅੰਤਰ-ਮਤੀ ਐਸਾ ਜਗਮਗਾ ਉਠਿਆ ਕਿ ਜੜਾਊ ਨੌਲੱਖੇ ਹਾਰ ਦੇ ਪਹਿਨਣ ਦੀ ਅਕਾਖਿਆਂ ਸਾਰੀ ਹੀ ਬਿਬਜਤ ਹੋ ਗਈ। ਐਉਂ ਸੱਚਾ ਹਾਰ ਗੁਰਮਤਿ ਨਾਮ ਪ੍ਰੀਤੀ ਗਹਿਣੇ ਦਾ ਉਰਧਾਰ ਕੇ ਸ੍ਰੀ ਮਾਤਾ ਜੀ ਨੂੰ ਕੂੜਾਵੇ ਨੌਲੱਖੇ ਹਾਰ ਦਾ ਪਹਿਨਨਾ ਉੱਕਾ ਹੀ ਵਿਸਰ ਗਿਆ ਅਤੇ ਨਿਰਾ ਹੀ ਕੂੜਾਵਾ ਪ੍ਰਤੀਤ ਹੋਇਆ।

ਸੋਈ ਭਾਵ ਇਸ ਉਪਰਲੇ ਗੁਰਵਾਕ-

**" ਹਰਿ ਹਰਿ ਹਾਰੁ ਕੰਠਿ ਲੇ ਪਹਿਰੇ "**

ਗੁਰ ਪੰਗਤੀ ਤੋਂ ਹੈ। ਅਨਮਤਣਾਂ ਦੇ ਦੰਦਾਸੇ ਦੇ ਥਾਉਂ ਵਾਹਿਗੁਰੂ (ਦਾਮੋਦਰ) ਦੇ ਸੱਚੇ ਨਾਮ ਗੁਰਮਤਿ ਨਾਮ ਨੂੰ ਮੁਖ ਦੰਤਾਂ ਅੰਦਰ ਧਾਰਨਾ ਹੈ । ਹੋਰ ਆਨਮਤੀ ਕੰਗਨਾਂ ਨੂੰ ਤਿਆਗ ਕੇ ਵਾਹਿਗੁਰੂ ਕਰਤੇ ਪੁਰਖੁ ਦੀ, ਉਸ ਦੇ ਸੱਚੇ ਨਾਮ ਦੀ ਮਾਲਾ ਹੀ ਹਸਤ ਕਮਲਾਂ ਅੰਦਰ ਧਾਰਨੀ ਹੈ ਅਤੇ ਇਸ ਬਿਧ ਚਿਤ ਟਿਕਾਵਨਾ ਹੈ । ਵਾਹਿਗੁਰੂ (ਮਧੁਸੂਦਨ) ਦੇ ਸੱਚੇ ਨਾਮ ਦੀ ਸੁੱਚੀ ਮੁੰਦਰੀ ਪਹਿਨ ਕੇ, ਹੋਛੀਆਂ ਮੁੰਦਰੀਆਂ ਛਾਪਾਂ ਦਾ ਉੱਕਾ ਹੀ ਤਿਆਗ ਕਰਨਾ ਹੈ ਅਤੇ ਸਾਰੇ ਪਾਟ ਪਟੰਬਰੀ ਰੇਸ਼ਮੀ ਬਸਤਰ ਤਿਆਗ ਕੇ ਕੇਵਲ ਵਾਹਿਗੁਰੂ (ਪ੍ਰਮੇਸ਼ਰ) ਦੇ ਨਾਮ ਦੇ ਸੱਚੇ ਸੁੱਚੇ ਸਾਦਗੀ ਵਾਲੇ ਬਸਤਰ ਨੂੰ ਹੀ ਹਰ ਦਮ ਪਹਿਨੀ ਰੱਖਣਾ ਹੈ। ਗੁਰਮਤਿ ਪ੍ਰਮਾਰਥ ਦੀ ਸੱਚੀ ਇਸਤ੍ਰੀ ਲਈ ਕੂੜਾਵੀਆਂ ਕੰਘੀਆਂ ਪੱਟੀਆਂ ਅਣਮਤਣਾਂ ਦੀ ਤਰਾਂ ਮਾਂਗ ਸਵਾਰਨੀਆਂ ਉੱਕੀਆਂ ਹੀ ਬਿਵਰਜਤ ਹਨ। ਇਸ ਮਾਂਗ ਪੱਟੀ ਰੂਪੀ ਥੜ੍ਹੀ ਦੇ ਥਾਉਂ ਵਾਹਿਗੁਰੂ ਨਾਮ ਰੂਪੀ ਧੀਰਜ ਧਾਰੀ ਰਖਣਾ ਹੈ ਅਤੇ ਅੱਖੀਆਂ ਵਿਖੇ ਸੁਰਮੇ ਪਾਉਣ ਦੇ ਥਾਉਂ ਨਾਮ ਰੂਪੀ ਸੁਰਮਾ ਪਾਈ ਰਖਣਾ ਹੈ। ਵਾਹਿਗੁਰੂ ਨਾਮ ਦੀਆਂ ਭਉ ਭਾਉ ਰੂਪੀ ਸੁਰਮੇ ਦੀਆਂ ਸਲਾਈਆਂ ਅੱਖੀਆਂ ਅੰਦਰ ਦੇਈ(ਪਾਈ) ਰੱਖਣੀਆਂ ਹਨ-

**" ਭੈ ਕੀਆ ਦੇਹਿ ਸਲਾਈਆ**
**ਨੈਣੀ ਭਾਵ ਕਾ ਕਰਿ ਸੀਗਾਰੋ"॥**

ਇਸ ਵਿਚ ਸੱਚਾ ਪ੍ਰਮਾਰਥੀ ਸ਼ਿੰਗਾਰ ਕਰਕੇ ਮਨ ਰੂਪੀ ਮੰਦਰ ਵਿਚ, ਜੋਤ ਵਿਗਾਸੀ ਦੀਪਕ ਨੂੰ ਪਰਜੁਅਲਤ ਕਰਨਾ ਹੈ ਅਤੇ ਸਾਰੀ ਕਾਇਆਂ ਰੂਪੀ ਸੇਜੜੀ ਨੂੰ ਜਗ-ਮਗਾਉਣਾਹੈ। ਇਸ ਜੋਤ ਜਗਮਗਾਹਟ ਦੁਆਰਾ ਜੋਤੀਸ਼ਰ ਵਾਹਿਗੁਰੂ ਹਿਰਦੇ ਵਿਖੇ ਜਦੋਂ ਆਇ ਉਤਰਦਾ ਹੈ ਉਦੋਂ ਹੀ ਸੱਚਾ ਆਤਮ ਭੋਗ ਪ੍ਰਮਾਤਮ ਵਿਗਾਸੀ ਭੋਗ ਕਰਾਇਆ ਜਾਂਦਾ ਹੈ।

ਇਸ ਸਾਰੇ ਵਾਕ ਦੇ ਭਾਵ ਤੋਂ ਸਿਧ ਹੋਇਆ ਕਿ ਅਨਮਤੀਆਂ ਵਾਲੇ ਕੂੜੇ ਸ਼ਿੰਗਾਰ ਸਾਰੇ ਹੀ ਤਿਆਗ ਦੇਣੇ ਗੁਰਮਤਿ ਜਗਿਆਸੂ ਲਈ ਲਾਜ਼ਮੀ ਹਨ।

(ਪੁਸਤਕ ' ਗੁਰਮਤਿ ਗੌਰਵਤਾ' ਵਿਚੋਂ)

**ਧ੍ਰਿਗੁ ਜੀਵਣੁ ਸੰਸਾਰ**
**ਸਚੇ ਨਾਮ ਬਿਨੁ ॥**

(ਪੰਨਾ-੯੫੬)



www.AKJ.Org

# ਜੈਸੀ ਸੰਗਤ ਤੈਸੀ ਰੰਗਤ

(ਭਾਈ ਸੇਵਾ ਸਿੰਘ ਜੀ)

(ਗੁਰਮੁਖ ਪਿਆਰੇ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ (ਹੁਸ਼ਿਆਰਪੁਰ) ਦੇ ਡੇਰੇ ਭਾਈ ਸਾਧੂ ਨੂੰ ਅਪੰਗ ਹਾਲਤ ਵਿੱਚ ਲਿਆਂਦਾ ਗਿਆ । ਹੱਥ, ਪੈਰ, ਲੱਤਾਂ, ਸੁਨਣ ਵਾਲੇ ਕੰਨ, ਬੋਲਣ ਵਾਲੀ ਜੀਭ ਆਦਿ ਸਭ ਨਕਾਰਾ ਸਨ। ਬਾਬਾ ਜੀ ਦੀ ਅੰਮ੍ਰਿਤ ਵੇਲੇ ਦੀ ਸੰਗਤ ਅਤੇ ਨਾਮ-ਬਾਣੀ ਦੀ ਕਲਾ ਵਰਤੀ, ਸਰੀਰ ਅਰੋਗ ਹੋਣ ਲੱਗਾ, ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪਿਆ। ਅੰਮ੍ਰਿਤ ਦੀ ਦਾਤਿ ਪ੍ਰਾਪਤ ਕਰ ਕੇ ਸਾਧੂ ਸਿੰਘ ਸੱਚੀ ਕਾਰੇ ਲੱਗ, ਹੱਥੀਂ ਸੇਵਾ ਵਿੱਚ ਜੁੱਟ ਗਿਆ। ਲੋਭ ਲਾਲਚ ਤੇ ਨਿੰਦਾ ਉਸਤਤ ਆਦਿ ਤੋਂ ਬਚਿਆ ਹੋਇਆ ਮਨ ਸ਼ੀਸ਼ੇ ਵਾਂਗ ਨਿਰਮਲ ਸੀ। "ਊਠਤ ਬੈਠਤ ਸੋਵਤ ਨਾਮ" ਦੀ ਕਲਾ ਵਰਤ ਗਈ ਅਤੇ ਅਨਹਤ ਵਾਜੇ ਵੱਜਣ ਲੱਗ ਪਏ ਪਰ ਇਸ ਤੋਂ ਉਲਟ ਐਸੀ ਖੇਡ ਵਰਤੀ ਕਿ ਅਰੋਗ ਸਰੀਰ ਹੋਣ ਤੇ ਭੈਣ ਭਰਾ ਘਰ ਲੈ ਗਏ। ਉਥੇ ਟੈਲੀਵੀਜਨ ਦੀ ਇਕ ਮਹੀਨੇ ਦੀ ਸੰਗਤ ਨੇ ਕੋਰੇ ਮਨ ਤੇ ਐਸਾ ਮਾਰੂ ਪ੍ਰਭਾਵ ਪਾਇਆ ਕਿ ਨਾਮ-ਬਾਣੀ ਦੀ ਵਿਆਪੀ ਸਭ ਕਲਾ ਛੀਨ ਹੋ ਗਈ ਅਤੇ ਦਿਨੇ ਰਾਤ ਟੀ.ਵੀ. ਦੇ ਹੀ ਸੁਪਨੇ ਆਉਣ ਲੱਗ ਪਏ। ਕਈ ਸਾਲ ਬੀਤ ਜਾਣ ਤੇ ਵੀ ਮੁੜ ਪਹਿਲੀ ਦਸ਼ਾ ਬਹਾਲ ਨਹੀਂ ਹੋ ਸਕੀ। ਅੱਜ ਵੀ ਹਰ ਕੋਈ ਇਸ ਗੱਲ ਨੂੰ ਇਸ ਡੇਰੇ ਤੇ ਬਾਬਾ ਸਾਧੂ ਸਿੰਘ ਨੂੰ ਮਿਲ ਕੇ ਪ੍ਰਤੱਖ ਜਾਣ ਸਕਦਾ ਹੈ।

-ਸੰਪਾਦਕ

ਤਕਰੀਬਨ ੧੯੭੦ ਈ: ਦੇ ਨੇੜੇ ਦੀ ਗੱਲ ਹੈ ਕਿ ਇੱਕ ਬੀਬੀ ਜੋਗਿੰਦਰ ਕੌਰ ਬਾਬਾ ਜੀ ਪਾਸ ਆਈ ਤੇ ਬੇਨਤੀ ਕੀਤੀ ਕਿ ਮੇਰਾ ਪੇਕਾ ਪਿੰਡ ਪਹਾੜ ਵਿੱਚ ਰਾਮ ਟਟਵਾਲੀ (ਨਜ਼ਦੀਕ ਢੋਲਵਾਹਾ) ਹੈ ਤੇ ਮੇਰੇ ਸਹੁਰੇ ਪਿੰਡ ਗੌਂਦਪੁਰ ਵਿੱਚ ਹਨ। ਮੇਰਾ ਇੱਕ ਛੋਟਾ ਭਰਾ ਹੈ, ਜਿਸ ਨੂੰ ਨਾਂ ਤਾਂ ਕੰਨਾਂ ਤੋਂ ਸੁਣਦਾ ਹੈ ਤੇ ਨਾ ਹੀ ਉਹ ਚੰਗੀ ਤਰ੍ਹਾਂ ਬੋਲ ਕੇ ਆਪਣੀ ਗੱਲ ਕਿਸੇ ਨੂੰ ਸਮਝਾ ਸਕਦਾ ਹੈ, ਉਸ ਦੀਆਂ ਲੱਤਾਂ ਵੀ ਵਿੰਗੀਆਂ ਹਨ, ਦਰਦਾਂ ਆਦਿ ਦੀ ਤਕਲੀਫ਼ ਕਾਰਨ ਉਹ ਚੰਗੀ ਤਰ੍ਹਾਂ ਚਲ ਵੀ ਨਹੀਂ ਸਕਦਾ, ਉਂਜ ਦਿਮਾਗੀ ਤੌਰ ਤੇ ਵੀ ਸਿੱਧੇ ਸਾਦੇ ਸੁਭਾਅ ਦਾ ਮਾਲਕ ਹੈ। ਜਦੋਂ ਮੈਂ ਘਰ ਵਿੱਚ ਸੀ ਤਾਂ ਉਸ ਦੀ ਥੋੜ੍ਹੀ ਬਹੁਤ ਸੇਵਾ ਮੈਂ ਆਪ ਕਰਦੀ ਸਾਂ। ਮੇਰੇ ਮਾਤਾ ਜੀ ਵੀ ਬਹੁਤੇ ਹੀ ਸਿੱਧੇ ਹਨ, ਮਸਾਂ ਆਪਣੀ ਕਿਰਿਆ ਹੀ ਸਾਂਭ ਸਕਦੇ ਹਨ। ਇੱਕ ਮੈਥੋਂ ਛੋਟਾ ਭਾਈ ਸ਼ੰਕਰ ਸਿੰਘ ਲੁਧਿਆਣੇ ਕਾਰੋਬਾਰ ਕਰਦਾ ਹੈ, ਜਿਸ ਕਾਰਨ ਉਹ ਵੀ ਜਲਦੀ ਨਹੀਂ ਆ ਸਕਦਾ ਤੇ ਸ਼ਹਿਰ ਵਿੱਚ ਇਹੋ ਜਿਹੇ ਸਿੱਧੇ ਸਧਾਰਨ ਬੰਦੇ ਦਾ ਰਹਿਣਾ ਵੀ ਕਠਨ ਹੈ। ਦੂਸਰੇ, ਬਾਬਾ ਜੀ! ਸਭ ਸੰਸਾਰ, ਭਾਵੇਂ ਕੋਈ ਭਰਾ ਹੈ ਜਾਂ ਭੈਣ ਜਾਂ ਕੋਈ ਹੋਰ ਰਿਸ਼ਤੇਦਾਰ, ਸਭ ਚਲਦੀਆਂ ਦੇ ਹੀ ਝਾਲੂ ਹਨ। ਮੈਂ ਕਈਆਂ ਦਿਨਾਂ ਦੀ ਸੋਚ ਉਪ੍ਰੰਤ ਆਪ ਜੀ ਦੇ ਚਰਨਾਂ ਵਿੱਚ ਪੁੱਜੀ ਹਾਂ ਕਿ ਜੇ ਆਪ ਜੀ ਆਗਿਆ ਦੇਵੋ ਤਾਂ ਮੈਂ ਉਸ ਨੂੰ ਆਪ ਜੀ ਪਾਸ ਗੁਰਦੁਆਰੇ ਲੈ ਆਵਾਂ। ਇਥੇ ਆਉਣ ਨਾਲ ਉਹ ਢਿੱਡ ਭਰ ਕੇ ਰੋਟੀ ਤਾਂ ਖਾਏਗਾ। ਮੈਂ ਵੀ ਦੂਜੇ-ਚੌਥੇ ਉਸ ਦੀ ਖ਼ਬਰ- ਸੁਰਤ ਲੈਂਦੀ ਰਹਾਂਗੀ।

ਬਾਬਾ ਜੀ, ਜੋਗਿੰਦਰ ਕੌਰ ਦੀ ਗੱਲ ਸੁਣਕੇ ਪੁੱਛਣ ਲੱਗੇ, " ਬੀਬੀ ਉਸ ਦੀ ਕਿੰਨੀ ਉਮਰ ਹੈ ਤੇ ਉਸਦਾ ਕੀ ਨਾਂ ਹੈ ? " ਬੀਬੀ ਨੇ ਉੱਤਰ ਦਿੱਤਾ, " ਬਾਬਾ ਜੀ, ਉਸ ਦੀ ਉਮਰ ਕੋਈ ਚਾਲ੍ਹੀ ਕੁ ਸਾਲ ਦੀ ਹੈ ਤੇ ਉਸ ਨੂੰ ਸਾਧੂ-ਸਾਧੂ ਕਰ ਕੇ ਆਵਾਜ਼ ਮਾਰਦੀ ਹੈ।" ਆਪ ਜੀ ਬੀਬੀ ਨੂੰ ਕਹਿਣ ਲੱਗੇ, " ਨਾਂ ਤਾਂ ਬੜਾ ਸੋਹਣਾ ਰਖਿਆ ਹੈ, ਦੂਸਰੇ, ਬੀਬੀ ! ਗੁਰੂ ਘਰ ਤਾਂ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਤੇ ਨਿਆਸਰਿਆਂ ਦਾ ਆਸਰਾ ਹੈ; ਜੇ ਇਸ ਘਰ ਵੀ ਬੇਸਹਾਰੇ ਨੂੰ ਸਹਾਰਾ ਨਾ ਮਿਲਿਆ ਤਾਂ ਫਿਰ ਹੋਰ ਕਿਹੜਾ ਦਰ ਹੈ ਜਿੱਥੇ ਕਿਸੇ ਬੇਆਸਰੇ ਨੇ ਆਸਰਾ ਭਾਲਣਾ ਹੈ। ਤੁਸੀਂ ਨਿਸਚਿੰਤ ਹੋ ਕੇ ਉਸ ਨੂੰ ਲੈ ਆਵੋ; ਸਾਡੇ ਪਾਸੋਂ ਜਿੰਨੀ ਸੇਵਾ ਹੋ ਸਕੇਗੀ, ਅਸੀਂ ਕਰਾਂਗੇ।"

ਬਾਬਾ ਜੀ ਦਾ ਇਹ ਬਚਨ ਸੁਣ ਕੇ ਬੀਬੀ ਅਗਲੇ ਦਿਨ ਹੀ ਆਪਣੇ ਪੇਕੇ ਪਿੰਡ ਗਈ ਤੇ ਇੱਕ ਖੱਚਰ ਵਾਲੇ ਰੇੜ੍ਹੇ ਤੇ ਬਿਠਾ ਕੇ ਸਾਧੂ ਸਿੰਘ ਨੂੰ ਲੈ ਆਈ ਤੇ ਬਾਬਾ ਜੀ ਦੇ ਹਵਾਲੇ ਆ ਕੀਤਾ। ਬਾਬਾ ਜੀ ਨੇ ਸਾਧੂ ਸਿੰਘ ਨੂੰ ਸਹਾਰੇ ਨਾਲ ਤੁਰੇ ਆਉਂਦੇ ਨੂੰ ਵੇਖ ਕੇ ਕਿਹਾ, ਕਿ ' ਭਲਿਆ ਲੋਕਾ, ਆ ਗਿਆਂ ? ਉਸ ਨੂੰ ਜਲ ਪਾਣੀ ਪ੍ਰਸ਼ਾਦਾ ਛਕਾਇਆ। ਜਦ ਅੱਠ ਕੁ ਪ੍ਰਸ਼ਾਦੇ ਸਾਧੂ ਸਿੰਘ ਨੇ ਛਕ ਲਏ ਤਾਂ ਭਾਈ ਅਮਰ ਸਿੰਘ ਜੀ, ਜੋ ਲੰਗਰ ਦੀ ਸੇਵਾ ਕਰਦੇ ਸਨ, ਨੇ ਬਾਬਾ ਜੀ ਨੂੰ ਪੁਛਿਆ ਕਿ ਬਾਬਾ ਜੀ ਇਹ ਮਸਤਾਨਾ ਤਾਂ ਪ੍ਰਸ਼ਾਦੇ ਛਕੀ ਹੀ ਜਾ ਰਿਹਾ ਹੈ। ਜਿੰਨੇ ਮੈਂ ਦਿੰਦਾ ਹਾਂ ਉਨੇ ਹੀ ਅੰਦਰ ਸੁੱਟੀ ਜਾਂਦਾ ਹੈ। ਅੱਠ ਪ੍ਰਸ਼ਾਦੇ ਛਕ ਲਏ ਹਨ, ਕਿਤੇ ਬੀਮਾਰ ਹੀ ਨਾ ਹੋ ਜਾਵੇ ? ਬਾਬਾ ਜੀ ਕਹਿਣ ਲੱਗੇ, ਕੋਈ ਗੱਲ ਨਹੀਂ, ਜਿੰਨੇਂ ਮੰਗਦਾ ਹੈ ਦੇਈ ਚੱਲ। ਜੇ ਗੁਰੂ ਘਰ ਆ ਕੇ ਵੀ ਤ੍ਰਿਪਤੀ ਨਾ ਹੋਈ, ਫਿਰ ਕਿਥੇ ਹੋਵੇਗੀ। ਇਕ ਵਾਰੀ ਉਸ ਦੀ ਨਿਸ਼ਾ ਕਰਵਾ ਦੇ, ਮਗਰੋਂ ਜੋ ਹੋਇਆ ਦੇਖ ਲਵਾਂਗੇ । ਖ਼ੈਰ ਭਾਈ ਸਾਧੂ ਨੇ



www.AKJ.Org

ਚਾਰ ਕੁ ਹੋਰ ਪ੍ਰਸ਼ਾਦੇ ਛਕ ਕੇ ਹੱਥ ਖੜੇ ਕਰ ਦਿੱਤੇ ਤੇ ਬਹੁਤ ਪ੍ਰਸੰਨ ਹੋਇਆ।

ਭਾਈ ਸਾਧੂ ਦੀ ਭੈਣ ਥੋੜ੍ਹਾ ਚਿਰ ਬੈਠ ਕੇ ਆਪਣੇ ਪਿੰਡ ਚਲੀ ਗਈ। ਬਾਬਾ ਜੀ ਨੇ ਹਰ ਰੋਜ਼ ਨਿਤਨੇਮ ਵੇਲੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਸਮੇਂ ਉਚੇਚਾ ਸਿੰਘ ਨੂੰ ਭੇਜ ਕੇ ਭਾਈ ਸਾਧੂ ਨੂੰ ਕੋਲ ਬਿਠਾ ਲੈਣਾ, ਉਸ ਨੂੰ ਪਾਠ ਸੁਣੇ ਜਾਂ ਨਾ, ਉਨਾ ਚਿਰ ਇਸ ਨੇ ਕੋਲ ਬੈਠੇ ਰਹਿਣਾ। ਕੁਝ ਦਿਨਾਂ ਬਾਅਦ ਬਾਬਾ ਜੀ ਨੇ ਉਸ ਨੂੰ ਆਪਣੇ ਪਾਸੋਂ ਇੱਕ ਮਾਲਾ ਦੇ ਦਿੱਤੀ ਤੇ ਕੰਨ ਵਿੱਚ ਜ਼ੋਰ ਨਾਲ ਕਿਹਾ ਕਿ ਸਾਧੂ, ਜਿੰਨਾ ਚਿਰ ਪਾਠ ਸਮੇਂ ਸਾਡੇ ਕੋਲ ਬੈਠਦਾ ਹੈਂ, ਵਾਹਿਗੁਰੂ ਵਾਹਿਗੁਰੂ ਕਰੀ ਜਾਇਆ ਕਰ ਤੇ ਮਾਲਾ ਦਾ ਮਣਕਾ ਫੇਰਨ ਦਾ ਢੰਗ ਵੀ ਦੱਸ ਦਿੱਤਾ ਕਿ ਵਾਹਿਗੁਰੂ ਕਹਿ ਕੇ ਅਗਲਾ ਮਣਕਾ ਫੜ ਲਿਆ ਕਰ ਤੇ ਮੁੜ ਪੁੱਛਿਆ ਕਿ ਪਤਾ ਲੱਗ ਗਿਆ ਹੈ? ਸਾਧੂ ਨੇ ਸਿਰ ਹਿਲਾ ਕੇ 'ਹਾਂ' ਵਿੱਚ ਉੱਤਰ ਦਿੱਤਾ। ਬਾਬਾ ਜੀ ਨੇ ਕਿਹਾ ਕਿ ਕਰ ਕੇ ਦੱਸ, ਕਿੱਦਾਂ ਵਾਹਿਗੁਰੂ ਕਰੇਂਗਾ। ਭਾਈ ਸਾਧੂ ਨੇ ਵਾ-ਦੂ ਵਾ-ਦੂ ਕਹਿੰਦੇ ਹੋਏ ਸਾਰੀ ਮਾਲਾ ਫੇਰ ਲਈ। ਬਾਬਾ ਜੀ ਸਾਧੂ ਦੇ ਵਾ-ਦੂ, ਵਾ-ਦੂ ਉਚਾਰਨ ਨੂੰ ਸੁਣ ਕੇ ਬੜੇ ਪ੍ਰਸੰਨ ਹੋਏ ਤੇ ਕਹਿਣ ਲੱਗੇ, ਬੱਸ ਗੱਲ ਬਣ ਗਈ ਹੈ ਤੇ ਮੁੜ ਕੰਨ ਵਿੱਚ ਕਿਹਾ ਕਿ ਸਾਰਾ ਦਿਨ ਇਹ ਮਾਲਾ ਫੇਰੀ ਜਾਇਆ ਕਰ ਤੇ ਵਾਹਿਗੁਰੂ-ਵਾਹਿਗੁਰੂ ਕਰੀ ਜਾਇਆ ਕਰ।

ਤਿੰਨ ਚਾਰ ਮਹੀਨੇ ਵਿੱਚ ਹੀ ਭਾਈ ਸਾਧੂ ਦੀ ਭੁੱਖ ਵੀ ਠੀਕ ਹੋ ਗਈ ਤੇ ਤੁਰਨ ਫਿਰਨ ਵੀ ਆਪੇ ਲਗ ਪਿਆ। ਜੋ ਬਹੁਤਾ ਉੱਚੀ ਸੁਣਦਾ ਸੀ, ਬੋਲਾਪਨ ਵੀ ਘਟਣਾ ਸ਼ੁਰੂ ਹੋ ਗਿਆ। ਪਹਿਲਾਂ ਨਾਲੋਂ ਗੱਲਾਂ ਵੀ ਸਾਫ਼ ਕਰਨ ਲੱਗ ਪਿਆ। ਭਾਈ ਸਾਧੂ ਜਿੱਥੇ ਪਹਿਲਾਂ ਵਾ-ਦੂ, ਵਾ-ਦੂ ਕਹਿੰਦਾ ਸੀ, ਹੁਣ ਥੋੜ੍ਹੇ ਜਿਹੇ ਫ਼ਰਕ ਨਾਲ ਵਾਹਿਗੁਰੂ ਕਹਿਣ ਲੱਗ ਪਿਆ ਤੇ ਜਦੋਂ ਚਿੱਤ ਮੰਨੇ, ਰੰਬੇ ਨਾਲ ਘਾਹ ਖੋਤਣ ਲੱਗ ਜਾਵੇ, ਝਾੜੂ ਦੇਣ ਲੱਗ ਜਾਵੇ। ਗੁਰੂ ਪਾਤਸ਼ਾਹ ਨੇ ਐਸੀ ਮੇਹਰ ਕੀਤੀ, ਛੇ ਕੁ ਮਹੀਨੇ ਵਿੱਚ ਹੀ ਆਮ ਤਕੜੇ ਆਦਮੀ ਵਾਂਗ ਕਹੀ ਨਾਲ ਗੋਡੀ ਕਰਨ ਲਗ ਪਿਆ ਤੇ ਜੇ ਕੋਈ ਮੰਜਾ ਟੁੱਟ ਭੱਜ ਜਾਵੇ ਤਾਂ ਉਸ ਦੀ ਜੂਲ੍ਹ ਠੋਕ ਦੇਣੀ ਕਿਉਂਕਿ ਮਿਸਤ੍ਰੀਆਂ ਦੇ ਘਰ ਦਾ ਜਨਮ ਸੀ, ਦੇਖਾ ਦੇਖੀ ਥੋੜ੍ਹਾ ਕੰਮ ਕਰਨਾ ਸਿੱਖ ਚੁੱਕਾ ਸੀ। ਕੰਮ ਕਰਦੇ ਵੀ ਵਾਹਿਗੁਰੂ ਵਾਹਿਗੁਰੂ ਕਹਿੰਦਾ ਰਹੇ। ਬਾਹਰੋਂ ਕੰਨਾਂ ਰਾਹੀਂ ਕੋਈ ਮਾੜੀ ਚੰਗੀ ਗੱਲ ਨਾ ਸੁਨਣੀ, ਸਰੀਰ ਨਾਲ ਨਿਸ਼ਕਾਮ ਹੋ ਕੇ ਸੇਵਾ ਕਰੀ ਜਾਣੀ, ਰਸਨਾ ਨਾਲ ਨਾਮ ਜਪੀ ਜਾਣਾ। ਐਸੀ ਲਗਨ ਲੱਗੀ ਕਿ ਸਵੇਰੇ ਹੀ ਪ੍ਰਸ਼ਾਦਾ ਛਕ ਕੇ ਕਹੀ, ਰੰਬਾ, ਦਾਤਰੀ ਲੈ ਗੁਰਦੁਆਰੇ ਦੇ ਆਲੇ ਦੁਆਲੇ ਦੇ ਨਾਲ ਦੇ ਖੇਤ ਵਿੱਚ ਸਬਜ਼ੀ ਗੋਡਣੀ, ਘਾਹ ਖੋਤਣ ਦੀ ਸੇਵਾ ਕਰਦੇ ਰਹਿਣਾ। ਜਦੋਂ ਭੁੱਖ ਲਗਣੀ, ਆ ਕੇ ਪ੍ਰਸ਼ਾਦਾ ਛਕ ਜਾਣਾ ਤੇ ਸਾਰਾ ਦਿਨ ਸੇਵਾ ਕਰਦਿਆਂ ਬਤੀਤ ਕਰਨਾ ਤੇ ਕੰਮ ਕਰਦੇ ਵੀ ਵਾਹਿਗੁਰੂ ਗੁਰ-ਮੰਤ੍ਰ ਦਾ ਜਾਪ ਜੋ ਬਾਬਾ ਜੀ ਨੇ ਦੱਸਿਆ ਸੀ, ਕਰਦੇ ਰਹਿਣਾ ਤੇ ਸਵੇਰੇ ਸ਼ਾਮ ਨਿਤਨੇਮ ਭਾਵੇਂ ਸੁਣੇ ਜਾਂ ਨਾ, ਨੇਮ ਨਾਲ ਪੂਰੀ ਹਾਜ਼ਰੀ ਭਰਨੀ। ਬਾਬਾ ਜੀ ਨੇ ਭਾਈ ਸਾਧੂ ਦੀ ਸੇਵਾ- ਲਗਨ ਵੇਖ ਕੇ ਦੂਸਰੇ ਸਾਲ ਉਸ ਨੂੰ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤਿ ਬਖ਼ਸ਼ਿਸ਼ ਕਰਵਾ ਦਿੱਤੀ ਤੇ ਭਾਈ ਸਾਧੂ, ਹੁਣ ਸਾਧੂ ਸਿੰਘ ਬਣ ਗਿਆ। ਭਾਈ ਸਾਧੂ ਸਿੰਘ, ਜੋ ਬੇਸਹਾਰਾ ਸੀ, ਗੁਰੂ ਦਾ ਆਸਰਾ ਲੈ ਕੇ ਗੁਰਬਾਣੀ ਤੇ ਸੇਵਾ ਸਿਮਰਨ ਦੀ ਬਰਕਤ ਨਾਲ ਆਪਣੇ ਆਸ਼ਰਤ ਹੋ ਗਿਆ। ਕੇਵਲ ਆਪਣੇ ਆਸ਼ਰਤ ਹੀ ਨਹੀਂ, ਸੇਵਾ ਕਰ ਕੇ ਹੋਰ ਕਈਆਂ ਨੂੰ ਸੁੱਖ ਪਹੁੰਚਾਉਂਦਾ। ਖੇਤਾਂ ਵਿੱਚ ਸਬਜ਼ੀ ਲਗਾ ਕੇ ਉਸ ਦੀ ਪੂਰੀ ਸਾਂਭ ਸੰਭਾਲ ਕਰਦਾ ਤੇ ਲੰਗਰ ਵਿੱਚ ਸਮੇਂ ਦੀ ਸਬਜ਼ੀ ਦੀ ਤੋਟ ਨਾ ਆਉਣ ਦਿੰਦਾ।

ਅੰਮ੍ਰਿਤ ਛਕਣ ਉਪ੍ਰੰਤ ਸਤਿਗੁਰੂ ਜੀ ਨੇ ਹੋਰ ਬਖ਼ਸ਼ਿਸ਼ ਕਰ ਦਿੱਤੀ, ਜਿਥੇ ਦਿਨੇ ਕੰਮ ਕਾਰ ਕਰਦਿਆਂ ਗੁਰ-ਮੰਤ੍ਰ ਦਾ ਜਾਪ ਕਰਦਾ ਰਹਿੰਦਾ ਸੀ, ਹੁਣ ਰਾਤ ਨੂੰ ਘੂਕ ਸੁੱਤਾ ਪਿਆ ਵੀ ਜ਼ਬਾਨ ਨਾਲ ਉੱਚੀ ਉੱਚੀ ਵਾਹਿਗੁਰੂ ਵਾਹਿਗੁਰੂ ਕਰਨ ਲੱਗ ਪਿਆ। ਕਈ ਵਾਰੀ ਅਸੀਂ ਇੱਕਠੇ ਹੋ ਕੇ ਉਸ ਦੇ ਮੰਜੇ ਲਾਗੇ ੧੫-੨੦ ਮਿੰਟ ਲਗਾਤਾਰ ਖਲੋ ਸਿਮਰਨ ਆਪ ਕੰਨੀਂ ਸੁਣਿਆ । ਤਕਰੀਬਨ ਸੌਣ ਲਗੇ ਉਸ ਨੇ ਮਾਲਾ ਨਾਲ ਵਾਹਿਗੁਰੂ ਦਾ ਸਿਮਰਨ ਕਰਨਾ ਤੇ ਕਰਦੇ ਕਰਦੇ ਜਦੋਂ ਨੀਂਦ ਆ ਜਾਣੀ ਤਾਂ ਸੁੱਤੇ ਹੀ ਉੱਚੀ ਉੱਚੀ ਜਾਗਦਿਆਂ ਦੀ ਤਰ੍ਹਾਂ ਸਿਮਰਨ ਕਰੀ ਜਾਣਾ ।ਅਸੀਂ ਬਾਬਾ ਜੀ ਨੂੰ ਦੱਸਿਆ ਕਿ ਸਾਧੂ ਸਿੰਘ ਇਸ ਤਰ੍ਹਾਂ ਕਿੰਨਾ ਕਿੰਨਾ ਚਿਰ ਸੁੱਤਾ ਪਿਆ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰਦਾ ਰਹਿੰਦਾ ਹੈ। ਬਾਬਾ ਜੀ ਨੇ ਵੀ ਆਪ ਉਸ ਦੇ ਕੋਲ ਜਾ ਕੇ ਸਿਮਰਨ ਕਰਦੇ ਨੂੰ ਵੇਖਿਆ ਤੇ ਸਾਨੂੰ ਵੀ ਪ੍ਰੇਰਨਾ ਦਿੱਤੀ ਕਿ ਇਹ ਸੱਚੇ ਦਿਲੋਂ ਨਿਸ਼ਕਾਮਤਾ



www.AKJ.Org

ਨਾਲ ਪਰਮੇਸ਼ਰ ਵੱਲ ਲੱਗਣ ਦਾ ਫਲ ਹੈ, ਕਿਉਂਕਿ ਇਹ ਦਿਨੇ ਬਿਨਾਂ ਕਿਸੇ ਲੋਭ ਲਾਲਚ ਤੋਂ ਸੇਵਾ ਕਰਦਾ ਹੈ ਤੇ ਨਾਲ ਰਸਨਾ ਨਾਲ ਸਿਮਰਨ ਕਰਦਾ ਹੈ। ਸਵੇਰੇ ਸ਼ਾਮ ਨਿਤਨੇਮ ਦੀ ਹਾਜ਼ਰੀ ਵੀ ਪੂਰੀ ਭਰਦਾ ਹੈ। ਬਾਹਰੋਂ ਕੰਨਾਂ ਰਾਹੀਂ ਕਿਸੇ ਦੀ ਨਿੰਦਿਆ ਚੁਗਲੀ ਨਹੀਂ ਸੁਣਦਾ ਤੇ ਨਾ ਹੀ ਕਿਸੇ ਦੀ ਮਾੜੀ ਚੰਗੀ ਗੱਲ ਵਿੱਚ ਕਿਸੇ ਤਰੀਕੇ ਦਖ਼ਲ ਦਿੰਦਾ ਹੈ। ਇੱਕੋ ਲਗਨ ਜੋ ਸਿਧੇ ਜਿਹੇ ਮਨ ਵਿੱਚ ਘਰ ਕਰ ਗਈ ਹੈ, ਉਸ ਦਾ ਹੀ ਇਹ ਫਲ ਹੈ। ਇਸ ਦੇ ਮਨ ਵਿੱਚ ਇਹ ਸ਼ੰਕਾ ਨਹੀਂ ਕਿ ਸਿਮਰਨ ਕਿਉਂ ਕਰਨਾ ਹੈ? ਕਾਹਦੇ ਲਈ ਕਰਨਾ ਹੈ? ਇਸ ਦਾ ਕੀ ਫਲ ਮਿਲੇਗਾ? ਬੱਸ ਕਹਿ ਦਿੱਤਾ ਕਿ ਵਾਹਿਗੁਰੂ ਵਾਹਿਗੁਰੂ ਕਹਿਣਾ ਹੈ, ਤੇਰਾ ਇਸੇ ਵਿਚ ਹੀ ਭਲਾ ਹੈ। ਉਸ ਕਹੇ ਬਚਨ ਨੂੰ ਬਿਨਾਂ ਹੀਲ-ਹੁੱਜਤ ਘੁੱਟ ਕੇ ਮਨ ਵਿੱਚ ਵਸਾ ਲਿਆ, ਜਿਸ ਦਾ ਫਲ ਤੁਸੀਂ ਸਾਹਮਣੇ ਦੇਖ ਸੁਣ ਰਹੇ ਹੋ। ਹੁਣ ਕੋਈ ਕਸਰ ਤਾਂ ਨਹੀਂ ? ਜੋ ਗੁਰੂ ਮਹਾਰਾਜ ਜੀ ਨੇ ਹੁਕਮ ਕੀਤਾ ਹੈ ਕਿ —

**ਊਠਤ ਬੈਠਤ ਸੋਵਤ ਧਿਆਈਐ।।**
**ਮਾਰਗਿ ਚਲਤ ਹਰੇ ਹਰਿ ਗਾਈਐ।।੧।।**

(ਆਸਾ ਮ: ੫, ਪੰਨਾ–੩੮੬)

**ਤਥਾ– ਊਠਤ ਬੈਠਤ ਸੋਵਤ ਨਾਮ।।**
**ਕਹੁ ਨਾਨਕ ਜਨ ਕੈ ਸਦ ਕਾਮ।।੬।।**

(ਗਉੜੀ ਸੁਖਮਨੀ ਮ: ੫, ਪੰਨਾ–੨੮੬)

ਕਈ ਪ੍ਰੇਮੀ ਕਿੰਤੂ ਕਰਦੇ ਹਨ ਕਿ ਸੁੱਤੇ ਪਏ ਨੀਂਦ ਵਿੱਚ ਗੜੂੰਦ, ਕਿਵੇਂ ਸਿਮਰਨ ਹੋ ਸਕਦਾ ਹੈ। ਸੋ ਤੁਸੀਂ ਵੇਖ ਲਵੋ, ਸਾਧੂ ਸਿੰਘ ਨੀਂਦ ਵਿੱਚ ਵੀ ਸਰੀਰ ਕਰਕੇ ਸੁੱਤਾ ਪਿਆ ਹੈ ਤੇ ਰਸਨਾ ਨਾਲ ਸਿਮਰਨ ਵੀ ਕਰ ਰਿਹਾ ਹੈ। ਹੁਣ ਪਰੱਤਖ ਨੂੰ ਹੋਰ ਪ੍ਰਮਾਣ ਦੇਣ ਦੀ ਲੋੜ ਨਹੀਂ ਹੈ। ਜੇ ਇਹ ਇਸੇ ਤਰਾਂ ਲੱਗਾ ਰਿਹਾ, ਹੋਰ ਕਿਸੇ ਪਾਸੇ ਬਿਰਤੀ ਨਾ ਗਈ ਤਾਂ ਸਮਝੋ ਕਿ ਜੀਵਨ ਦੀ ਬਾਜ਼ੀ ਜਿੱਤ ਗਿਆ ।

ਨਾਮ-ਸਿਮਰਨ ਦੀ ਬਰਕਤ ਨਾਲ ਸਾਰਾ ਸਰੀਰ ਅਰੋਗ ਹੋ ਗਿਆ। ਜ਼ਬਾਨ ਵੀ ਚਲ ਪਈ, ਕੰਨਾਂ ਨਾਲ ਜੋ ਬਹੁਤ ਉੱਚੀ ਸੁਣਦਾ ਸੀ, ਉਹ ਵੀ ਹੁਣ ਥੋੜਾ ਉੱਚੀ ਬੋਲਣ ਨਾਲ ਪੂਰਾ ਸਮਝਣ ਲੱਗ ਪਿਆ। ਸਮਾਂ ਬੀਤਦਾ ਗਿਆ, ਸਾਧੂ ਸਿੰਘ ਵੀ ਸੇਵਾ-ਸਿਮਰਨ ਦੀ ਕਾਰ ਵਿੱਚ ਲੱਗਾ ਰਿਹਾ। ਨਾਮ ਨੇ ਹੋਰ ਆਪਣਾ ਰੰਗ ਚਾੜ੍ਹਿਆ, ਅੰਦਰ ਅਨਹਦ ਸ਼ਬਦ ਵੀ ਸੁਣਨ ਲੱਗ ਪਏ । ਕਈ ਵਾਰੀ ਸੁੱਤਾ ਪਿਆ ਸਿਮਰਨ ਕਰਦਾ ਉੱਠ ਪਵੇ, ਬਾਬਾ ਜੀ ਪਾਸ ਜਾ ਕੇ ਉਹਨਾਂ ਨੂੰ ਪੁੱਛੇ ਕਿ ਇਹ ਵਾਜੇ ਕਿੱਥੇ ਵੱਜਦੇ ਹਨ? ਬਾਬਾ ਜੀ ਨੇ ਹੱਸ ਕੇ ਉਸ ਨੂੰ ਕਹਿਣਾ ਕਿ ਤੂੰ ਵਾਹਿਗੁਰੂ ਵਾਹਿਗੁਰੂ ਕਰੀ ਜਾ ਤੇ ਵੱਜਦੇ ਵਾਜਿਆਂ ਨੂੰ ਸੁਣੀ ਜਾਹ। ਕਈ ਵਾਰੀ ਉਸ ਨੇ ਰਾਤ ਸਮੇਂ ਗੁਰਦੁਆਰੇ ਦੀ ਛੱਤ ਤੇ ਚੜ੍ਹ ਕੇ ਵੇਖਣ ਦਾ ਯਤਨ ਕਰਨਾ ਕਿ ਇਹ ਵਾਜੇ ਵੱਜਣ ਦੀ ਆਵਾਜ਼ ਕਿਥੋਂ ਆਉਂਦੀ ਹੈ। ਘੁੰਮ ਫਿਰ ਕੇ ਮੁੜ ਮੰਜੇ ਤੇ ਆ ਜਾਣਾ। ਜਦੋਂ ਰਾਤ ਉੱਠ ਕੇ ਤੁਰਦੇ ਫਿਰਦੇ ਨੂੰ ਅਸੀਂ ਪੁੱਛਣਾ ਕਿ ਤੈਨੂੰ ਕੀ ਹੁੰਦਾ ਹੈ ਤਾਂ ਉਸ ਨੇ ਦੱਸਣਾ ਕਿ ਆਹ ਵੇਖੋ ਕਿੰਨੀ ਜ਼ੋਰ ਦੀ ਵਾਜੇ ਵੱਜਦੇ ਹਨ ਤੇ ਨਾਲ ਹੀ ਕੋਈ ਵਾਹਿਗੁਰੂ ਵਾਹਿਗੁਰੂ ਕਹੀ ਜਾਂਦਾ ਹੈ। ਸਾਨੂੰ ਪੁੱਛਣਾ ਕਿ ਵਾਜੇ ਤੁਹਾਨੂੰ ਨਹੀਂ ਸੁਣਦੇ? ਜਦੋਂ ਅਸੀਂ ਕਹਿਣਾ ਕਿ ਸਾਨੂੰ ਤਾਂ ਸੁਣਦੇ ਨਹੀਂ, ਉਸ ਨੇ ਕਹਿਣਾ ਕਿ ਆਹ ਤਾਂ ਕਿੰਨੀ ਉੱਚੀ ਵੱਜਦੇ ਹਨ ਤੇ ਨਾਲ ਹੀ ਇਹ ਵੀ ਮਿੱਠਾ ਰੋਸਾ ਕਰਨਾ ਕਿ ਇਹ ਮੈਨੂੰ ਰਾਤ ਨੂੰ ਵੀ ਸੌਣ ਨਹੀਂ ਦਿੰਦੇ। । ਮੈਂ ਜੰਗਲ-ਪਾਣੀ ਵੀ ਜਾਂਦਾ ਹਾਂ ਤਾਂ ਵੀ ਮੇਰੇ ਨਾਲ ਹੀ ਕੋਈ ਉੱਚੀ ਉੱਚੀ ਵਾਹਿਗੁਰੂ ਵਾਹਿਗੁਰੂ ਕਹੀ ਜਾਂਦਾ ਹੈ ਤੇ ਹਟਦਾ ਹੀ ਨਹੀਂ। ਉਸ ਵੇਲੇ ਬਾਬਾ ਕਬੀਰ ਜੀ ਦਾ ਉਚਾਰਨ ਕੀਤਾ ਸਲੋਕ ਯਾਦ ਆਉਣਾ:

**ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ।। ੧੮੧।।**

(ਪੰਨਾ-੧੩੭੪)

ਵਾਲੀ ਗੱਲ ਯਾਂਦ ਆਉਣੀ ਤੇ ਨਾਲ ਹੀ ਦੂਸਰਾ ਸਲੋਕ ਵੀ ਯਾਦ ਆ ਜਾਣਾ ਕਿ ਦੇਖੋ ਸਾਧੂ ਸਿੰਘ ਤੇ ਗੁਰੂ ਪਾਤਸ਼ਾਹ ਦੀ ਕਿੰਨੀ ਵੱਡੀ ਬਖਸ਼ਿਸ਼ ਹੈ, ਪਰ —

**" ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ।। "**

(ਪੰਨਾ-੧੩੭੪)

ਇਸ ਅਵਸਥਾ ਦੀ ਪ੍ਰਾਪਤੀ ਲਈ ਤਾਂ ਬੜੀਆਂ ਘਾਲਣਾ ਘਾਲਣੀਆਂ ਪੈਂਦੀਆਂ ਹਨ, ਪਰ ਪੂਰੀ ਕਦਰ ਨਾ ਹੋਣ ਕਾਰਨ ਸਾਧੂ ਸਿੰਘ ਨੂੰ ਇਹ ਗੁਰਮੰਤ੍ਰ ਦੀ ਧੁਨੀ ਤੇ ਅਨਹਦ ਸ਼ਬਦ ਉਹ ਸੁੱਖ ਨਹੀਂ ਦੇ ਰਹੇ। ਸਮਾਂ ਪਾ ਕੇ ਵਾਕ-ਸਿੱਧੀ ਵੀ ਹੋਣ ਲੱਗ ਪਈ। ਸੁਤੇ ਸਿੱਧ ਕਿਸੇ ਨੇ ਸਾਧੂ ਸਿੰਘ ਨੂੰ ਕੋਈ ਲੀੜਾ ਕੱਪੜਾ ਜਾਂ ਕੋਈ ਮਨ-ਭਾਉਂਦੀ ਵਸਤੂ ਖੁਆ ਦੇਣੀ, ਖ਼ੁਸ਼ੀ ਵਿੱਚ ਆ ਕੇ ਜੇ ਸਾਧੂ ਸਿੰਘ ਨੇ ਮੂੰਹਤੋਂ ਕੋਈ ਗੱਲ ਕਹਿ ਦੇਣੀ ਤਾਂ ਉਹ ਪੂਰੀ ਹੋ ਜਾਣੀ, ਇਸ ਤਰ੍ਹਾਂ ਦੀ ਅਵਸਥਾ ਬਣ ਗਈ।

ਸਮਾਂ ਚਲਦਾ ਗਿਆ। ਸਾਧੂ ਸਿੰਘ ਦਾ ਭਰਾ ਵੀ ਇਸ ਦੀ ਸਿਹਤ ਠੀਕ ਵੇਖ ਕੇ ਮਿਲਣ ਆਉਣ ਲੱਗ ਪਿਆ। ਬਾਬਾ ਜੀ ਨੂੰ ਪੁੱਛ ਕੇ ਕਈ ਵਾਰੀ ਚਾਰ-ਪੰਜ ਦਿਨ



www.AKJ.Org

ਲਈ ਸਾਧੂ ਸਿੰਘ ਨੂੰ ਲੁਧਿਆਣੇ ਆਪਣੇ ਪਾਸ ਲੈ ਜਾਣਾ, ਉਥੇ ਇਸ ਨੇ ਘਰ ਬੈਠੇ ਰਹਿਣਾ। ਇਸ ਦੇ ਮਨ-ਪਰਚਾਵੇ ਲਈ ਘਰਦਿਆਂ ਨੇ ਟੈਲੀਵੀਜ਼ਨ ਲਾ ਦੇਣਾ। ਇਸ ਨੇ ਸਾਰਾ ਦਿਨ ਟੈਲੀਵੀਜ਼ਨ ਦੇਖੀ ਜਾਣਾ। ਹਫਤੇ ਬਾਅਦ ਜਦੋਂ ਇਸ ਨੂੰ ਲਿਆਉਣਾ ਜਾਂ ਉਹਨਾਂ ਨੇ ਛੱਡ ਜਾਣਾ ਤਾਂ ਇਸ ਨੇ ਮਹੀਨਾ ਭਰ ਉਹ ਵੇਖੇ ਹੋਏ ਟੈਲੀਵੀਜ਼ਨ ਦੀਆਂ ਹੀ ਗੱਲਾਂ ਕਰੀ ਜਾਣੀਆਂ। ਭਾਵੇਂ ਟੈਲੀਵੀਜ਼ਨ ਦੀ ਅਵਾਜ਼ ਤਾਂ ਪੂਰੀ ਨਹੀਂ ਸੁਣਦੀ ਸੀ । ਜੋ ਹਫ਼ਤਾ ਭਰ ਇਸ ਨੇ ਟੈਲੀਵੀਜ਼ਨ ਤੇ ਵੇਖਣਾ, ਉਹ ਸਾਰਾ ਦੱਸਣਾ ਕਿ ਉਥੇ ਮੇਰੇ ਭਰਾ ਦੇ ਘਰ ਵਿੱਚ ਟਰਾਲੀ* ਹੈ, ਉਹਦੇ ਵਿਚ ਹੀ ਪਾਣੀ ਵੱਗਦਾ ਹੈ, ਲੋਕ ਖੇਤ ਵਾਹੁੰਦੇ ਹਨ, ਬੁੱਢੀਆਂ ਨੱਚਦੀਆਂ ਹਨ, ਵਿਚੋ ਮੀਂਹ ਪੈਣ ਲੱਗ ਪੈਂਦਾ ਹੈ ਅਤੇ ਵਿੱਚ ਹੀ ਲੜਾਈਆਂ ਹੋਣ ਲੱਗ ਪੈਂਦੀਆਂ ਹਨ। ਉਹਦੇ ਵਿੱਚ ਹੀ ਕਈ ਵਾਰੀ ਗੁਰਦੁਆਰਾ ਆ ਜਾਂਦਾ ਹੈ, ਇਤਿਆਦਿ ਗੱਲਾਂ ਸੁਣਾਉਣੀਆਂ। ਭਾਵ ਪੰਜ-ਸੱਤ ਦਿਨ ਦਾ ਟੈਲੀਵੀਜ਼ਨ ਵੇਖਿਆ ਹੋਇਆ ਮਹੀਨਾ-ਡੇਢ ਮਹੀਨਾ ਮਨ ਵਿਚ ਵਸਿਆ ਰਹਿਣਾ। ਬਾਬਾ ਜੀ ਨੇ ਵੀ ਬਥੇਰਾ ਮਨ੍ਹਾ ਕਰਨਾ ਕਿ ਇਹ ਨਹੀਂ ਵੇਖੀਦਾ, ਇਹ ਮਾੜਾ ਹੁੰਦਾ ਹੈ। ਅਗੋਂ ਸਾਧੂ ਸਿੰਘ ਨੇ ਉੱਤਰ ਦੇਣਾ ਕਿ ਇਹ ਕਿਉਂ ਮਾੜਾ ਹੁੰਦਾ ਹੈ? ਬਾਬਾ ਜੀ ਨੇ ਕਹਿਣਾ ਕਿ ਸਿੱਖ ਟੈਲੀਵੀਜ਼ਨ ਨਹੀਂ ਵੇਖਦੇ ਹੁੰਦੇ, ਗੁਰੂ ਮਹਾਰਾਜ ਜੀ ਗੁੱਸੇ ਹੁੰਦੇ ਹਨ। ਅੱਛਾ ਕਹਿ ਦੇਣਾ, ਪਰ ਦਿਨੇ ਗੱਲਾਂ ਟੈਲੀਵੀਜ਼ਨ ਦੀਆਂ ਹੀ ਕਰਨੀਆਂ. ਬਾਬਾ ਜੀ ਨੇ ਸਾਨੂੰ ਸਮਝਾਉਣ ਲਈ ਦੱਸਣਾ ਕਿ ਵੇਖੋ ਅਜੇ ਇਸ ਨੇ ਅੱਖਾਂ ਨਾਲ ਵੇਖਿਆ ਹੀ ਹੈ, ਇਹਦੀ ਬਿਰਤੀ ਵਿੱਚ ਕਿੰਨਾ ਖਿੰਡਾਉ ਆ ਗਿਆ ਹੈ, ਜੇ ਕਿਤੇ ਇਸ ਨੂੰ ਕੰਨਾਂ ਰਾਹੀਂ ਸੁਣਦਾ ਹੋਵੇ, ਫਿਰ ਇਸ ਦਾ ਕੀ ਹਾਲ ਹੋਵੇ।

ਸਮਾਂ ਪਾ ਕੇ ਬਾਬਾ ਜੀ, '**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗ ਪਾਨੀ ।।**' ਤਥਾ '**ਪਵਨੈ ਮਹਿ ਪਵਨੁ ਸਮਾਇਆ।। ਜੋਤੀ ਮਹਿ ਜੋਤਿ ਰਲਿ ਜਾਇਆ।।** (ਪੰਨਾ ੮੮੫) **ਅਨੁਸਾਰ ਪੰਜ-ਭੂਤਕ ਸਰੀਰ ਤਿਆਗ ਕੇ ਪ੍ਰਭੁ-ਚਰਨਾਂ ਵਿਚ ਜਾ ਬਿਰਾਜੇ। ਬਾਬਾ ਜੀ ਦੇ ਸਰੀਰ ਸਮੇਂ ਜਿਵੇਂ ਸਾਧੂ ਸਿੰਘ ਸੇਵਾ ਕਰਦਾ ਸੀ, ਉਸੇ ਤਰ੍ਹਾਂ ਸੇਵਾ ਸਿਮਰਨ ਨਿਰੰਤਰ ਕਰਦਾ ਰਿਹਾ. ਰਾਤ ਨੂੰ ਸੁੱਤਿਆਂ ਵੀ ਸਿਮਰਨ ਕਰਦਾ ਰਹਿੰਦਾ। ਮੈਂ ਇਕੱਲੇ ਨੇ ਹੀ ਨਹੀਂ, ਤਕਰੀਬਨ ਗੁਰਦੁਆਰਾ ਸਾਹਿਬ ਰਹਿਣ ਵਾਲੇ ਸਿੰਘ ਹਰ ਰੋਜ਼ ਹੀ ਸ਼ਾਮ ਨੂੰ ਜਦੋਂ ਸਾਧੂ ਸਿੰਘ ਸੌਂ ਜਾਂਦਾ, ਇਹਦੇ ਮੰਜੇ ਕੋਲ ਖਲੋ ਕੇ ਸੁੱਤੇ ਪਏ ਦਾ, ਸਿਮਰਨ ਹੁੰਦਾ ਸੁਣਦੇ।**

ਪਰਮੇਸ਼ਰ ਦੀ ਨੇਤ ਐਸੀ ਹੋਈ, ਇਸ ਦੀ ਵੱਡੀ ਭੈਣ ਦਿੱਲੀ ਵਿੱਚ ਚੜ੍ਹਾਈ ਕਰ ਗਈ। ਸਾਧੂ ਸਿੰਘ ਦਾ ਭਰਾ ਸ਼ੰਕਰ ਸਿੰਘ ਇਸ ਨੂੰ ਦਿੱਲੀ ਨਾਲ ਲੈ ਗਿਆ ਤੇ ਮੁੜ ਲੁਧਿਆਣੇ ਆਪਣੇ ਪਾਸ ਲੈ ਆਇਆ ਤੇ ਨਾਲ ਹੀ ਕਹਿ ਗਿਆ ਕਿ ਤੁਸੀਂ ਇਸ ਨੂੰ ਲੈਣ ਨਾ ਆਇਓ, ਮੈਂ ਪਿੰਡ ਸ਼ਾਦੀ ਵਿਆਹ ਤੇ ਆਉਣਾ ਹੈ, ਇਸ ਨੂੰ ਨਾਲ ਲੈ ਆਵਾਂਗਾ।

ਪਰ ਫਿਰ ਵੀ ਪੰਦਰਾਂ ਕੁ ਦਿਨਾਂ ਬਾਅਦ ਭਗਤ ਜੀ, ਇੱਕ ਦੋ ਹੋਰ ਸਿੰਘ ਤੇ ਮੈਂ ਲੁਧਿਆਣੇ ਗਏ ਤੇ ਮਨ ਵਿਚ ਵੀਚਾਰ ਆਈ ਕਿ ਚਲੋ ਸਾਧੂ ਸਿੰਘ ਨੂੰ ਕਾਰ ਵਿੱਚ ਨਾਲ ਹੀ ਲੈ ਚਲੀਏ। ਅਸੀਂ ਪ੍ਰਤਾਪ ਨਗਰ ਗਲੀ ਨੰ: ੯ ਵਿੱਚ ਸ਼ੰਕਰ ਸਿੰਘ ਦੇ ਘਰ ਗਏ, ਸਾਧੂ ਸਿੰਘ ਹਰ ਰੋਜ਼ ਦੀ ਤਰ੍ਹਾਂ ਟੈਲੀਵੀਜ਼ਨ ਦੇਖਦਾ ਪਿਆ ਸੀ। ਘਰ ਵਾਲਿਆਂ ਸਾਡੀ ਵੱਲ ਵੇਖ ਕੇ ਟੈਲੀਵੀਜ਼ਨ ਬੰਦ ਕਰ ਦਿੱਤਾ ਤੇ ਜਲ-ਪਾਣੀ ਪੁੱਛਣ ਲੱਗੇ। ਖੈਰ ਥੋੜਾ ਸਮਾਂ ਅਸੀਂ ਬੈਠੇ ਤੇ ਪੁਛਿਆ ਕਿ ਜੇ ਸਾਧੂ ਸਿੰਘ ਨੇ ਜਾਣਾ ਹੈ ਤਾਂ ਅਸੀਂ ਕਾਰ ਵਿੱਚ ਆਏ ਹਾਂ, ਇਸ ਨੂੰ ਨਾਲ ਲੈ ਜਾਂਦੇ ਹਾਂ। ਇਸ ਨੂੰ ਤੁਸੀਂ ਪੁੱਛ ਲਵੋ ਜੇ ਇਸ ਨੇ ਠਹਿਰ ਕੇ ਆਉਣਾ ਹੈ ਤਦ ਵੀ ਠੀਕ ਹੈ। ਇਕ ਬੀਬੀ, ਜੋ ਸ਼ੰਕਰ ਸਿੰਘ ਦੀ ਨੂੰਹ ਸੀ, ਉਸ ਨੇ ਸਾਡੀ ਸਾਰੀ ਗੱਲ ਇਸ ਦੇ ਕੰਨ ਵਿਚ ਪਹੁੰਚਾਈ ਤੇ ਕਿਹਾ ਕਿ ਗੁਰਦੁਆਰੇ ਤੋਂ ਬਾਬਾ ਜੀ ਤੇ ਹੋਰ ਸੰਗਤ ਤੈਨੂੰ ਲੈਣ ਆਈ ਹੈ । ਸਾਧੂ ਸਿੰਘ ਨੇ ਕਿਹਾ ਕਿ ਮੈਂ ਉਥੇ ਨਹੀਂ ਜਾਣਾ, ਕਿਉਂਕਿ ਗੁਰਦੁਆਰੇ ਟਰਾਲੀ ਨਹੀਂ ਹੈ। ਤੇ ਆਪ ਉੱਠ ਕੇ ਬੰਦ ਕੀਤਾ ਟੈਲੀਵੀਜ਼ਨ ਮੁੜ ਲਾ ਲਿਆ। ਅਸੀਂ ਥੋੜ੍ਹਾ ਚਿਰ ਅਟਕੇ ਤੇ ਵਾਪਸ ਮੁੜਨ ਦੀ ਤਿਆਰੀ ਕੀਤੀ ਤੇ ਨਾਲ ਹੀ ਮੈਂ ਉਸ ਬੀਬੀ ਤੇ ਹੋਰ ਘਰ ਵਾਲਿਆਂ ਨੂੰ ਪੁੱਛਿਆ ਕਿ ਇਹ ਸਾਰਾ ਦਿਨ ਇਸੇ ਤਰ੍ਹਾਂ ਟੈਲੀਵੀਜ਼ਨ ਹੀ ਦੇਖਦਾ ਰਹਿੰਦਾ ਹੈ ? ਉਹ ਕਹਿਣ ਲੱਗੀ ਕਿ ਜਿੰਨਾ ਚਿਰ ਰਾਤ ਦਾ ਸਾਰਾ ਪ੍ਰੋਗਰਾਮ ਖ਼ਤਮ ਨਾ ਹੋ

* ਟੈਲੀਵੀਜ਼ਨ ਕਹਿਣਾ ਨਹੀਂ ਆਉਂਦਾ ਸੀ ਤੇ ਟੈਲੀਵੀਜ਼ਨ ਨੂੰ ਟਰਾਲੀ ਕਹਿੰਦਾ ਸੀ।



www.AKJ.Org

ਜਾਵੇ, ਇਹ ਇਥੋਂ ਉਠੰਦੇ ਨਹੀਂ। ਜੇ ਅਸੀਂ ਬੰਦ ਕਰ ਦੇਈਏ ਤਾਂ ਆਪ ਲਾ ਲੈਂਦੇ ਹਨ। ਮੈਂ ਕਿਹਾ ਕਿ ਬੀਬਾ ਠੀਕ ਹੈ, ਜਿਵੇਂ ਤੁਹਾਡੀ ਮਰਜ਼ੀ ਕਰੀ ਚਲੋ, ਪਰ ਤੁਸੀਂ ਇਥੇ ਲਿਆ ਕੇ ਇਸ ਦੀ ਸੁਰਤੀ ਬਿਰਤੀ ਦਾ ਭੱਠਾ ਬਿਠਾ ਦਿੱਤਾ ਹੈ, ਕੀ ਹੁਣ ਇਹ ਮਾਲਾ ਫੇਰਦਾ ਹੁੰਦਾ ਹੈ? ਉਸ ਨੇ ਕਿਹਾ ਕਿ ਕਿਸੇ ਵੇਲੇ ਮਾਲਾ ਕੱਢ ਕੇ ਹੱਥ ਵਿੱਚ ਫੜ ਲੈਂਦੇ ਹਨ, ਪਰ ਵੇਖਦੇ ਟੈਲੀਵੀਜ਼ਨ ਹੀ ਹਨ। ਅਸੀਂ ਵਿਦਾ ਲੈ ਕੇ ਵਾਪਸ ਗੁਰਦੁਆਰੇ ਪੁੱਜ ਗਏ।

ਦਸ ਕੁ ਦਿਨ ਬਾਅਦ ਇਸ ਦਾ ਭਰਾ ਸ਼ੰਕਰ ਸਿੰਘ ਝਾਵੀਂ ਵਿਆਹ ਤੇ ਆਇਆ ਹੋਇਆ ਸਾਧੂ ਸਿੰਘ ਨੂੰ ਗੁਰਦੁਆਰੇ ਛੱਡ ਗਿਆ। ਹੁਣ ਨਾਮ ਦੇ ਅਹਾਰ ਦੀ ਥਾਂ ਅੰਦਰ ਅਹਾਰ ਤਾਂ ਟੈਲੀਵੀਜ਼ਨ ਦਾ ਬਣ ਚੁੱਕਾ ਸੀ। ਆਉਂਦੇ ਹੀ ਕਹਿਣ ਲੱਗ ਪਿਆ ਕਿ ਇਥੇ ਟਰਾਲੀ ਲਿਆਵੋ। ਲੰਗਰ ਦੇ ਵਰਾਂਡੇ ਵਿੱਚ ਰੱਖੋ, ਟਰਾਲੀ ਬਹੁਤ ਚੰਗੀ ਹੁੰਦੀ ਹੈ, ਇਸ ਵਿੱਚ ਸਭ ਕੁਝ ਆਉਂਦਾ ਹੈ ਤੇ ਸਾਰਾ ਦਿਨ ਆਏ ਗਏ ਨਾਲ ਟਰਾਲੀ ਵਿੱਚ ਜੋ ਕੁਝ ਵੇਖਿਆ ਸੀ, ਉਸ ਦੀਆਂ ਗੱਲਾਂ ਹੀ ਕਰਦਾ ਰਹੇ। ਸ਼ਾਮ ਪਈ ਤਾਂ ਇਸ ਪਾਸੋਂ ਰਹਿਆ ਨਾ ਗਿਆ। ਗੁਰਦੁਆਰੇ ਤੋਂ ਅੱਧਾ ਕੁ ਕਿਲੋਮੀਟਰ ਮਾਸਟਰ ਮਹਿੰਦਰ ਸਿੰਘ ਹੁਰਾਂ ਦਾ ਡੇਰਾ ਹੈ। ਚੁੱਪ ਚੁਪੀਤੇ ਸਾਧੂ ਸਿੰਘ ਉਹਨਾਂ ਦੇ ਘਰ ਚਲਾ ਗਿਆ ਤੇ ਸੱਤ ਵਜੇ ਤੋਂ ਰਾਤ ਦੇ ਸਾਰੇ ਪ੍ਰੋਗਰਾਮਾਂ ਦੇ ਖਤਮ ਹੋਣ ਤੱਕ ਟੈਲੀਵੀਜ਼ਨ ਵੇਖਦਾ ਰਿਹਾ। ਅਗਲੇ ਦਿਨ ਵੀ ਉਥੇ ਹੀ ਰਿਹਾ। ਅਸੀਂ ਸਾਰੇ ਟੋਲ-ਭਾਲ ਕੀਤੀ। ਅਸੀਂ ਭਾਲ ਕਰਦੇ ਹੀ ਸਾਂ ਕਿ ਉਹਨਾਂ ਦੀ ਬੱਚੀ ਦੱਸ ਗਈ ਕਿ ਬਾਬਾ ਸਾਧੂ ਸਿੰਘ ਸਾਡੇ ਘਰ ਵਿੱਚ ਬੈਠਾ ਟੈਲੀਵੀਜ਼ਨ ਵੇਖਦਾ ਹੈ। ਮੈਨੂੰ ਮੇਰੇ ਮਾਤਾ ਜੀ ਨੇ ਤੁਹਾਨੂੰ ਦੱਸਣ ਲਈ ਭੇਜਿਆ ਹੈ ਕਿ ਤੁਸੀਂ ਫਿਕਰ ਨਾ ਕਰਿਓ, ਉਹ ਸਾਡੇ ਪਾਸ ਹੀ ਹੈ। ਮੈਂ ਸੁਤੇ ਹੀ ਬੀਬਾ ਨੂੰ ਕਿਹਾ ਕਿ ਬੀਬਾ ਫ਼ਿਕਰ ਕੀ ਕਰਨਾ ਹੈ, ਹੁਣ ਫ਼ਿਕਰ ਕਰਨ ਤੋਂ ਗੱਲ ਅਗਾਂਹ ਲੰਘ ਗਈ ਹੈ। ਸਾਧੂ ਸਿੰਘ ਦੁਪਹਿਰ ਤੋਂ ਬਾਅਦ ਆਇਆ। ਲੌਢਾ ਵੇਲਾ ਅਰਾਮ ਕੀਤਾ। ਅਗਲੇ ਦਿਨ ਫਿਰ ਨੇੜੇ ਦੇ ਪਿੰਡ ਤਲਵੰਡੀ ਜਾ ਟੈਲੀਵੀਜ਼ਨ ਵੇਖਣਾ ਸ਼ੁਰੂ ਕਰ ਦਿੱਤਾ। ਗੱਲ ਕੀ ਕਦੀ ਕਿਤੇ ਕਦੀ ਕਿਤੇ, ਜਦੋਂ ਟੈਲੀਵੀਜ਼ਨ ਵੇਖ ਕੇ ਪਰਤਣਾ ਤਾਂ ਜਿਸ ਨੇ ਪੁਛਣਾ ਉਸ ਨੂੰ ਟੈਲੀਵੀਜ਼ਨ ਦੀਆਂ ਗੱਲਾਂ ਜੋ ਵੇਖੀਆਂ ਸਨ, ਉਹ ਦੱਸਣੀਆਂ ਤੇ ਕਹਿਣਾ ਕਿ ਗੁਰਦੁਆਰੇ ਟਰਾਲੀ ਲਿਆਵੋ।

ਇਕ ਦਿਨ ਮੈਂ ਸਾਧੂ ਸਿੰਘ ਨੂੰ ਕਿਹਾ ਕਿ ਲੋਕਾਂ ਦੇ ਘਰੀਂ ਨਾ ਜਾਇਆ ਕਰ। ਅੱਗੋਂ ਉਸ ਨੇ ਉੱਤਰ ਦਿੱਤਾ ਕਿ ਤੁਸੀਂ ਗੁਰਦੁਆਰੇ ਟਰਾਲੀ ਲੈ ਆਵੋ, ਮੈਂ ਇਥੇ ਵੇਖ ਲਵਾਂਗਾ। ਮੈਂ ਇਸ ਨੂੰ ਕਿਹਾ ਕਿ ਗੁਰਦੁਆਰੇ ਟਰਾਲੀ ਨਹੀਂ ਲਾਈਦੀ। ਉਸ ਨੇ ਮੈਨੂੰ ਅੱਗੋਂ ਉੱਤਰ ਦਿੱਤਾ ਕਿ ਇਥੇ ਗੁਰਦੁਆਰੇ ਵਿੱਚ ਨਾ ਰਖੋ, ਉਹ ਜੋ ਗੁਰਦੁਆਰੇ ਤੋਂ ਪਰ੍ਹੇ ਸੌਣ ਵਾਲੇ ਕਮਰੇ ਹਨ, ਉਸ ਵੱਡੇ ਕਮਰੇ ਵਿੱਚ ਟਰਾਲੀ ਰੱਖ ਲਵੋ, ਉੱਥੇ ਅਸੀਂ ਵੇਖਾਂਗੇ ਜਾਂ ਫਿਰ ਲੰਗਰ ਵਿੱਚ ਰੱਖ ਲਵੋ। ਫਿਰ ਮੈਂ ਪੁਛਿਆ ਕਿ ਹੁਣ ਤੈਨੂੰ ਵਾਹਿਗੁਰੂ ਵਾਹਿਗੁਰੂ ਸੁਣਦਾ ਹੈ? ਉੱਤਰ ਨਾਂਹ ਵਿੱਚ ਸੀ। ਮੈਂ ਪੁਛਿਆ ਕਿ ਹੁਣ ਕਦੀ ਵਾਜੇ ਵੱਜਦੇ ਵੀ ਸੁਣੇ ਹਨ? ਕਹਿਣ ਲੱਗਾ, ਪਹਿਲਾਂ ਸੁਣਦੇ ਸਨ, ਹੁਣ ਨਹੀਂ ਸੁਣਦੇ। ਮੈਂ ਮਨ ਵਿੱਚ ਬੜਾ ਹੈਰਾਨ ਸਾਂ ਕਿ ਵੇਖੋ ਇੱਕ ਪਾਸੇ ਵੀਹ ਸਾਲ ਦੀ ਸੰਗਤ, ਸੇਵਾ ਸਿਮਰਨ ਦਾ ਫਲ, ਦਿਨ ਰਾਤ ਸਿਮਰਨ ਹੁੰਦਾ ਸੁਣਾਈ ਦੇਣਾ ਤੇ ਅਨਹਦ ਸ਼ਬਦ ਦੀ ਅਵਸਥਾ ਤੱਕ ਪੁੱਜ ਜਾਣਾ ਤੇ ਕਿਥੇ ਟਰਾਲੀ(ਟੈਲੀਵੀਜ਼ਨ) ਦੀ ਭੈੜੀ ਸੰਗਤ, ਜੋ ਇਸ ਨੇ ਕੇਵਲ ਮਹੀਨੇ ਤੋਂ ਘੱਟ ਹੀ ਕੀਤੀ ਸੀ, ਸਾਰੇ ਪੁਰਾਣੇ ਚੰਗੇ ਸੰਸਕਾਰਾਂ ਦੇ ਉਪਰ ਹਾਵੀ ਹੋ ਬੈਠੀ ਹੈ। ਮਨ ਵਿੱਚ ਮਹਾਂਪੁਰਖਾਂ ਦਾ ਇਕ ਬਚਨ ਯਾਦ ਆਵੇ ਕਿ ਉਹਨਾਂ ਦੇ ਬਚਨ ਵਿੱਚ ਕਿੰਨੀ ਵੱਡੀ ਸਚਾਈ ਲੁਕੀ ਹੋਈ ਹੁੰਦੀ ਸੀ। ਆਪ ਜੀ ਕਿਹਾ ਕਰਦੇ ਸਨ ਕਿ ਕੋਈ ਪ੍ਰੇਮੀ ਚੰਗੀ ਸੰਗਤ ਕਰਕੇ ਸੇਵਾ-ਸਿਮਰਨ ਦੁਆਰਾ ਸੱਚ-ਖੰਡ ਦੇ ਦਰਵਾਜ਼ੇ ਅੰਦਰ ਇਕ ਪੈਰ ਰਖ ਲਵੇ, ਪਰ ਜੇ ਕਿਤੇ ਬਦਕਿਸਮਤੀ ਨਾਲ ਉਸ ਨੂੰ ਕੁਸੰਗਤ ਮਿਲ ਜਾਵੇ ਤਾਂ ਪਿਛਲਾ ਪੈਰ ਅੱਗੇ ਤਾਂ ਕੀ ਰੱਖਣਾ ਹੈ, ਪਹਿਲਾ ਸੱਚਖੰਡ ਵਿੱਚ ਰੱਖਿਆ ਹੋਇਆ ਪੈਰ, ਕੁਸੰਗਤ ਪਿਛੇ ਖਿੱਚ ਲਿਆਉਂਦੀ ਹੈ, ਕੁਸੰਗਤ ਦਾ ਏਨਾ ਜਲਦੀ ਤੇ ਪ੍ਰਬਲ ਅਸਰ ਹੁੰਦਾ ਹੈ। ਦੂਜੇ ਪਾਸੇ ਮਨ ਵਿੱਚ ਇਹ ਵੀ ਵੀਚਾਰ ਆਉਂਦਾ ਸੀ ਇਕ ਸਾਧੂ ਸਿੰਘ ਨੇ ਤਾਂ ਇਕ ਮਹੀਨੇ ਤੋਂ ਘੱਟ ਸਮਾਂ ਹੀ ਟੈਲੀਵੀਜ਼ਨ ਦੇਖਿਆ ਹੈ ਤੇ ਜੋ ਸਾਲਾਂ ਬੱਧੀ ਇਸ ਦੇ ਸਨਮੁਖ ਬੈਠ ਕੇ ਇਸ ਦੀ ਹਾਜ਼ਰੀ ਭਰਦੇ ਹਨ, ਉਹਨਾਂ ਦਾ ਕੀ ਹਾਲ ਹੋਵੇਗਾ? ਪਹਿਲਾ ਮਨ ਦਾ ਖਿੰਡਾਉ ਤਾਂ ਕੀ ਸੰਕੋਚ ਹੋਣਾ ਹੈ, ਇਸ ਹਿਸਾਬ ਤਾਂ ਟੈਲੀਵੀਜ਼ਨ ਦੁਆਰਾ ਮਨ ਦੇ ਖਿੰਡਾਉ ਨੂੰ ਸੰਕੋਚਣ ਲਈ ਪਤਾ ਨਹੀਂ ਕਿੰਨੇ ਜਨਮ ਹੋਰ ਲਗਣਗੇ। ਜੇ ਇੱਕ ਸਧਾਰਨ ਸਾਧੂ ਸਿੰਘ ਵਰਗੇ ਵਿਅਕਤੀ ਦੀ ਬਿਰਤੀ ਇੰਨੇ



www.AKJ.Org

ਖਿੰਡਾਉ ਵਿੱਚ ਜਾ ਸਕਦੀ ਹੈ, ਜਿਸ ਨੂੰ ਕੇਵਲ ਮੂਰਤਾਂ ਹੀ ਦਿਸਦੀਆਂ ਹਨ, ਸੁਣਦੀਆਂ ਨਹੀਂ। ਜਿਸ ਵਿਅਕਤੀ ਨੂੰ ਦਿਸਦਾ ਵੀ ਹੈ, ਕੰਨਾਂ ਨਾਲ ਪੂਰਾ ਸੁਣਦਾ ਵੀ ਹੈ ਤੇ ਉਹ ਸਾਰੀਆਂ ਭੈੜੀਆਂ ਹਰਕਤਾਂ ਨੂੰ ਸਮਝਦਾ ਵੀ ਹੋਵੇ, ਉਸ ਦਾ ਕੀ ਹਾਲ ਹੋਵੇਗਾ? ਬਾਬੇ ਫਰੀਦ ਜੀ ਦਾ ਸਲੋਕ ਇਥੇ ਕੁਝ ਢੁਕੇਗਾ ਕਿ:

**ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ।। ੩੯।। (ਪੰਨਾ ੧੩੭੯)**

**ਵਾਹ ਕਲਜੁਗ, ਬਾਬੇ ਗੁਰੂ ਨਾਨਕ ਨੇ ਤਾਂ 'ਘਰ ਘਰ ਅੰਦਰਿ ਧਰਮਸਾਲ' ਬਣਾ ਕੇ 'ਹੋਵੈ ਕੀਰਤਨ ਸਦਾ ਵਿਸੋਆ।' ਦੀ ਪ੍ਰਪਾਟੀ ਚਲਾਈ ਸੀ, ਪਰ ਤੂੰ ਵੀ ਬਾਬੇ ਦਾ ਪੂਰਾ ਮੁਕਾਬਲਾ ਕਰ ਰਿਹਾ ਹੈਂ, ਤੂੰ ਘਰ ਘਰ ਅੰਦਰ ਟੈਲੀਵੀਜ਼ਨ ਰਾਹੀਂ ਧਰਮਸਾਲਾ ਤੇ ਗੁਰੂ ਕੀਰਤੀ ਦੂਰ ਕਰ ਕੇ ਸਾਰੇ ਘਰ ਸਿਨੇਮਾ-ਘਰ ਬਣਾ ਦਿੱਤੇ ਹਨ। ਬਲਿਹਾਰ ਜਾਈਏ ਤੇਰੇ ਜ਼ੋਰ ਤੋਂ, ਰਹਿਰਾਸ ਦਾ ਸਮਾਂ ਵੀ ਤੂੰ ਆਪਣੇ ਵਿੱਚ ਸਮੇਟ ਲਿਆ। ਸ਼ਾਮ ਨੂੰ ਜੋ ਟੈਲੀਵੀਜ਼ਨ ਤੇ ਮੂਰਤਾਂ ਵੇਖੀਆਂ ਜਾਂਦੀਆਂ ਹਨ, ਉਹ ਹੀ ਸਾਰੀ ਰਾਤ ਅੰਦਰ ਗੇੜੇ ਲਾਉਂਦੀਆਂ ਹੋਣਗੀਆਂ। ਰਾਤ ਲੇਟ ਅਰਾਮ ਕਰਨ ਨਾਲ ਤੇਰੇ ਉਪਕਾਰ ਸਦਕਾ, ਅੰਮ੍ਰਿਤ ਵੇਲਾ ਵੀ ਤੂੰ ਗੁਰਸਿਖਾਂ ਪਾਸੋਂ ਖੋਹ ਲਿਆ। ਤੇਰਾ ਰਾਜ ਜੁ ਹੋਇਆ, ਕੋਈ ਵਿਰਲਾ ਹੀ ਤੇਰੇ ਅਸਰ ਤੋਂ ਬਚਿਆ ਹੋਵੇਗਾ।** ਸ੍ਰੀ ਗੁਰੂ ਪੰਥ ਪ੍ਰਕਾਸ਼ ਵਿੱਚ ਲਿਖੇ ਭੰਗੂ ਰਤਨ ਸਿੰਘ ਜੀ ਦੇ ਬਚਨ ਸਤਿ ਹੀ ਹਨ:

**ਕਲੂ ਚਹੇ ਪਾਪੀ ਡੁਬ ਜਾਇ,**
**ਬਾਬਾ ਚਹੇ ਉਨ ਪਾਰ ਲੰਘਾਇ,**
**ਬਾਬਾ ਆਪਣੀ ਛੱਡੇ ਨਾ ਬਾਣ, ਤਾਰਿਯੋ ਚਾਹੇ**
**ਸਗਲ ਜਹਾਨ।। (ਸ੍ਰੀ ਗੁਰੂ ਪੰਥ ਪ੍ਰਕਾਸ਼, ਪੰਨਾ ੫੭)**

ਵਾਹੁ ਕਲਜੁਗ ! ਨਿਤਨੇਮ ਤਾਂ ਤੂੰ ਖੋਹ ਹੀ ਲਿਆ, ਗੁਰਸਿਖਾਂ ਪਾਸੋਂ ਤੂੰ ਸਤਸੰਗਤਿ ਵੀ ਖੋਹ ਲਈ। ਗੁਰੂ ਕੀ ਹਾਜ਼ਰੀ ਭਰਨ ਦੀ ਥਾਂ ਤੂੰ ਹੁਣ ਆਪਣੀ ਹਾਜ਼ਰੀ ਭਰਾਉਂਦਾ ਹੈਂ। ਪਰ ਯਾਦ ਰਖੀਂ, ਬਾਬੇ ਨਾਨਕ ਜੀ ਦਾ ਦਮ ਬਹੁਤ ਲੰਮਾ ਹੈ। ਤੂੰ ਉਹਨਾਂ ਦੇ ਤੇਜ਼ ਪ੍ਰਤਾਪ ਮੂਹਰੇ ਸਦਾ ਲਈ ਟਿਕ ਨਹੀਂ ਸਕੇਂਗਾ।

**ਗੁਰੂ ਕੇ ਸਿੱਖਾ ! ਹੁਣ ਤੇਰੇ ਪਾਸ ਕਲਜੁਗ ਦੇ ਪ੍ਰਭਾਵ ਤੋਂ ਬਚਣ ਲਈ ਕੇਵਲ ਆਖਰੀ ਹਥਿਆਰ ਅਰਦਾਸ ਹੀ ਹੈ। ਬਾਬੇ ਨਾਨਕ ਜੀ ਨੇ ਰਾਏ ਬੁਲਾਰ ਨੂੰ ਕਿਹਾ ਸੀ ਕਿ ਹੇ ਰਾਏ ! ਜਦੋਂ ਤੇਰਾ ਆਪਣਾ ਬਲ ਕੁਝ ਨਾ ਸਾਰੇ, ਤਾਂ ਢਹਿ ਕੇ ਪਰਮੇਸ਼ਰ ਪ੍ਰਾਇਣ ਹੋ ਕੇ ਅਰਦਾਸ ਕਰਿਆ ਕਰੀਂ, ਪਰਮੇਸ਼ਰ ਬਹੁੜੀ ਕਰੇਗਾ। ਸੋ ਜੇ ਆਪਣੇ ਬਲ ਨਾਲ ਤੂੰ ਇਸ ਕਲਜੁਗੀ ਪ੍ਰਭਾਵ ਤੋਂ ਬਚ ਨਹੀਂ ਸਕਦਾ ਤਾਂ ਗੁਰੂ ਜੀ ਅੱਗੇ ਅਰਜੋਈ ਕਰ ਉਹ ਸਦ ਸੁਣਦਾ ਸਦ ਵੇਖਦਾ, ਤੇਰੀ ਬਹੁੜੀ ਕਰੇਗਾ।**

ਅਜੇ ਸਾਧੂ ਸਿੰਘ ਠੀਕ ਠਾਕ ਤੁਰਦਾ ਫਿਰਦਾ ਹੈ, ਜੇ ਕਿਸੇ ਨੇ ਟੈਲੀਵੀਜ਼ਨ ਦਾ ਹੋਇਆ ਪ੍ਰਭਾਵ ਪ੍ਰੱਤਖ ਵੇਖਣਾ ਹੋਵੇ ਤਾਂ ਇਥੇ ਗੁਰਦੁਆਰੇ ਆ ਕੇ ਉਸ ਨੂੰ ਪਹਿਲੀ ਅਵਸਥਾ ਤੇ ਹੁਣ ਦੀ ਅਵਸਥਾ ਪੁੱਛ ਲਵੇ। ਉਹ ਬਿਨਾਂ ਝਿਜਕ ਆਪਣਾ ਸਾਰਾ ਹਾਲ ਦੱਸ ਦਿੰਦਾ ਹੈ। ਹੁਣ ਵੀ ਜਿਸ ਘਰ ਉਹ ਜਾਂਦਾ ਹੈ, ਪਹਿਲਾਂ ਪੁਛੇਗਾ ਕਿ ਟਰਾਲੀ ਹੈ ਕਿ ਨਹੀਂ। ਜੇ ਘਰ ਵਾਲਾ ਸਮਝ ਲਵੇ ਤੇ ਹਾਂ ਕਰ ਦੇਵੇ ਤਾਂ ਬਹੁਤ ਖੁਸ਼ ਹੁੰਦਾ ਹੈ। ਕਾਫ਼ੀ ਯਤਨ ਕਰਨ ਤੇ ਰੋਕਣ ਸਦਕਾ ਹੁਣ ਬਿਰਤੀ ਵਿੱਚ ਫਿਰ ਮੋੜ ਪੈ ਗਿਆ ਹੈ, ਪਰ ਇੱਕ ਮਹੀਨੇ ਦੀ ਟੈਲੀਵੀਜ਼ਨ ਦੀ ਕੀਤੀ ਕੁਸੰਗਤ ਦੀ ਮਨ ਦੇ ਪਈ ਡੂੰਘੀ ਝਾਂਸ ਕਿਤੇ ਨਾ ਕਿਤੇ ਫਿਰ ਅਸਰ ਕਰ ਜਾਂਦੀ ਹੈ।

**ਐ ਗੁਰੂ ਕੇ ਸਿੰਘ, ਸੰਭਲ ! ਟੈਲੀਵੀਜ਼ਨ, ਕਲਜੁਗ ਦਾ ਮਿੱਠਾ ਜ਼ਹਿਰ ਹੈ। ਜ਼ਹਿਰ, ਜ਼ਹਿਰ ਹੀ ਹੈ, ਭਾਵੇਂ ਉਹ ਮਿੱਠਾ ਹੀ ਕਿਉਂ ਨਾ ਲੱਗੇ। ਲੋਕਾਂ ਵਾਂਗ ਤੂੰ ਵੀ ਆਪਣੀ ਬਿਰਤੀ ਨੂੰ ਖਿੰਡਾਉ ਵਿੱਚ ਨਾ ਲਿਜਾ। ਗੁਰੂ ਪਾਤਸ਼ਾਹ ਜੀ ਨੇ ਤਾਂ ਬਿਰਤੀ ਨੂੰ ਸੰਕੋਚਣ ਲਈ ਹਦਾਇਤ ਕੀਤੀ ਹੈ, ਖਿੰਡਾਉ ਵਾਲੀ ਬਿਰਤੀ ਦੁਆਰਾ ਕੁਝ ਪੱਲੇ ਨਹੀਂ ਪੈਣਾ। ਜੇ ਕੁਝ ਪ੍ਰਾਪਤ ਕਰਨਾ ਹੈ ਤਾਂ ਬਾਬਾ ਕਬੀਰ ਜੀ ਦਾ ਫੁਰਮਾਨ ਜੀਵਨ ਵਿੱਚ ਘਟਾਉਣਾ ਪਵੇਗਾ। ਬਾਬਾ ਜੀ ਜਾਮਨੀ ਦਿੰਦੇ ਹਨ ਕਿ:**

**ਹੈ ਹਜੂਰਿ ਕਤ ਦੂਰਿ ਬਤਾਵਹੁ।।**
**ਦੁੰਦਰ ਬਾਧਹੁ ਸੁੰਦਰ ਪਾਵਹੁ।।੧।। ਰਹਾਉ ।।**

(ਭੈਰਉ ਕਬੀਰ ਜੀ, ਪੰਨਾ-੧੧੬੦)

**ਬਾਜੀਗਰ ਦੀ ਖੇਡ ਜਿਉ, ਸਭੁ ਕੂੜੁ ਤਮਾਸਾ ।।**
**ਰਲੈ ਜੁ ਸੰਗਤਿ ਮੀਣਿਆ, ਉਠਿ ਚਲੈ ਨਿਰਾਸਾ ।।**
**(ਭਾਈ ਗੁਰਦਾਸ ਜੀ ਵਾਰ ੩੬)**



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੩੦)

ਮਾਨਸ ਜਨਮ ਧਾਰਿ, ਸੰਗਤਿ ਸੁਭਾਵ ਗਤਿ,
ਗੁਰਮਤਿ ਦੁਰਮਤਿ ਬਿਬਿਧਿ ਬਿਧਾਨੀ ਹੈ।।
ਸਾਧ ਸੰਗਿ ਪਦਵੀ ਭਗਤਿ ਅਉ ਬਿਬੇਕੀ ਜਨ,
ਜੀਵਨ ਮੁਕਤਿ ਸਾਧੂ ਬ੍ਰਹਮ ਗਿਆਨੀ ਹੈ।।
ਅਧਮ ਅਸਾਧ ਸੰਗ, ਚੋਰ ਜਾਰ ਅਉ ਜੂਆਰੀ,
ਠਗ ਬਟਵਾਰਾ ਮਤਵਾਰਾ ਅਭਿਮਾਨੀ ਹੈ।।
ਅਪੁਨੇ ਅਪੁਨੇ ਰੰਗ ਸੰਗ ਸੁਖੁ ਮਾਨੈ ਬਿਸੁ,
ਗੁਰਮਤਿ ਗਤਿ ਗੁਰਮੁਖਿ ਪਹਿਚਾਨੀ ਹੈ।। ੧੯੫।।

**ਪਦ ਅਰਥ:** ਗਤਿ-ਗਤੀ, ਰੀਤੀ। ਬਿਬਿਧਿ-ਕਈ ਤਰ੍ਹਾਂ ਦੀ। ਬਿਧਾਨੀ-ਵਿਧਾਂਨ ਵਾਲਾ, ਧਾਰਨ ਕਰਨ ਵਾਲਾ। ਬਿਬੇਕੀ ਜਨ-ਸਤਿਗੁਰੂ ਦਾ ਆਗਿਆਕਾਰੀ, ਹੁਕਮ ਰਜ਼ਾ ਵਿੱਚ ਚਲਣ ਵਾਲਾ ਸੇਵਕ। ਮਧਮਾ-ਨੀਚ। ਅਸਾਧ- ਖੋਟੇ ਪੁਰਖ, ਕੁਕਰਮੀ। ਸੰਗ- ਸੰਜੋਗ, ਸਾਥ, ਨਾਲ। ਸਾਰ- ਯਾਰ। ਬਟਵ੍ਹਾਰਾ- ਰਾਹ ਮਾਰ, ਧਾੜਵੀ। ਮਤਵਾਰਾ-ਮਤਵਾਲਾ, ਸ਼ਰਾਬੀ। ਅਭਿਮਾਨੀ- ਹੰਕਾਰੀ। ਰੰਗ- ਰਾਗ-ਰੰਗ, ਐਸੋ ਇਸ਼ਰਤ। ਬਿਸੁ- ਬਿਸਵ, ਸੰਸਾਰ।

**ਅਰਥ:** ਮਨੁੱਖਾ ਜਨਮ ਧਾਰ ਕੇ, ਚੰਗੀ ਜਾਂ ਮੰਦੀ ਸੰਗਤ ਦੇ ਪ੍ਰਭਾਵ ਦੀ ਰੀਤ ਅਨੁਸਾਰ ਵੱਖ ਵੱਖ ਤਰ੍ਹਾਂ ਦੀ ਗੁਰੂ ਦੀ ਮਤਿ ਅਤੇ ਖੋਟੀ ਮਤਿ ਦੇ ਧਾਰਨੀ ਹੋ ਜਾਈਦਾ ਹੈ।

ਸਤਿ ਪੁਰਖਾਂ ਦੀ ਸੰਗਤ ਵਿੱਚ ( ਮਿਲਣ ਨਾਲ) ਭਗਤੀ -ਭਾਵ ਵਾਲੀ, ਬਿਬੇਕੀ ਜਨ ਦੀ ਜੀਵਨ ਮੁਕਤਿ ਅਤੇ ਬ੍ਰਹਮ ਗਿਆਨੀ ਦੀ ਪਦਵੀ ਪਾਈਦੀ ਹੈ।

ਨੀਚਾਂ ਅਤੇ ਕੁਕਰਮੀਆਂ ਦੇ ਸਾਥ ਚੋਰ, ਯਾਰ, ਜੁਆਰੀ, ਠੱਗ, ਰਾਹ ਲੁੱਟਣ ਵਾਲਾ ਧਾੜਵੀ, ਸ਼ਰਾਬੀ ਅਤੇ ਹੰਕਾਰੀ( ਹੋਈਦਾ ) ਹੈ।

ਸਾਰਾ ਸੰਸਾਰ ਆਪੋ ਆਪਣੇ ਰਾਗ ਰੰਗ ਅਤੇ ਮੌਜ-ਮੇਲਿਆਂ ਨਾਲ ਸੁਖ ਮਾਣਦਾ ਫਿਰਦਾ ਹੈ, ਪਰ ਸਤਿਗੁਰੂ ਤੋਂ ਗੁਰਦੀਖਿਆ ਲੈਣ ਦੀ ਗੁਰਮਤਿ ਦੀ ਗਤੀ ਵਿਰਲੇ ਗੁਰਮੁਖ ਨੇ ਹੀ ਜਾਣੀ-ਪਛਾਣੀ ਹੈ। ੧੯੫।।

ਜੈਸੇ ਤਉ ਅਸਟ ਧਾਤੁ ਡਾਰੀਅਤ ਨਾਉ ਬਿਖੈ,
ਪਾਰਿ ਪਰੈ ਤਾਹਿ,ਤਊ ਵਾਰ ਪਾਰ ਸੋਈ ਹੈ।
ਸੋਈ ਧਾਤੁ ਅਗਨਿ ਮੈ ਹੋਤ ਹੈ ਅਗਨਿ ਰੂਪ,
ਤਊ ਜੋਈ ਸੋਈ ਪੈ ਸੁ ਘਾਟ ਗਟ ਠਾਟ ਹੋਈ ਹੈ।
ਸੋਈ ਧਾਤੁ ਪਾਰਸ ਪਰਸਿ ਪੁਨਿ ਕੰਚਨ ਹੁਇ,
ਮੋਲ ਕੈ ਅਮੋਲਨੂਪ ਰੂਪ ਅਨੈਵਲੋਈ ਹੈ।
ਪਰਮ ਪਾਰਸ ਗੁਰ ਪਰਸਿ ਪਾਰਸ ਹੋਤ,
ਸੰਗਤਿ ਹੁਇ ਸਾਧ ਸੰਗ ਸਤਿ ਸੰਗ ਪੋਈ ਹੈ।। ੧੯੬।।

**ਪਦ ਅਰਥ:** ਤਉ -ਤਾਂ। ਅਸਟਧਾਤੁ- ਅੱਠ ਧਾਤਾਂ ਦਾ ਸਮੁਦਾਇ। ਡਾਰੀਅਤ- ਲੱਦ ਦੇਈਏ। ਨਾਉ ਬਿਖੈ-ਬੇੜੀ ਵਿੱਚ। ਤਾਹਿ- ਉਸ ਵਿੱਚ (ਪੈ ਕੇ)। ਵਾਰ-ਉਰਲਾ ਕੰਢਾ। ਪਾਰ-ਪਾਰਲਾ ਕੰਢਾ। ਅਗਨਿ- ਅਗਨੀ। ਤਊ-ਤਾਂ ਵੀ । ਸੋਈ ਪੈ- ਉਸ ਤੋਂ। ਸੁ ਘਾਟ ਗਟ- ਸੁਹਣੀ ਘਾੜਤ ਦਾ ਗਹਿਣਾ। ਠਾਟ-ਰੂਪ, ਗਹਿਣਾ। ਪਰਸਿ-ਪਰਸ ਕੇ, ਛੂਹ ਕੇ। ਪੰਨਿ-ਫਿਰ। ਕੰਚਨ-ਸੋਨਾ। ਅਮੋਲਾਨੂਪ-ਅਮੋਲ। ਅਨੂਪ-ਅਨੂਪ-ਅਤਿ ਸੁੰਦਰ। ਅਨੈਵਲੋਈ-ਦਿਸਣਾ, ਵਿਖਾਈ ਦੇਣਾ । ਪੋਈ-ਪ੍ਰੋਈ।

**ਅਰਥ:** ਜਿਸ ਤਰ੍ਹਾਂ ਕਿ ਅੱਠ ਧਾਤਾਂ ਦੀ ਗੱਠ ਬੇੜੀ ਵਿੱਚ ਲੱਦ ਦੇਈਏ ਤਾਂ ਉਸ ਵਿੱਚ ਪੈ ਕੇ ਉਹ ਪਾਰ ਤਾਂ ਹੋ ਜਾਂਦੀ ਹੈ, ਪਰ ਉਪਰਲੇ ਕੰਢੇ ਤੇ ਪਾਰਲੇ ਕੰਢੇ ਰੂਪ ਰੰਗ ਵਿੱਚ ਉਹੋ ਜਿਹੀ ਹੀ ਰਹਿੰਦੀ ਹੈ, ਬਦਲਦੀ ਨਹੀਂ।

ਉਹੋ ਧਾਤ ਅੱਗ ਵਿਚ ਅੱਗ ਦਾ ਰੂਪ ਹੋ ਕੇ ਅਤੇ ਉਸ ਤੋਂ ਸੋਹਣੀ ਘਾੜਤ ਦੇ ਗਹਿਣੇ ਬਣ ਕੇ ਵੀ ਓਹੋ ਜਿਹੀ ਹੀ ਰਹਿੰਦੀ ਹੈ।

ਪਰ ਫਿਰ ਓਹੋ ਧਾਤ ਪਾਰਸ ਨੂੰ ਛੂਹ ਕੇ ਸੋਨਾ ਹੋ ਜਾਂਦੀ ਹੈ, ਮੁੱਲ ਕਰਕੇ ਵੀ ਅਮੁੱਲ ਅਤੇ ਰੂਪ ਕਰਕੇ ਵੀ ਅਤੀ ਸੁੰਦਰ ਰੂਪ ਵਾਲੀ ਵੇਖੀਦੀ ਹੈ।

(ਤਿਵੇਂ ਹੀ) ਪਰਮ ਪਾਰਸ ਸਤਿਗੁਰੂ ਨੂੰ ਭੇਟ ਕੇ (ਸਤਿਗੁਰੂ ਤੋਂ ਨਾਮ ਦੀਖਿਆ ਪ੍ਰਾਪਤ ਕਰ ਕੇ ) ਪਾਰਸ ਹੋ ਜਾਈਦਾ ਹੈ ਅਤੇ ਫਿਰ ਸਾਧ ਪੁਰਸ਼ਾਂ ਦੀ ਸੰਗਤ ਵਿੱਚ ਮਿਲਣ ਨਾਲ ਸਤਸੰਗਤ ਵਿੱਚ ਪਰੋਏ ਜਾਈਦਾ ਹੈ। ੧੯੬।

ਜੈਸੇ ਘਰ ਲਾਗੇ ਆਗਿ, ਭਾਗਿ ਨਿਕਸਤ ਖਾਨ,
ਪ੍ਰੀਤਮ ਪਰੋਸੀ ਧਾਇ ਜਰਤ ਬੁਝਾਵਈ।।
ਗੋਧਨ ਹਰਤ ਜੈਸੇ, ਕਰਤ ਪੁਕਾਰ ਗੋਪ,
ਗਾਉ ਮੈ ਗੁਹਾਰ ਲਾਗਿ ਤੁਰਤ ਛਡਾਵਈ।।
ਬੂਡਤ ਅਥਾਹ ਜੈਸੇ, ਪ੍ਰਬਲ ਪ੍ਰਵਾਹ ਬਿਖੈ,
ਪੇਖਤ ਪੈਰਊਆ ਵਾਰ ਪਾਰ ਲੇ ਲਗਾਵਈ।।
ਤੈਸੇ ਅੰਤਕਾਲ ਜਮ-ਜਾਲਕਾਲ ਬਿਆਲ ਗ੍ਰਸੇ,
ਗੁਰਸਿੱਖ ਸਾਧ ਸੰਤ ਸੰਕਟ ਮਿਟਾਵਈ।। ੧੯੭।।


www.AKJ.Org

**ਪਦ ਅਰਥ** : ਭਾਗਿ ਨਿਕਸਤ-ਦੌੜ ਕੇ ਨਿਕਲ ਜਾਂਦਾ ਹੈ। ਖਾਨ-ਘਰ ਦਾ ਮਾਲਕ। ਪ੍ਰੀਤਮ-ਪਿਆਰੇ। ਪਰੋਸੀ-ਪੜੋਸੀ, ਗੁਆਂਢੀ। ਧਾਇ-ਦੌੜ ਕੇ। ਜਰਤ- ਬਲਦੀ ਅੱਗ। ਗੋਧਨ- ਗਊਆਂ । ਹਰਤ-ਚਰਾਉਣਾ। ਗੋਪ-ਗੁਆਲਾ, ਗਊਆਂ ਦਾ ਰਾਖਾ। ਗਾਉ-ਪਿੰਡ। ਗੁਹਾਰ -ਗਊ ਚੁਰਾਣ ਵਾਲਿਆਂ ਪਿੱਛੇ ਖੋਜ ਲੈਣ ਵਾਲਿਆਂ ਦੀ ਟੋਲੀ, ਵਾਹਰ। ਤੁਰੰਤ-ਝਟ ਪਟ, ਛੇਤੀ। ਅਥਾਹ- ਬਹੁਤ ਡੂੰਘਾ ਜਲ। ਪ੍ਰਬਲ ਪ੍ਰਵਾਹ-ਤੇਜ਼ (ਤਿਖੀ ਚਾਲ ਵਾਲਾ) ਪਰਵਾਹ। ਪੇਖਤ-ਵੇਖ ਕੇ। ਪੈਰਊਆ-ਪ੍ਰਵੇਸ਼ ਕਰਨ ਵਾਲਾ, ਨਦੀ ਨੂੰ ਤਰ ਕੇ ਪਾਰ ਹੋਣ ਵਾਲਾ, ਤਰਾਕ। ਵਾਰ-ਉਰਲਾ ਕੰਢਾ। ਪਾਰ-ਪਰਲਾ ਕੰਢਾ। ਜਮ ਜਾਲ-ਜਮਾਂ ਦਾ ਜਾਲ। ਕਾਲ ਬਿਆਲ-ਕਾਲ ਰੂਪੀ ਸੱਪ। ਗ੍ਰਸੇ-ਫਾਹੇ। ਸੰਕਟ-ਬਿਪਤਾ।

**ਅਰਥ** : ਜਿਵੇਂ ਘਰ ਨੂੰ ਅੱਗ ਲੱਗਿਆਂ,(ਘਰ ਦਾ) ਮਾਲਕ ਦੌੜ ਕੇ ਨਿਕਲ ਜਾਂਦਾ ਹੈ ਤਾਂ ਪਿਆਰ ਵਾਲੇ ਗੁਆਂਢੀ ਦੌੜ ਕੇ ਸੜਦੇ (ਘਰ) ਦੀ ਅੱਗ ਬੁਝਾਉਂਦੇ ਹਨ।

ਜਿਵੇਂ ਗਊਆਂ ਚੁਰਾਈਆਂ ਜਾ ਰਹੀਆਂ ਹੋਣ ਤਾਂ ਗਊਆਂ ਦਾ ਰਾਖਾ ਪੁਕਾਰ ਕਰਦਾ ਹੈ ਅਤੇ ਪਿੰਡ ਦੀ ਵਾਹਰ (ਪਿੰਡ ਦੇ ਲੋਕੀਂ) ਤੁਰੰਤ ਪਿੱਛੇ ਲੱਗ ਕੇ ਛੁਡਾ ਲੈਂਦੇ ਹਨ।

ਜਿਵੇਂ (ਕੋਈ ਮਨੁੱਖ) ਬਹੁਤ ਡੂੰਘੇ ਅਤੇ ਤੇਜ਼ ਪਰਵਾਹ ਵਾਲੇ ਜਲ ਵਿੱਚ ਡੁੱਬ ਰਿਹਾ ਹੋਵੇ ਤਾਂ ਤਾਰੂ ਮਨੁੱਖ (ਉਸ ਡੁਬਦੇ ਨੂੰ) ਉਰਲੇ ਬੰਨੇ ਤੋਂ ਪਾਰਲੇ ਬੰਨੇ ਜਾ ਲਾਉਂਦਾ ਹੈ।

ਤਿਵੇਂ ਜੋ ਕਿਸੇ ਮਨੁੱਖ ਨੂੰ ਅੰਤ ਸਮੇਂ ਕਾਲ ਰੂਪੀ ਸੱਪ, ਜਮਾਂ ਦੀ ਫਾਹੀ ਵਿੱਚ ਫਸਾ ਰਿਹਾ ਹੋਵੇ,( ਉਸ ਸੰਕਟ ਵਿੱਚ ਪੁਕਾਰ ਕਰਨ ਤੇ) ਗੁਰਸਿੱਖਾਂ, ਸਾਧੂ ਸੰਤਾਂ ਦੀ ਸੰਗਤ ਉਸ ਦੀ ਬਿਪਤਾ ਟਾਲ ਦਿੰਦੀ ਹੈ। (੧੯੭)

ਨਿਹ–ਕਾਮ ਨਿਹ–ਕ੍ਰੋਧ ਨਿਰਲੋਭ ਨਿਰਮੋਹ,
ਨਿਹਮੇਵ ਨਿਹਦੇਵ ਨਿਰਦੋਖ ਵਾਸੀ ਹੈ।।
ਨਿਰਲੇਪ ਨਿਰਬਾਨ ਨਿਰਮਲ ਨਿਰਵੈਰ,
ਨਿਰ–ਬਿਘਨਾਇ ਨਿਰਾਲੰਬ ਅਬਿਨਾਸੀ ਹੈ।।
ਨਿਰਾਹਾਰ ਨਿਰਧਾਰ ਨਿਰੰਕਾਰ ਨਿਰਬਿਕਾਰ,
ਨਿਹਚਲ ਨਿਹਭ੍ਰਾਂਤਿ ਨਿਰਭੈ ਨਿਰਾਸੀ ਹੈ।।
ਨਿਹਕਰਮ ਨਿਹਭਰਮ ਨਿਹ–ਸਰਮ ਨਿਹ–ਸੁਆਦ,
ਨਿਰ – ਬਿਵਾਦ ਨਿਰੰਜਨ ਸੁੰਨਿ ਮੈ ਸੰਨਿਆਸੀ ਹੈ।। ੧੯੮।।

**ਪਦ ਅਰਥ**: ਨਿਹ-ਰਹਿਤ, ਬਿਨਾਂ, ਬਚਿਆ ਹੋਇਆ, ਪਰੇ। ਨਿਹਮੇਵ- ਨਿਰ + ਅਹੰਮੇਵ, ਅਹੰਕਾਰ ਤੋਂ ਰਹਿਤ। ਨਿਹਦੇਵ-ਖੋਟੀ ਬਾਣ ਤੋਂ ਬਿਨਾਂ। ਨਿਰਦੋਖ-ਵਿਕਾਰਾਂ ਤੋਂ ਰਹਿਤ। ਵਾਸੀ-ਵਸਨੀਕ, ਧਾਰਨੀ। ਨਿਰਲੇਪ- ਮਾਇਆ ਦੇ ਪ੍ਰਭਾਵ ਤੋਂ ਬਚਿਆ ਹੋਇਆ। ਨਿਰਬਾਨ-ਬੰਧਨਾਂ ਤੋਂ ਮੁਕਤ। ਨਿਰ-ਬਿਘਨਾਇ-ਵਿਘਨਾਂ ਤੋਂ ਬਚਿਆ ਹੋਇਆ। ਨਿਰਾਲੰਬ-ਨਿਰ +ਆਲੰਬ, ਬਿਨਾਂ ਆਸਰੇ ਦੇ। ਅਬਿਨਾਸੀ-ਨਾਸ ਰਹਿਤ। ਨਿਰਾਹਾਰ- ਖਾਣ ਪੀਣ ਦੀ ਲਾਲਸਾ ਤੋਂ ਰਹਿਤ। ਨਿਰਾਧਾਰ-ਨਿਰ ਆਧਾਰ, ਓਟ-ਸਹਾਰੇ ਰਹਿਤ। ਨਿਰੰਕਾਰ-ਅਕਾਰ ਰਹਿਤ ਪ੍ਰਭੂ। ਨਿਰਬਿਕਾਰ-ਵਿਕਾਰਾਂ ਤੋਂ ਰਹਿਤ। ਨਿਹਚਲ- ਅਡੋਲ, ਸਥਿਰ। ਨਿਹਭ੍ਰਾਂਤਿ- ਭਰਮਾਂ ਵਹਿਮਾਂ ਸ਼ੰਕਿਆਂ ਤੋਂ ਮੁਕਤ । ਨਿਰਭੈ-ਨਿਡਰ। ਨਿਰਾਸੀ- ਆਸਾਂ ਖਾਹਸ਼ਾਂ ਤੋਂ ਮੁਕਤ। ਨਿਹਕਰਮਾਂ-ਕਰਮ-ਕਾਂਡਾਂ ਤੋਂ ਪਰੇ। ਨਿਹਭਰਮ-ਵਹਿਮਾਂ ਭਰਮਾਂ ਤੋਂ ਰਹਿਤ। ਨਿਹਸਰਮ- ਥਕਾਨ ਰਹਿਤ ਅੱਥਕ। ਬਿਵਾਦ- ਵਿਵਾਦ, ਝਗੜਾ। ਸੁੰਨਿ-ਮੈ- ਅਫੁਰ ਅਵਸਥਾ। ਸੰਨਿਆਸੀ- ਤਿਆਗੀ।

**ਅਰਥ** : ਸਤਿਗੁਰੂ ਦਾ ਆਗਿਆਕਾਰੀ ਗੁਰਸਿੱਖ-

ਕਾਮ ਤੋਂ , ਕ੍ਰੋਧ ਤੋਂ, ਲੋਭ ਤੋਂ, ਮੋਹ ਤੋਂ, ਹੰਕਾਰ ਤੋਂ, ਖੋਟੀਆਂ ਵਾਦੀਆਂ ਤੋਂ ਅਤੇ ਵਿਕਾਰਾਂ ਤੋਂ ਰਹਿਤ ਅਵਸਥਾ ਦਾ ਧਾਰਨੀ ਹੁੰਦਾ ਹੈ।

ਮਾਇਆ ਦੇ ਪ੍ਰਭਾਵ ਤੋਂ ਬਚਿਆ ਹੋਇਆ, ਬੰਧਨਾ ਤੋਂ ਮੁਕਤ, ਮੈਲ ਰਹਿਤ, ਵੈਰ-ਭਾਵਨਾ ਤੋਂ ਬਿਨਾਂ, ਵਿਘਨਾਂ ਤੋਂ ਬਚਿਆ ਹੋਇਆ, ਕਿਸੇ ਆਸਰੇ ਤੋਂ ਬਿਨਾਂ, ਅਬਿਨਾਸੀ ਰੂਪ ਹੁੰਦਾ ਹੈ।

ਖਾਣ ਪੀਣ ਦੀ ਚਾਹਨਾ ਤੋਂ ਮੁਕਤ, ਦੇਵੀ ਦੇਵਤਿਆਂ ਆਦਿ ਤੋਂ ਬਚਿਆ ਹੋਇਆ, ਨਿਰੰਕਾਰ ਰੂਪ, ਵਿਕਾਰਾਂ ਤੋਂ ਰਹਿਤ, ਅਡੋਲ, ਭਰਮਾਂ ਤੋਂ ਰਹਿਤ, ਨਿਡਰ ਤੇ ਖਾਹਸ਼ਾਂ ਤੋਂ ਰਹਿਤ ਹੁੰਦਾ ਹੈ।

ਕਰਮ-ਕਾਂਡਾਂ ਤੇ ਵਹਿਮਾਂ ਭਰਮਾਂ ਤੋਂ ਬਚਿਆ ਹੋਇਆ, ਥਕਾਨ ਤੋਂ ਰਹਿਤ ਅੱਥਕ, ਰਸਾਂ ਕਸਾਂ ਦੇ ਸੁਆਦਾਂ ਤੋਂ ਨਿਰ-ਇੱਛਤ, ਝਗੜਿਆਂ ਝਾਂਜਿਆਂ ਤੋਂ ਪਰੇ, ਮਾਇਆ ਦੀ ਕਾਲਖ ਤੋਂ ਬਚਿਆ ਹੋਇਆ, ਅਫੁਰ ਅਵਸਥਾ ਵਿੱਚ ਵਿਚਰਨ ਵਾਲਾ ਤਿਆਗੀ ਹੁੰਦਾ ਹੈ। ੧੯੮।

ਗੁਰਸਿੱਖ ਸਬਦ ਸੁਰਤਿ ਲਿਵ ਸਾਧ ਸੰਗਿ,
ਪਰਮਦਭੁਤ ਪ੍ਰੇਮ ਪੂਰਨ ਪ੍ਰਗਾਸੇ ਹੈ।।


www.AKJ.Org

ਪ੍ਰੇਮ ਰੰਗ ਸੇ ਅਨੇਕ ਰੰਗ, ਜਿਉ ਤਰੰਗ ਗੰਗ,
ਪ੍ਰੇਮ-ਰਸ ਸੇ ਅਨੇਕ ਰਸ ਹੁਇ ਬਿਲਾਸੇ ਹੈ।।
ਪ੍ਰੇਮ ਗੰਧਿ ਸੰਧਿ ਸੈ, ਸੁਗੰਧ ਸਨਬੰਧ ਕੋਟਿ,
ਪ੍ਰੇਮ ਸੂਤ੍ਰ ਅਨਿਕ ਅਨਾਹਦ ਉਲਾਸੇ ਹੈ।।
ਪ੍ਰੇਮ ਅਸਿਪਰਸ ਕੋਮਲਤਾ ਸੀਤਲਤਾ ਕੈ,
ਅਕਥ ਕਥਾ ਬਿਨੋਦ ਬਿਸਮ ਬਿਸ੍ਰਾਸੇ ਹੈ।। ੧੬੯।।

**ਪਦ ਅਰਥ**: ਗੁਰਮੁਖਿ- ਸਤਿਗੁਰੂ ਦਾ ਆਗਿਆਕਾਰੀ ਸਿੱਖ।ਲਿਵ-ਬ੍ਰਿਤੀ। ਪਰਮਦਭੁਤ-ਪਰਮ ਅਦਭੁਤ, ਅਤੀ ਅਸਚਰਜ। ਪ੍ਰਗਾਸ-ਉਪਜਣਾ। ਜਿਉਂ-ਵਾਂਗ। ਤਰੰਗ ਗੰਗ- ਗੰਗਾ ਦੀਆਂ ਲਹਿਰਾਂ। ਬਿਲਾਸ-ਅਨੰਦ। ਗੰਧ-ਸੁਗੰਧੀ। ਸੰਧਿ-ਸੰਧੀ, ਮੇਲ। ਕੋਟਿ-ਕਰੋੜਾਂ। ਸੂਤਿ-ਸ੍ਰੋਤ, ਧੁਨੀ। ਅਨਾਹਦ-ਇੱਕ ਰਸ ਨਾਦ। ਉਲਾਸ-ਪ੍ਰਕਾਸ਼ ਚਮਤਕਾਰ, ਆਨੰਦ, ਖੇੜਾ। ਅਸਪਰਸ-ਅਛੋਹ। ਬਿਨੋਦ-ਕੌਤਕ। ਬਿਸਮ-ਅਸਚਰਜ, ਅਲੌਕਿਕ। ਬਿਸ੍ਰਾਸੇ-ਵਿਸ਼ਵਾਸ, ਸਿਦਕ।

**ਅਰਥ**: ਸਾਧ ਸੰਗਤ ਦੇ ਸੰਗ ਸਾਥ ਸੁਰਤਿ ਵਿੱਚ ਸ਼ਬਦ ਨੂੰ ਵਸਾ ਕੇ ਲਿਵ ਜੋੜਿਆਂ ਅਗਿਆਕਾਰੀ ਗੁਰਸਿੱਖ (ਦੇ ਹਿਰਦੇ) ਵਿੱਚ ਪਰਮ ਅਲੌਕਿਕ ਪੂਰਨ ਪ੍ਰੇਮ ਉਪਜਦਾ ਹੈ।

(ਨਾਮ-ਸਿਮਰਨ ਤੋਂ ਉਪਜੇ) ਪ੍ਰੇਮ-ਰੰਗ ਵਿੱਚ ਗੰਗਾ ਦੀਆਂ ਲਹਿਰਾਂ ਵਾਂਗ ਅਨਿਕ- ਤਰੰਗੀ- ਰੰਗ, ਲਹਿਰਾਂ ਮਾਰਦੇ ਹਨ ਅਤੇ ਪ੍ਰੇਮ ਰਸ ਵਿੱਚ ਅਨੇਕਾਂ ਰਸਾਂ ਦਾ ਆਨੰਦ ਗੁਰਮੁਖ ਲਈ ਹੁੰਦਾ ਹੈ। (ਨਾਮ ਅਭਿਆਸ ਦੀ ਕਮਾਈ ਸਦਕਾ) ਉਸ ਪ੍ਰੇਮ ਸੁਗੰਧੀ ਦੇ ਮੇਲ ਵਿੱਚ ਕਰੋੜਾਂ ਸੁਗੰਧੀਆਂ ਦਾ ਮੇਲ ਹੁੰਦਾ ਹੈ ਅਤੇ ਇਸ ਪ੍ਰਭੂ ਪ੍ਰੇਮ ਦੀ ਸੁਗੰਧੀ ਵਿਚੋਂ ਉਪਜੀ ਇਕ ਰਸ ਅਨਾਹਦੀ ਧੁਨੀ ਵਿੱਚ ਅਨੇਕਾਂ (ਰਾਗਾਂ ਦੀਆਂ) ਧੁਨੀਆਂ ਦਾ ਖੇੜਾ ਹੁੰਦਾ ਹੈ।

(ਨਾਮ-ਸਿਮਰਨ ਦੇ ਤੁਫੈਲ) ਉਸ ਪ੍ਰੇਮ ਦੀ ਕੋਮਲਤਾ ਤੇ ਸੀਤਲਤਾ ਨੂੰ ਕੋਈ ਅੱਪੜ ਨਹੀਂ ਸਕਦਾ, (ਉਸ ਦਸ਼ਾ ਵਿੱਚ ਮਾਣੇ ਜਾ ਰਹੇ) ਆਨੰਦ- ਬਿਨੋਦ ਦੀ ਕਥਾ ਕਥੀ ਨਹੀਂ ਜਾ ਸਕਦੀ, ਖੱਸ ਅਸਚਰਜ ਸਿਦਕ ਹੀ ਉਪਜਾਉਂਦੀ ਹੈ। ੧੬੯।

ਪ੍ਰੇਮ ਰੰਗ ਸਮਸਰਿ ਪੁਜਸਿ ਨ ਕੋਊ ਰੰਗ,
ਪ੍ਰੇਮ ਰਸ ਪੁਜਸਿ ਨ ਅਨ-ਰਸ ਸਮਾਨਿ ਕੈ।।
ਪ੍ਰੇਮ ਗੰਧ ਪੁਜਸਿ ਨ ਆਨ ਕੋਊਐ ਸੁਗੰਧ,
ਪ੍ਰੇਮ ਪ੍ਰਭੁਤਾ ਪੁਜਸਿ ਪ੍ਰਭਤਾ ਨੇ ਆਨ ਕੈ।।
ਪ੍ਰੇਮ-ਤੋਲੁ ਤੁਲਿ ਨ ਪੁਜਸਿ ਤੋਲੁ ਤੁਲਾਧਾਰ,
ਮੋਲ-ਪ੍ਰੇਮ ਪੁਜਸਿ ਨ ਸਰਬ ਨਿਧਾਨ ਕੈ।।
ਏਕ ਬੋਲ ਪ੍ਰੇਮ ਕੇ ਪੁਜਸਿ ਨਹੀਂ ਬੋਲ ਕੋਊ,
ਗਿਆਨ ਉਨਮਾਨ ਅਸਕਿਕਤ ਕੋਟਾਨ ਕੈ।। ੧੭੦।।

**ਪਦ ਅਰਥ**: ਸਮਸਰਿ- ਬਰਾਬਰ, ਸਮਾਨ, ਤੁਲ। ਪੁਜਸਿ-ਪੁਜਦੇ। ਸਮਾਨਿ-ਸਮਾਨਤਾ,ਬਰਾਬਰੀ। ਗੰਧ-ਸੁਗੰਧੀ। ਕੋਊਐ - ਕੋਈ ਭੀ। ਪ੍ਰਭੁਤਾ-ਵਡਿਆਈ। ਤੋਲੁ- ਵਜ਼ਨ, ਵੱਟਾ । ਤੁਲਿ-ਸਮਾਨ। ਤੁਲਾਧਾਰ-ਤਕੜੀ। ਸਰਬਨਿਧਾਨ-ਸਾਰੇ ਖਜ਼ਾਨੇ, ਦੁਨੀਆ ਭਰ ਦੇ ਖ਼ਜ਼ਾਨੇ। ਉਨਮਾਨ-ਅਨੁਮਾਨ, ਅੰਦਾਜਾ, ਕਿਆਫਾ। ਅਸ-ਇਸ ਤਰ੍ਹਾਂ। ਥਕਤ-ਥੱਕ ਜਾਂਦੇ ਹਨ, ਹਾਰ ਹੁਟ ਜਾਂਦੇ ਹਨ। ਕੋਟਾਨ- ਕਰੋੜਾਂ।

**ਅਰਥ**: (ਨਾਮ ਅਭਿਆਸ ਦੀ ਕਮਾਈ ਦੇ ਤੁਫੈਲ ਉਪਜੇ) ਪ੍ਰੇਮ ਰੰਗ ਦੀ ਬਰਾਬਰੀ ਨੂੰ ਦੁਨੀਆਂ ਦਾ ਕੋਈ ਹੋਰ ਰੰਗ ਨਹੀਂ ਪੁਜ ਸਕਦਾ ਅਤੇ ਪ੍ਰੇਮ ਰਸ ਦੀ ਸਮਾਨਤਾ ਨੂੰ ਕੋਈ ਰਸ ਨਹੀਂ ਅਪੜ ਸਕਦਾ।

(ਗੁਰ-ਸ਼ਬਦ ਵਿੱਚ ਜੁੜਨ ਸਦਕਾ ਉਪਜੀ) ਪ੍ਰੇਮ-ਸੁਗੰਧੀ ਨੂੰ (ਦੁਨੀਆਂ ਭਰ ਦੀ) ਕੋਈ ਸੁਗੰਧ ਨਹੀਂ ਪੁੱਜ ਸਕਦੀ ਅਤੇ(ਦੁਨੀਆਂ ਦੀ) ਕੋਈ ਵਡਿਆਈ ਵੀ (ਨਾਮ-ਸਿਮਰਨ ਤੋਂ ਉਪਜੇ) ਪ੍ਰੇਮ ਦੀ ਵਡਿਆਈ ਨੂੰ ਨਹੀਂ ਪੁੱਜ ਸਕਦੀ।

ਸੁਰਤਿ ਵਿੱਚ ਸੁਰ ਸ਼ਬਦ ਦਾ ਮੇਲ ਹੋਣ ਸਦਕਾ ਪ੍ਰੇਮ ਦੇ ਤੋਲ ਦੀ ਬਰਾਬਰੀ ਨੂੰ ਨਾ ਕੋਈ ਤੋਲ ਅਤੇ ਨਾ ਕੋਈ ਤੱਕੜੀ ਅੱਪੜ ਸਕਦੀ ਹੈ ਅਤੇ ਇਸ ਅਮੋਲਕ ਪ੍ਰੇਮ ਦੇ ਮੁੱਲ ਨੂੰ ਦੁਨੀਆਂ ਭਰ ਦੇ ਖਜ਼ਾਨੇ ਨਹੀਂ ਅੱਪੜ ਸਕਦੇ। ਨਾਮ ਸਿਮਰਨ ਦੇ ਤੁਫੈਲ ਉਪਜੇ ਪ੍ਰੇਮ ਦੇ ਇਕ ਬੋਲ ਨੂੰ (ਦੁਨੀਆਂ ਭਰ ਦਾ) ਕੋਈ ਵਖਿਆਨ ਨਹੀਂ ਅੱਪੜ ਸਕਦਾ। ਇਸ ਤਰ੍ਹਾਂ ਕਰੋੜਾਂ (ਗ੍ਰੰਥਾਂ ਦੇ ਤਰਕ-ਕੁਤਰਕ ਵਾਲੇ) ਗਿਆਨੀ (ਪ੍ਰੇਮ ਦੀ ਬਿਵਸਥਾ ਦੇ) ਕਿਆਫੇ ਲਾਉਂਦੇ ਹੀ ਥੱਕ ਗਏ ਹਨ, ਭਾਵ, ਉਹ ਕੁਝ ਨਹੀਂ ਦੱਸ ਸਕੇ। ੧੭੦।

**ਜੈਸੇ ਜਲ ਮਹਿ ਕਮਲੁ ਨਿਰਾਲਮੁ, ਮੁਰਗਾਈ ਨੈਸਾਣੇ ।।**
**ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ ।।**
(ਸਿਧ ਗੋਸਟਿ, ਪੰਨਾ-੯੩੮)



www.AKJ.Org

# ਭਗਤਾ ਕੀ ਚਾਲ ਨਿਰਾਲੀ ।।

(ਪੰਨਾ- ੯੧੮)

(* ਭਾਈ ਜੋਗਿੰਦਰ ਸਿੰਘ ਜੀ ਤਲਵਾੜਾ)

ਖਾਲਸਾ' ਜੋਰ ਜ਼ੁਲਮ ਦਾ ਨਾਸ ਕਰਨ ਲਈ ਅਤੇ ਧਰਤੀ ਉੱਤੇ ਧਰਮ ਦਾ ਰਾਜ ਸਥਾਪਿਤ ਕਰਨ ਲਈ ਅਕਾਲ ਪੁਰਖ ਕੀ ਫੌਜ ਹੈ। ਫੌਜੀ ਕਰੱਤਵ ਦੀ ਪਾਲਨਾ ਲਈ ' ਖਾਲਸਾ' ਰਫਤਾਰ, ਦਸਤਾਰ ਅਤੇ ਗੁਫਤਾਰ, ਅਥਵਾ ਖ਼ੁਰਾਕ, ਪੁਸ਼ਾਕ ਅਤੇ ਇਖਲਾਕ ਦੇ ਅਧਾਰ ਤੇ ਹੋਰ ਸੰਸਾਰੀ ਜੀਵਾਂ ਤੋਂ ਵਿੱਲਖਣ ਹੈ। ਗੁਰਬਾਣੀ ਦਾ ਫ਼ੁਰਮਾਨ ਹੈ:-

**ਭਗਤਾ ਤੈ ਸੈਸਾਰੀਆਂ ਜੋੜੁ ਕਦੇ ਨ ਆਇਆ ।।**
**੧੬।। ਵਾਰ ਮਾਝ ਮ: ੧ ਪੰਨਾ- ੧੪੫)**

ਭਗਤ ਲਿਵ ਦਾ ਪਾਂਧੀ ਹੈ ਅਤੇ ਸੰਸਾਰੀ ਬਿਲਕੁਲ ਉਲਟ ਦਿਸ਼ਾ ਵਾਲੇ ਹਨ ਅਤੇ ਦੋਹਾਂ ਰਸਤਿਆਂ ਤੇ ਚੱਲਣ ਵਾਲਿਆਂ ਲਈ ਸਫਰ ਦੇ ਕਾਇਦੇ ਕਾਨੂੰਨ ਵੱਖ- ਵੱਖ ਹਨ।

ਭਗਤਾਂ ਦੀ ਜੀਵਨ ਚਾਲ ਆਦਿ ਕਾਲ ਤੋਂ ਹੀ ਨਿਰਾਲੀ ਰਹੀ ਹੈ। ਜਦ ਕਿ ਬਾਕੀ ਸਾਰੇ ਸੰਸਾਰੀ ਜੀਵ ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਤਿਲਾਂਜਲੀ ਦੇ ਕੇ ਜਮਾਨੇ ਦੀ ਚਾਲ ਚੱਲਦੇ ਹਨ, ਉਥੇ ਭਗਤ ਜਨ ਜੀਵਨ ਦੀਆਂ ਕਦਰਾਂ- ਕੀਮਤਾਂ ਨੂੰ ਸਦਾ ਛਾਤੀ ਨਾਲ ਲਾਈ ਰੱਖਦੇ ਹਨ ਅਤੇ ਜੀਵਨ ਪ੍ਰਯੰਤ ਇਹਨਾਂ ਤੇ ਪਹਿਰਾ ਦੇਂਦਿਆਂ ਹਰ ਕੁਰਬਾਨੀ ਲਈ ਤਤਪਰ ਰਹਿੰਦੇ ਹਨ।

ਇਹ ਬੜਾ ਬਿਖਮ ਰਾਹ ਹੈ। ਪਰ ਜਿਸ ਕਿਸੇ ਨੇ ਅੰਦਰਲੇ ਲੁਪਤ ਗੁਪਤ ਅਮੋਲਕ ਖ਼ਜ਼ਾਨੇ ਪ੍ਰਾਪਤ ਕਰਨ ਦਾ ਟੀਚਾ ਮਿਥਿਆ ਹੁੰਦਾ ਹੈ ਉਸ ਨੂੰ ਕਠਿਨਾਈ ਝੱਲਣੀ ਪੈਂਦੀ ਹੈ। ਕਰੜੀ ਘਾਲਣਾ ਘਾਲ ਕੇ ਗੁਰੂ ਪਦ ਨੂੰ ਪ੍ਰਾਪਤ ਹੋਏ ਤੀਜੇ ਗੁਰਦੇਵ ਜੀ ਦਾ ਪਾਵਨ ਫੁਰਮਾਨ ਹੈ:-

**ਭਗਤਾ ਕੀ ਚਾਲ ਨਿਰਾਲੀ।।**
**ਚਾਲਾ ਨਿਰਾਲੀ ਭਗਤਾਹ ਕੇਰੀ**
**ਬਿਖਮ ਮਾਰਗਿ ਚਲਣਾ।।**
**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ**
**ਨਾਹੀ ਬੋਲਣਾ।।**
**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।।**
**(ਰਾਮਕਲੀ ਮ: ੩ ਅਨੰਦ ਪੰਨਾ ੯੧੯)**

ਖਾਲਸਾ ਅਕਾਲ ਪੁਰਖ ਨਾਲ ਆਪਣਾ ਸਬੰਧ ਜੋੜਦਾ ਹੈ ਅਤੇ ਜੀਵਨ ਦਾ ਪ੍ਰਮੁਖ ਨਿਸ਼ਾਨਾ ' ਅਕਾਲ ਪੁਰਖ ਵਿੱਚ ਅਭੇਦਤਾ' ਮਿਥਦਾ ਹੈ। ਸੱਚ ਸਰੂਪ ਅਕਾਲ ਪੁਰਖ ਵਿੱਚ ਅਭੇਦਤਾ ਲਈ ਸਚਿਆਰ ਬਣਨਾ ਮੁਢਲੀ ਸ਼ਰਤ ਹੈ, ਸਚਿਆਰ ਪਦ ਦੀ ਪ੍ਰਾਪਤੀ ਲਈ ਖਾਲਸਾ ਆਪਣੇ ਅੰਦਰਲੇ ਨੂੰ ਬਣਾ ਸੰਵਾਰ ਕੇ ਸੋਧਾ ਚਾੜਦਾ ਹੈ ਅਤੇ ਪਾਪਾਂ ਵਿਕਾਰਾਂ ਦੀ ਸਾਰੀ ਮੈਲ ਅਤੇ ਹਉਮੈ ਦੀ ਬਦਬੋ ਦਾ ਨਮੂਜ ਨਹੀਂ ਰਹਿਣ ਦਿੰਦਾ, ਸਵੱਛ ਹਿਰਦੇ ਨੂੰ ਨਾਮ ਕਥੂਰੀ ਨਾਲ ਪ੍ਰਜਵਲਤ ਕਰਕੇ ਪੂਰਨ ਜੋਤਿ ਦਾ ਪ੍ਰਕਾਸ਼ ਕਰਦਾ ਹੈ।

ਕੋਈ ਦੱਸੇ ? ਨਾਮ ਨਾਲ ਸੁਗੰਧਤ ਹੋਏ ਉੱਜਲ ਦੀਦਾਰੀ ਖਾਲਸੇ ਦਾ ਉਹਨਾਂ ਲੋਕਾਂ ਨਾਲ ਕੀ ਵਾਸਤਾ, ਜੋ ਗਲ-ਗਲ ਤਕ ਵਿਕਾਰਾਂ ਦੇ ਚਿੱਕੜ ਵਿੱਚ ਫਾਥੇ ਤੇ ਲਿਬੜੇ ਹੋਏ ਹਨ।

ਸੱਚ ਅਤੇ ਸੁੱਚ ਦੋਹਾਂ ਦਾ ਅਟੁੱਟ ਸਬੰਧ ਹੈ। ਖਾਲਸਾ ਸੱਚ ਦਾ ਵਾਪਾਰੀ ਹੈ. ਸੁੱਚ ਤੋਂ ਬਗੈਰ ਸੱਚ ਦਾ ਵਾਪਾਰ ਨਿਭ ਨਹੀਂ ਸਕਦਾ। ਸੋ ਖਾਲਸਾ ਜਿੰਦਗੀ ਦੇ ਹਰ ਪੱਖ ਵਿੱਚ ਸੁੱਚ ਅਤੇ ਸੱਚ ਨੂੰ ਧਾਰਨ ਕਰਦਾ ਹੈ ਜੂਠ ਅਤੇ ਝੂਠ ਨੂੰ ਨੇੜੇ ਫਟਕਣ ਨਹੀਂ ਦਿੰਦਾ।

ਖਾਲਸਾ ਨਿਰਮਲ ਮਤਿ ਧਾਰਨ ਕਰਦਾ ਹੈ। ਜਿਸ ਦੇ ਫਲਸਰੂਪ ਉਸ ਨੂੰ ਲੋਕ-ਪਰਲੋਕ ਵਿਚ ਪਤਿ ਆਬਰੋ ਮਿਲਦੀ ਹੈ। ਖਾਲਸੇ ਨੇ ਮਤਿ ਅਤੇ ਪਤਿ ਦਾ ਰਾਖਾ ਅਕਾਲ ਪੁਰਖ ਨੂੰ ਬਣਾਇਆ ਹੋਇਆ ਹੈ। ਅਕਾਲ ਪੁਰਖ ਨੇ ਖਾਲਸੇ ਨੂੰ ਸੰਸਾਰ ਵਿੱਚ ਆਪਣਾ ਪ੍ਰਤੀਨਿਧ ਥਾਪਿਆ ਹੋਇਆ ਹੈ। ਇਸ ਲਈ ਉਚੀ ਮਤਿ ਅਤੇ ਉਜਲੀ ਪਤਿ ਦਾ ਸੁਆਮੀ ਖਾਲਸਾ ਸਾਰੇ ਸਾਊ ਲੋਕਾਂ ਦੀ ਮਤਿ ਪਤਿ ਦੀ ਰਖਵਾਲੀ ਜ਼ਾਮਨ ਹੋ ਨਿਬੜਿਆ ਹੈ ਤੇ ਆਪਣੇ ਇਸ ਪਾਵਨ ਕਰਤਵ ਲਈ ਖਾਲਸੇ ਨੇ ਅਣਗਿਣਤ ਵਾਰੀ ਆਪਣਾ ਲਹੂ ਡੋਲ੍ਹਿਆ ਹੈ ਜਦ ਕਿ ਲਾਲਚ ਤੇ ਹਵਸ ਅਧੀਨ ਮਾਇਕੀ ਜਗਤ, ਨਿਤਾਣਿਆਂ ਦੀ ਮਤਿ ਪਤਿ ਦਾ ਲੋਟੂ ਹੋ ਕੇ ਵਰਤ ਰਿਹਾ ਹੈ। ਖਾਲਸਾ ਅਜਿਹੇ ਹਵਸ ਗ੍ਰਸਤ ਪਸ਼ੂ ਮਨੁੱਖਾਂ ਤੋਂ ਨਿਰਾਲਾ ਹੀ ਰਹੇਗਾ।

ਗੁਰੂ ਬਾਬੇ ਦਾ ਫੁਰਮਾਨ ਹੈ:-

**ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ।।**
**ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ**
**ਸਿਕਦਾਰੁ ।।੧।।੨੦।।**
**(ਵਾਰ ਬਿਹਾਗੜਾ, ਸਲੋਕ ਮ: ੧-੫੫੬ )**



www.AKJ.Org

ਕਲਯੁਗ ਨੰਗਾ ਨਾਚ ਨੱਚ ਰਿਹੈ । ਇਹਨੇ ਅਜਿਹਾ ਜਾਦੂ ਫੂਕਿਐ ਕਿ ਲੋਕ ਭੂਤਨਿਆਂ ਵਾਂਗ ਇਸਦੀ ਨਾਚ-ਮੰਡਲੀ ਵਿਚ ਸ਼ਾਮਲ ਹੋ ਬੇਹਯਾਈ ਦਾ ਨਾਚ ਨੱਚ ਰਹੇ ਹਨ । ਮਾਂ, ਪੁੱਤ, ਪਿਉ, ਧੀ, ਸਾਰਿਆਂ ਦੇ ਇਹ ਕਲਯੁਗੀ ਜਾਦੂ ਅਜਿਹਾ ਸਿਰ ਚੜ੍ਹਿਆ ਹੈ ਕਿ ਸਾਰੇ ਹੀ ਭਮਤਰੇ ਫਿਰਦੇ ਹਨ। ਇਹਨਾਂ ਦਾ ਖਾਣ ਪਾਣ ਪਹਿਰਾਨ ਸਾਰਾ ਭੂਤਨਿਆਂ ਵਾਲਾ ਹੋ ਗਿਆ ਹੈ। ਸਾਰਿਆਂ ਦੇ ਚਿਹਰਿਆਂ ਤੇ ਮੁਰਦੇਹਾਣੀ ਛਾਈ ਹੋਈ ਹੈ ਅਤੇ ਸਾਰੇ ਇਕੋ ਰਟ ਲਾਈ ਜਾ ਰਹੇ ਹਨ:- ' ਹਾਇ ਮਾਇਆ, ਹਾਇ ਮਾਇਆ' ਤੇ ਮਾਇਆ ਦੀ ਖਾਤਰ ਸਾਰਾ ਟੱਬਰ ਖਹ-ਮ-ਖਹ ਕਰ ਕੇ ਕੁਰਲਾਹਟ ਪਾ ਰਿਹਾ ਹੈ। ਮਾਇਆ ਸਾਰਿਆਂ ਦੇ ਨੱਕ ਵਿੱਚ ਨਕੇਲ ਪਾ ਕੇ ਬਾਂਦਰ-ਨਾਚ ਨਚਾ ਰਹੀ ਹੈ। ਬੇ-ਹਯਾਈ ਦੇ ਇਸ ਨਾਚ ਚੋਂ ਬਚਿਆ ਹੈ ਅਕਾਲ ਪੁਰਖ ਦਾ ਸਾਜਿਆ ਨਿਵਾਜਿਆ ਅਗੰਮੜਾ ਮਰਦ ਖਾਲਸਾ ਜੋ ਸਤਿਗੁਰੂ ਦੀ ਦੱਸੀ, ਦ੍ਰਿੜਾਈ ਰਹਿਤ ਰਹਿਣੀ ਦੀ ਗਮ-ਕਾਰ ਵਿੱਚ ਆ ਗਿਆ ਹੈ। ਨਾਮ-ਰਸ ਦੀ ਬਰਕਤ ਨਾਲ ਇਹ ਪੂਰਨ ਤੌਰ ਤੇ ਤ੍ਰਿਪਤ ਹੋ ਗਿਐ ਤੇ ਇਹਦੇ ਚਿਹਰੇ ਤੇ ਨੂਰ ਡਲ੍ਹਕਾਂ ਮਾਰਦਾ ਹੈ।

ਬੇ-ਹਯਾ ਭੂਤ-ਮੰਡਲੀ ਅਤੇ ਸ਼ਰਮ ਹਯਾ ਦੇ ਪੁੰਜ ਖਾਲਸੇ ਵਿੱਚ ਪਰਸਪਰ ਜੋੜ ਮਿਲਾਪ ਕਿਵੇਂ ਹੋਵਲ ?

ਸੰਸਾਰ-ਸਰੋਵਰ ਉਤੇ ਸਾਕਤ-ਬਗਲੇ ਅਤੇ ਗੁਰਸਿੱਖ ਹੰਸਲੇ, ਦੋਵੇਂ ਭਾਵੇਂ ਇੱਕਠੇ ਹੀ ਵਸਦੇ ਨੇ, ਪਰ ਆਪਣੇ ਸੁਭਾਅ ਅਨੁਸਾਰ ਸਾਕਤ-ਬਗਲੇ ਸਦਾ ਕਰੰਗ ਬਿਖੂ ਦੀ ਭਾਲ ਵਿੱਚ ਰਹਿੰਦੇ ਹਨ ਅਤੇ ਗੁਰਸਿੱਖ ਹੰਸਲੇ ਰਤਨ-ਚੋਗ ਦੀ ਝਾਕ ਵਿੱਚ। ਬਗਲਿਆਂ ਤੇ ਹੰਸਾਂ ਵਿੱਚ ਕੋਈ ਪਰਸਪਰ ਸਾਂਝ ਨਹੀਂ, ਏਸੇ ਤਰ੍ਹਾਂ ਸਾਕਤਾਂ ਅਤੇ ਖਾਲਸੇ ਦਾ ਪਰਸਪਰ ਜੋੜ ਸੰਭਵ ਹੀ ਨਹੀਂ।

ਸਾਕਤ ਆਪਣੀ ਖਸਲਤ ਮੁਜਬ ਸਦਾ ਵਿਖਾਂਧ ਹੀ ਪੈਦਾ ਕਰਦਾ ਹੈ। ਗੁਰਬਾਣੀ ਵਿੱਚ ਸਾਕਤ ਨੂੰ ਕੰਡਿਆਲੀ ਬੇਰੀ ਨਾਲ ਤੁਲਨਾ ਦਿਤੀ ਗਈ ਹੈ। ਜੋ ਆਪਣੇ ਨਾਲ ਉੱਗੇ ਕੇਲੇ ਦੇ ਪੱਤੇ ਲੀਰੋ ਲੀਰ ਕਰ ਸੁੱਟਦੀ ਹੈ:-

**ਕਬੀਰ ਮਾਰੀ ਮਰਉ ਕੁਸੰਗ ਕੀ,**
**ਕੇਲੇ ਨਿਕਟਿ ਜੁ ਬੇਰਿ ।।**
**ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ**
**।। ੮੮ ।।** (ਸਲੋਕ ਕਬੀਰ ਜੀ, ਪੰਨਾ-੧੩੬੯)

ਇਸ ਦੇ ਉਲਟ ਸਤ-ਪੁਰਸ਼ ਬਾਵਨ ਚੰਦਨ ਸਮਾਨ ਹੁੰਦੇ ਹਨ ਜੋ ਜੰਗਲ ਦੇ ਢੱਕ ਪਲਾਹ ਆਦਿਕ ਸਾਰੀ ਬਨਸਪਤੀ ਨੂੰ ਚੰਦਨ ਬਣਾ ਦਿੰਦੇ ਹਨ - -

**ਭਾਰ ਅਠਾਰਹ ਮਹਿ ਚੰਦਨੁ ਊਤਮ**
**ਚੰਦਨ ਨਿਕਟਿ ਸਭ ਚੰਦਨੁ ਹੁਈਆ ।। ੨ ।।**
(ਬਿਲਾਵਲੁ ਮ: ੪ ਪੰਨਾ- ੮੩੪)

ਸੋ ਸੁਭਾਅ ਦੇ ਬੁਨਿਆਦੀ ਅੰਤਰ ਕਾਰਨ ਸਾਕਤਾਂ ਤੇ ਸੰਤਾਂ ਵਿਚ ਜੋੜ ਕਾਹਦਾ ?

ਗੁਰੂ ਪਾਤਸ਼ਾਹ ਖਾਲਸੇ ਨੂੰ ਅੰਮ੍ਰਿਤ ਛਕਾ ਕੇ, ਇਸਦੀ ਸਮੁੱਚੀ ਸਖਸ਼ੀਅਤ ਨੂੰ ਰਸ ਭਿੰਨੀ ਕਰ ਦਿੰਦੇ ਹਨ। ਖਾਲਸੇ ਦੇ ਨੈਣਾਂ ਅਤੇ ਬੈਣਾਂ ਵਿਚੋਂ ਸਦਾ ਅੰਮ੍ਰਿਤ ਝਰਦਾ ਹੈ। ਖਾਲਸਾ ਸਾਸ ਗ੍ਰਾਸ ਅੰਮ੍ਰਿਤ-ਨਾਮ ਭੁੰਚਦਾ ਹੈ, ਅਤੇ ਸੰਸਾਰ ਨੂੰ ਅੰਮ੍ਰਿਤ ਹੀ ਵੰਡਦਾ ਹੈ।

ਦੂਸਰੇ ਪਾਸੇ ਮਾਇਆ ਨਾਗਣੀ ਦੇ ਡੱਸੇ ਹੋਏ ਤ੍ਰਿਸ਼ਨਾਲੂ ਸਾਕਤ ਜੀਵਨ ਪ੍ਰਯੰਤ ਬਿਖ ਵਿਹਾਝਦੇ ਤੇ ਬਿਖ ਹੀ ਸੰਚਦੇ ਹਨ ਅਤੇ ਸੰਸਾਰ ਵਿੱਚ ਬਿਖ ਹੀ ਵਿਖੇਰਦੇ ਹਨ। ਉਹਨਾਂ ਦੀਆਂ ਅੱਖਾਂ ਵਿਚੋਂ ਕਾਮ-ਚੰਚਲਤਾ ਦੇ ਬਿਖੂ-ਬਾਣ ਨਿਕਲਦੇ ਰਹਿੰਦੇ ਹਨ ਅਤੇ ਮੂੰਹੋਂ ਵੀ ਸਦਾ ਬਿਖ ਹੀ ਉਗਲਦੇ ਹਨ।

ਅੰਮ੍ਰਿਤ ਅਤੇ ਬਿਖ ਦੋਵੇਂ ਹੀ ਸੰਸਾਰ ਰੂਪ ਬੂਟੇ ਦੇ ਫਲ ਹਨ ਪਰ ਦੋਹਾਂ ਦੀ ਤਸੀਰ ਸਵੈ-ਵਿਰੋਧੀ ਹੈ। ਇਹਨਾਂ ਦਾ ਪਰਸਪਰ ਮੇਲ ਨਹੀਂ। ਏਸੇ ਤਰ੍ਹਾਂ ਅੰਮ੍ਰਿਤਧਾਰੀ ਖਾਲਸੇ ਅਤੇ ਬਿਖਈ ਪੁਰਸ਼ਾਂ ਦਾ ਕੋਈ ਸਾਂਝ ਵਾਸਤਾ ਨਹੀਂ। ਆਪਣੀ ਬੋਲ ਬਾਣੀ ਕਰਕੇ ਆਪਣੀ ਕਰਣੀ ਕਰਤੂਤ ਕਰਕੇ ਖਾਲਸਾ ਸਦਾ ਨਿਆਰਾ ਹੀ ਰਹੇਗਾ। ਖਾਲਸੇ ਦਾ ਨਿਆਰਾਪਨ ਸੰਸਾਰ ਨੂੰ ਰੜਕਦਾ ਨਹੀਂ ਸਗੋਂ ਸੁਖਾਂਦਾ ਹੈ। ਜੇ ਰੜਕਦਾ ਹੈ ਤਾਂ ਕੇਵਲ ਗਰਜ਼ ਗ੍ਰਸਤ ਤੇ ਹਵਸ-ਪ੍ਰਸਤ ਲੋਕਾਂ ਨੂੰ। ਖਾਲਸੇ ਦੀ ਹੋਂਦ ਹਸਤੀ ਹਰੇਕ ਦੀ ਪਤ- ਆਬਰੋ ਦੀ ਸੁਰਖਿਆ ਦੀ ਜਾਮਨ ਹੈ।

" **ਦੇਖ ਪਰਾਈਆ ਚੰਗੀਆ ਮਾਵਾਂ ਭੈਣਾਂ ਧੀਆਂ ਜਾਣੈ**" (ਵਾਰ ਭਾਈ ਗੁਰਦਾਸ ੨ ੯ ਪਉੜੀ-੧੧) ਅਤੇ " **ਤੈਸਾ ਸੁਵਰਨ ਤੈਸੀ ਉਸੁ ਮਾਟੀ**" (੨੭੧) ਇਹ ਖਾਲਸਾ ਜੀ ਦੀ ਉਹ ਖੂਬੀ ਹੈ ਜਿਸਦੀ ਵਿਰੋਧੀ ਵੀ ਸਿਫਤ ਕਰਨੋਂ ਨਹੀਂ ਰਹਿ ਸਕੇ।

ਬਾਕੀ ਪੰਨਾ- ੧੭ ਉਤੇ



www.AKJ.Org

# ਖਾਲਸਾ ਨਿਆਰਾ ਕਿਉਂ?

ਕਿਉਂਕਿ -

੧. ਇਹ ਨਾਨਕ ਜੋਤਿ ਦਸਮ ਪਾਤਿਸ਼ਾਹ ਦਾ ਖਾਸ ਰੂਪ ਹੈ।

੨. ਇਸ ਦੀ ਸਾਬਤ ਸੂਰਤ ਤੇ ਸਿਰ ਦਸਤਾਰ ਹੈ।

੩. ਇਹ ਪੰਜ ਕਕਾਰ ਦਾ ਧਾਰਨੀ ਹੈ।

੪. ਇਹ ਖੰਡੇ ਦੀ ਪਾਹੁਲ ਲੈਕੇ(ਅੰਮ੍ਰਿਤ ਛੱਕ ਕੇ) ਗੁਰੂ ਵਾਲਾ ਬਣਿਆ ਹੋਇਆ ਹੈ, ਨਿਗੁਰਾ ਨਹੀਂ।

੫. ਇਸਨੇ ਦੁਨਿਆਵੀ ਗਹਿਣੇ ਛੱਡ ਕੇ "ਹਰਿ ਨਾਮ" ਦਾ ਹਾਰ ਪਾਇਆ ਹੋਇਆ ਹੈ।

੬. ਇਹ ਅੰਮ੍ਰਿਤ ਵੇਲੇ ਦੀ ਸੰਭਾਲ ਕਰਦਾ ਹੈ।

੭. ਇਹ ਨਾਮ ਜਪਦਾ, ਧਰਮ ਦੀ ਕਿਰਤ ਕਰਦਾ ਅਤੇ ਵੰਡ ਕੇ ਛਕਦਾ ਹੈ।

੮. ਇਹ ਗੁਰ ਹੁਕਮਾਂ ਅਨੁਸਾਰ ਚਲਦਾ ਹੈ ।

੯. ਇਹ ਨਾਮ, ਦਾਨ, ਇਸ਼ਨਾਨ ਦੇ ਅਸੂਲ ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੰਦਾ ਹੈ।

੧੦. ਇਹ ਵਿਕਾਰੀ ਭੋਜਨ ਨਹੀਂ ਛਕਦਾ।

੧੧. ਇਹ ਨਸ਼ਿਆਂ ਦਾ ਸੇਵਨ ਨਹੀਂ ਕਰਦਾ।

੧੨. ਇਹ ਪਰ-ਧਨ, ਪਰ-ਤਨ, ਪਰ ਨਿੰਦਾ ਤੋਂ ਬਚਕੇ ਰਹਿੰਦਾ ਹੈ।

੧੩. ਇਸਦਾ ਸੀਲ ਸੁਭਾ ਹੈ ਅਤੇ ਮਿੱਠਾ ਬੋਲਦਾ ਹੈ।

੧੪. ਇਹ ਨਿਵ ਕੇ ਚਲਦਾ ਹੈ, ਮਾਣ ਹੁੰਦੇ ਹੋਏ ਨਿਮਾਣਾ ਤੇ ਤਾਣ ਹੁੰਦੇ ਹੋਏ ਨਿਤਾਣਾ।

੧੫. ਇਹ ਆਪਣੇ ਮਨ ਦੀ ਮੱਤ ਮਗਰ ਨਹੀਂ ਚਲਦਾ, ਗੁਰਮਤਿ ਅਨੁਸਾਰ ਜੀਵਨ ਬਤੀਤ ਕਰਦਾ ਹੈ।

੧੬. ਇਹ ਸਾਕਤਾਂ ਦੇ ਨਾਚ ਗਾਣਿਆਂ ਵਿੱਚ ਲੁਭਤ ਨਹੀਂ ਹੁੰਦਾ।

੧੭. ਇਹ ਸਾਧ ਸੰਗਤ ਸੱਚ-ਖੰਡ ਵਿੱਚ ਜਾ ਕੇ ਹਰਿ ਜਸ ਦੀਆਂ ਘੁੰਮਰਾਂ ਪਾਉਂਦਾ ਹੈ।

੧੮. ਇਹ ਗੰਦ ਮੰਦ ਦੇ ਛੱਪੜਾਂ ਕਿਨਾਰੇ ਬਗਲ ਸਮਾਧ ਲਗਾ ਕੇ ਡੱਡਾਂ ਮੱਛੀਆਂ ਫੜ ਫੜ ਨਹੀਂ ਖਾਂਦਾ।

੧੯. ਇਹ ਸਾਧ ਸੰਗਤ ਮਾਨ-ਸਰੋਵਰ ਤੇ ਜਾ ਕੇ ਗੁਰਮੁਖ ਹੰਸਾਂ ਦਾ ਚੋਗ(ਸ਼ਬਦ ਰੂਪ ਹੀਰਾ ਮੋਤੀ) ਚੁਗਦਾ ਹੈ।

੨੦. ਇਹ ਥੋਹੜਾ ਖਾਂਦਾ, ਥੋਹੜਾ ਸੌਂਦਾ ਤੇ ਥੋਹੜਾ ਬੋਲਦਾ ਹੈ।

੨੧. ਇਹ ਆਸਾ ਵਿੱਚ ਨਿਰਾਸਾ( ਨਿਰ-ਆਸ) ਰਹਿੰਦਾ ਹੈ।

੨੨. ਇਹ ਗੁਰਬਾਣੀ ਪੜ੍ਹਦਾ, ਸੁਣਦਾ, ਗਾਉਂਦਾ ਤੇ ਵਿਚਾਰਦਾ ਹੈ ਅਤੇ ਉਸ ਅਨੁਸਾਰ ਆਪਣਾ ਜੀਵਨ ਢਾਲਦਾ ਹੈ।

੨੩. ਇਹ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ।

੨੪. ਇਹ ਪੰਜਾਂ ਚੌਧਰੀਆਂ (ਕਾਮ, ਕ੍ਰੋਧ, ਲੋਭ,ਮੋਹ, ਹੰਕਾਰ) ਦੀ ਸਰਦਾਰੀ ਤੋਂ ਆਜ਼ਾਦ ਹੈ।

੨੫. ਇਹ ਠੱਗੀ ਠੋਰੀ ਨਹੀਂ ਮਾਰਦਾ, ਸਤਿ ਦਾ ਵਿਉਹਾਰ ਕਰਦਾ ਹੈ।

੨੬. ਇਹ ਨਾਂ ਕਿਸੇ ਕੋਲੋਂ ਡਰਦਾ ਹੈ ਅਤੇ ਨਾਂ ਹੀ ਕਿਸੇ ਨੂੰ ਡਰ ਦਿੰਦਾ ਹੈ।

੨੭. ਇਹ ਪਰਉਪਕਾਰੀ ਹੈ, ਦੁਸ਼ਟਾਂ ਨੂੰ ਗਾਲਦਾ ਤੇ ਗਰੀਬਾਂ, ਮਜ਼ਲੂਮਾਂ ਨੂੰ ਪਾਲਦਾ ਹੈ।

੨੮. ਇਹ ਇੱਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਦਾ।

੨੯. ਇਹ ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਦਸ ਗੁਰੂ ਸਾਹਿਬਾਨ ਤੇ ਉਨ੍ਹਾਂ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦਾ ਹੈ।

੩੦. ਇਹ ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ-ਤਤ੍ਰੰ, ਸ਼ਗਨ, ਤਿੱਥ, ਮਹੂਰਤ, ਗ੍ਰਹਿ, ਰਾਸ਼ੀ, ਸਰਾਧ, ਪਿਤਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਵਰਤ, ਤਿਲਕ, ਜੰਞੂ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਤੇ ਵਿਸ਼ਵਾਸ ਨਹੀਂ ਰੱਖਦਾ।

੩੧. ਇਹ ਗੁਰਮਤਿ ਤੋਂ ਵਿਰੁੱਧ ਕੋਈ ਸੰਸਕਾਰ ਨਹੀਂ ਕਰਦਾ। ਇਸ ਦੇ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ, ਮ੍ਰਿਤਕ ਸੰਸਕਾਰ ਨਿਆਰੀ ਭਾਂਤ ਦੇ ਹਨ।

੩੨. ਇਹ ਸੁਰਗਾਂ ਬਹਿਸ਼ਤਾਂ ਦੇ ਚੱਕਰਾਂ ਵਿੱਚ ਨਹੀਂ ਪੈਂਦਾ ਸਗੋਂ ਆਪਣੇ ਸਤਿਗੁਰੂ ਦੇ ਚਰਨਾਂ ਦਾ ਭੌਰਾ ਬਣ ਕੇ ਰਹਿੰਦਾ ਹੈ।



www.AKJ.Org

੩੩. ਇਹ ਇੱਕ ਦੂਜੇ ਨੂੰ ਮਿਲਣ ਤੇ ਵਿਛੜਨ ਸਮੇਂ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਬੁਲਾਉਂਦਾ ਹੈ।

੩੪. ਇਹ ਜੰਗਾਂ ਯੁਧਾਂ ਵਿੱਚ ਚੜ੍ਹਾਈ ਤੇ ਜਿੱਤ ਸਮੇਂ, ਪੰਥਕ ਇੱਕਠਾਂ ਤੇ ਦੀਵਾਨ/ ਕਾਰਜ ਦੀ ਸਮਾਪਤੀ ਸਮੇਂ " ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾਉਂਦਾ ਹੈ।

੩੫. ਇਹ ਦੇਸ਼ ਕਾਲ ਦੀਆਂ ਹੱਦਾਂ ਨੂੰ ਨਹੀਂ ਮੰਨਦਾ, ਸਾਰੇ ਸੰਸਾਰ, ਸਾਰੀ ਖਲਕਤ ਨੂੰ ਕਰਤੇ ਅਕਾਲਪੁਰਖ ਦੀ ਰਚਨਾ ਸਮਝਦਾ ਹੋਇਆ ਸਤਿਗੁਰੂ ਦੇ ਇਨ੍ਹਾਂ ਬਚਨਾਂ ਨੂੰ ਧਿਆਨ ਵਿੱਚ ਰੱਖਦਾ ਹੈ-

**ਨ ਕੋ ਬੈਰੀ ਨਹੀ ਬਿਗਾਨਾ,**
**ਸਗਲ ਸੰਗਿ ਹਮ ਕਉ ਬਨਿ ਆਈ।।**
(ਕਾਨੜਾ ਮ: ੫, ਪੰਨਾ–੧੨੯੯)

੩੬. ਇਹ ਸਰਬੱਤ ਦਾ ਭਲਾ ਮੰਗਦਾ ਹੈ।

੩੭. ਇਸ ਵਿੱਚ ਖੋਟ ਨਹੀਂ, ਖਾਲਸ (Pure) ਹੈ।

## ਪੰਨਾ–੧੫ ਦਾ ਬਾਕੀ

ਦਰ-ਅਸਲ ਖਾਲਸਾ ਮਾਤ ਲੋਕ ਵਿੱਚ ਵਿਚਰਦਾ ਹੋਇਆ ਅਧਿਆਤਮਕ ਦ੍ਰਿਸ਼ਟੀ ਕੋਣ ਤੋਂ ਗਗਨ-ਮੰਡਲ ਦਾ ਵਾਸੀ ਹੈ । ਕਿੱਥੇ ਧਰਤੀ ਤੇ ਰੀਂਗਦੇ ਕੀੜੇ ਮਕੌੜੇ ਤੇ ਕਿੱਥੇ ਅਕਾਸ਼ ਵਿੱਚ ਉਡਾਰੀ ਲਾਉਣ ਵਾਲੇ ਪਰਿੰਦੇ ।

ਸਤਿਗੁਰਾਂ ਦੇ ਨਿਜ ਬਚਨਾਂ ਅਨੁਸਾਰ ਖਾਲਸੇ ਦੇ ਨਿਆਰਾਪਨ ਵਿੱਚ ਹੀ ਉਸ ਦੇ ਤੇਜਪਰਤਾਪ ਦਾ ਭੇਤ ਲੁਕਿਆ ਹੋਇਆ ਹੈ । ਜਦੋਂ ਖਾਲਸਾ ਪਾਪਾਂ ਵਿਕਾਰਾਂ ਦੀ ਜਿਲ੍ਹਣ ਤੋਂ ਨਿਰਲੇਪਤਾ ਵਾਲੀ ਵਿੱਲਖਣਤਾ ਤੋਂ ਵਿਰਵਾ-ਵਾਝਾਂ ਹੋ ਗਿਆ ਤਾਂ ਇਸਦੇ ਨਾਲ ਹੀ ਸਤਿਗੁਰਾਂ ਦੀ ਪ੍ਰੈਤੀਤ ਗਵਾ ਬੈਠੇਗਾ :-

ਜਬ ਲਗ ਖਾਲਸਾ ਰਹੇ ਨਿਆਰਾ ।।
ਤਬ ਲਗ ਤੇਜ ਦੀਓ ਮੈਂ ਸਾਰਾ ।
ਜਬ ਇਹ ਗਹੇ ਬਿਪਰਨ ਕੀ ਰੀਤ ।।
ਮੈ ਨ ਕਰਉ ਇਨ ਕੀ ਪ੍ਰਤੀਤ ।

✣ ✣ ✣ ✣ ✣ ✣ ✣ ✣

# ਇਕ ਦੂ ਜੀਭੌ ਲਖ ਹੋਇ

"ਸੂਰਾ" ਅਗਸਤ ੯੪ ਦੇ ਪੰਨਾ ੨੯-੩੦ ਤੇ "ਇਕ ਦੂ ਜੀਭੋ ਲਖ ਹੋਇ" ਵਾਲੇ ਲੇਖ ਦੇ ਵਿਚਲੇ ਅਰਥ ਭਾਵ

ਪਉੜੀ ਦਾ ਅਰਥ - ਭਾਵ ਇਸ ਪ੍ਰਕਾਰ ਹੈ - -

ਇਕ ਜੀਭ ਤੋਂ ਲੱਖ ਜੀਭਾਂ ਹੋ ਜਾਣ, ਲੱਖ ਤੋਂ ਹੋ ਜਾਣ ਵੀਹ ਲੱਖ (ਭਾਵ ਅਣਗਿਣਤ)

(ਜਪਣ ਨੂੰ ਹੋਵੇ) ਜਗਤ ਦੇ ਮਾਲਕ ਦਾ ਕੇਵਲ ਨਾਮ (ਨਾਮ-ਜਾਪ ਦੇ) ਲੱਖ ਲੱਖ ਵਾਰੀ ਗੇੜੇ ਆਖੇ (ਦਿਤੇ) ਜਾਣ ।

ਇਸ (ਨਾਮ-ਜਾਪ ਦੇ) ਰਾਹ ਉਤੇ ਪਤਿ-ਪਉੜੀਆਂ (ਪਤੀ-ਪਰਮੇਸਰ ਦੇ ਮਿਲਾਪ ਦੀਆਂ ਪਉੜੀਆਂ) ਹਨ, ਜੇ ਇਹ ਪਉੜੀਆਂ ਚੜ੍ਹ ਜਾਈਏ ਤਾਂ (ਪਤੀ-ਪਰਮੇਸ਼ਰ ਨਾਲ) ਇਕ-ਰੂਪਤਾ(ਆਤਮ-ਅਭੇਦਤਾ) ਹੋ ਜਾਂਦੀ ਹੈ ।

ਗਗਨ- ਮੰਡਲ (ਉਚੀ ਆਤਮਿਕ ਉਡਾਰੀ) ਦੀਆਂ ਗੱਲਾਂ ਸੁਣ ਕੇ ਧਰਤੀ ਤੇ ਰੀਂਗਣ ਵਾਲੇ, ਅਥਵਾ, ਗਗਨ - ਉਡਾਰੀ ਦੀ ਸਮਰੱਥਾ ਨਾ ਰਖਣ ਵਾਲੇ, ਮਾਇਆ ਦੇ) ਕੀੜਿਆਂ (ਕੂੜੇ ਸਾਕਤਾਂ) ਨੂੰ ਵੀ ਜਾਣੋ (ਅਕਾਸ਼ ਉਡਾਰੀ ਲਾਉਣ ਦੀ) ਰੀਸ ਆ ਗਈ ਹੋਵੇ ।

ਨਾਨਕ (ਮੁਹਰ ਛਾਪ) ਨਾਮ ਦੇ ਅਜਪਾ ਜਾਪ ਦੁਆਰਾ ਪਤੀ- ਪਰਮੇਸ਼ਰ ਨਾਲ ਇਕ-ਮਿਕਤਾ, ਆਪਣੀ ਕਿਸੇ ਚਤੁਰਾਈ, ਤਾਣ ਜਾਂ ਜਤਨ ਦੇ ਬਲ-ਬੋਤੇ ਤੇ ਨਹੀਂ, ਸਗੋਂ ਪ੍ਰਭੂ ਦੀ ਮਿਹਰ ਦੀ ਨਜ਼ਰ ਦੁਆਰਾ ਹੀ ਪਾਈਦੀ ਹੈ । ਝੂਠ ਵਿੱਚ ਗ੍ਰਸਤ (ਪ੍ਰਭੂ-ਮਿਹਰ ਤੋਂ ਵਿਰਵੇ ਸਾਕਤ) ਮਨੁੱਖ ਦੀ (ਨਾਮ - ਜਾਪ ਅਥਵਾ ਗਗਨ -ਉਡਾਰੀਦੀ) ਫੋਕੀ ਸ਼ੇਖੀ ਝੂਠੀ ਗੱਪ ਹੀ ਹੁੰਦੀ ਹੈ ।

**ਐਸਾ ਕਰਹੁ ਬੀਚਾਰੁ ਗਿਆਨੀ ।।**
**ਜਾ ਤੇ ਪਾਈਐ ਪਦੁ ਨਿਰਬਾਨੀ ।।**
(ਆਸਾ ਮ:-੫, ਪੰਨਾ-੩੯੫



www.AKJ.Org

# ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ "ਗੁਰੂ-ਪ੍ਰੀਤ" ਦਾ ਸਕੰਲਪ

(ਪ੍ਰਿੰ: ਕੁਲਦੀਪ ਸਿੰਘ ਜੀ ਹਉਰਾ)

ਗੁਰੂ ਰਾਮਦਾਸ ਜੀ ਨੂੰ ਗੁਰੂ ਬਣਨ ਤੋਂ ਪਹਿਲਾਂ ਵੀ ਆਪਣੀ ਅਵਸਥਾ ਦਾ ਸਦਾ ਹੀ ਅਹਿਸਾਸ ਰਿਹਾ ਤੇ ਉਨ੍ਹਾਂ ਨੇ ਮਿਲੀ ਵਡਿਆਈ ਦੇ ਸ਼ੁਕਰਾਨੇ ਵਜੋਂ ਜੋ ਕੁਛ ਆਖਿਆ, ਉਹ ਇਕ ਮਹਾਨ ਵਿਅਕਤੀ ਦੇ ਵਿਅਕਤਿਤਵ ਦਾ ਮਹਾਨ ਪ੍ਰਮਾਣ ਹੈ । ਉਨ੍ਹਾਂ ਦਾ ਇਹ ਵਾਕ ਹਿਰਦਿਆਂ ਵਿਚ ਧੂਹ ਪਾਉਂਦਾ ਜਾਂਦਾ ਹੈ --

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ।।੪।।੪੯ ।।**
(੧੬੭)

ਗੁਰੂ ਰਾਮਦਾਸ ਜੀ ਦੇ ਮਨ ਉਤੇ ਗੁਰੂ ਅਮਰਦਾਸ ਜੀ ਦੇ ਮੇਲ ਦਾ ਐਸਾ ਪ੍ਰਭਾਵ ਪਿਆ ਕਿ ਉਹ ਵਿਸਮਾਦ ਤੇ ਅਸਚਰਜਤਾ ਦੀ ਦਸ਼ਾ ਵਿੱਚ ਕਹਿ ਉਠੇ -

**ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ,**
**ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ।। ੩ ।।**
**੪੯ ।।** (੧੬੭)

ਗੁਰੂ ਰਾਮਦਾਸ ਜੀ ਦੀ ਨਜ਼ਰ ਵਿੱਚ ਗੁਰੂ ਅਕਾਲ ਪੁਰਖ ਹੈ, ਉਸ ਦਾ ਨਾਂ ਕੁਝ ਵੀ ਹੋ ਸਕਦਾ ਹੈ ਪਰ ਗੁਣਾਂ ਕਰਕੇ ਉਹ ਕਾਲ-ਕੰਟਕ ਨੂੰ ਮਾਰਨ ਵਾਲਾ, ਕਰਮਾਂ ਦਾ ਫਲ ਦੇਣ ਵਾਲਾ, ਔਗਣਹਾਰਿਆਂ ਦਾ ਵੀ ਭਲਾ ਕਰਨ ਵਾਲਾ ਤੇ ਬਖਸ਼ਿੰਦ ਹੈ । ਉਨ੍ਹਾਂ ਦੀ ਬਾਣੀ ਵਿੱਚ ਇਸ ਪ੍ਰਥਾਇ ਕੁਝ ਤੁਕਾਂ ਇਸ ਤਰ੍ਹਾਂ ਹਨ --

**ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ,**
**ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ।।੨।।੨੧ ।।**
(ਪੰਨਾ-੩੧੨)

**ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ**
**ਜੇਹਾ ਕੋ ਬੀਜੇ ਤੇਹਾ ਫਲ ਪਾਏ ।।੧।।੭।।**
(ਪੰਨਾ-੩੦੨)

**ਸਤਿਗੁਰੁ ਸਭਨਾ ਦਾ ਭਲਾ ਮਨਾਇਦਾ,**
**ਤਿਸ ਦਾ ਬੁਰਾ ਕਿਉ ਹੋਇ ।।੨।।੪।।**
(ਪੰਨਾ-੩੦੨)

**ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ,**
**ਤਾ ਪਿਛਲੇ ਅਉਗਣ ਬਖਸਿ ਲਇਆ।।੨।।੧੩ ।।**
(ਪੰਨਾ-੩੦੭)

ਗੁਰੂ ਰਾਮਦਾਸ ਜੀ ਗੁਰੂ ਦੀ ਪ੍ਰਸੰਸਾ ਕਰਦੇ ਹੋ ਉਸ ਦੇ ਗੁਣਵਰਣਨ ਕਰਦੇ ਹੋਏ ਵਿਸਮਾਦ ਦੀ ਹਾਲ ਵਿੱਚ ਚਲੇ ਜਾਂਦੇ ਹਨ ਤੇ 'ਵਾਹੁ ਵਾਹੁ' ਕਰਦੇ ਹੋਏ ਝੂਮ ਹਨ :-

**ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ।।**
**ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ।।**
**ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ,**
**ਜਿਸ ਨੋ ਸਮਤੁ ਸਭ ਕੋਇ ।।**
**ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ,**
**ਜਿਸੁ ਨਿੰਦਾ ਉਸਤਤਿ ਤੁਲਿ ਹੋਇ ।।**
**ਵਾਹੁ ਵਾਹੁ ਸਤਿਗੁਰੂ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ।।**
**ਵਾਹੁ ਵਾਹੁ ਸਤਿਗੁਰੂ ਨਿਰੰਕਾਰ ਹੈ ਜਿਸੁ ਅੰਤੁ ਨ ਪਾਰਾਵਾਰੁ ।।**
**ਵਾਹੁ ਵਾਹੁ ਸਤਿਗੁਰੂ ਹੈ ਜਿਸਚੁ ਦ੍ਰਿੜਾਏ ਸੋਇ ।।**
**ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ।।੨ ।।** (ਪੰਨਾ-੧੪੨੧)

ਸ੍ਰੀ ਗੁਰੂ ਰਾਮਦਾਸ ਜੀ ਨੂੰ ਆਪਣੇ ਸਤਿਗੁਰੂ ਉਤੇ ਕਮਾਲ ਦਾ ਭਰੋਸਾ ਹੈ । ਉਹ ਸਮਝਦੇ ਹਨ ਕਿ ਕੇਵਲ ਸਤਿਗੁਰੂ ਹੀ ਮਨੁੱਖ ਦੀ ਵੇਦਨਾ ਜਾਣਦਾ ਤੇ ਸਮਝਦਾ ਹੈ । ਮਨੁੱਖ ਦੇ ਆਪਣੇ ਹੱਥ-ਵਸ ਕੁਝ ਵੀ ਨਹੀਂ । ਕਰਨ ਕਾਰਨ ਸਮਰੱਥ ਗੁਰੂ ਆਪ ਹੈ ਤੇ ਉਸ ਦਾ ਕੀਤਾ ਹੀ ਸਭ ਕੁਝ ਹੁੰਦਾ ਹੈ । ਹੇਠਲੀਆਂ ਤੁਕਾਂ ਇਸ ਸਚਾਈ ਦੀ ਉਗਾਹੀ ਭਰਦੀਆਂ ਹਨ --

**-- ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ।।**
**ਹਮਰੀ ਬੇਦਨਿ ਤੂ ਜਾਨਤਾ ਸਾਹਾ, ਅਵਰੁ ਕਿਆ ਜਾਨੈ ਕੋਇ ।। ਰਹਾਉ ।।੧੩ ।।** (੬੭੦)

**-- ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ,**
**ਸਭ ਕਰੇ ਕਰਾਇਆ ।।੪ ।।੫੧ ।।** (੧੬੮)

**-- ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ,**
**ਜਿਉ ਭਾਵੈ ਤਿਵੈ ਬਖਸਿ ।।੧।। ਰਹਾਉ ।।੨੪ ।।**
(ਪੰਨਾ-੭੩੬)

ਜੇ ਗੁਰੂ ਸਰਬ ਕਲਾ ਸਮਰੱਥ ਹੈ ਤਾਂ ਉਸ ਉਤੇ ਯਕੀਨ ਲਿਆਉਣ ਵਾਲੇ ਦਾ ਵੀ ਕਰਤਵ ਹੈ ਕਿ ਉਹ



www.AKJ.Org

ਆਪਣੇ ਤੇ ਗੁਰੂ ਦੇ ਵਿਚਕਾਰ ਕੋਈ ਰੁਕਾਵਟ ਆਉਣ ਨਾ ਦੇਵੇ ਤੇ ਸਭ ਰੋਕਾਂ ਮੁਸ਼ਕਲਾਂ ਦਾ ਟਾਕਰਾ ਕਰਦਾ ਆਪਣੇ ਮੁਰਸ਼ਦ ਦੇ ਦੀਦਾਰ ਲਈ ਉਸ ਦੇ ਚਰਨਾਂ ਵਿੱਚ ਪੁੱਜੇ । ਇਹ ਵਿਚਾਰ ਇਸ ਤਰ੍ਹਾਂ ਪੇਸ਼ ਕੀਤਾ ਹੈ —

ਝਖੜੁ ਝਾਗੀ ਮੀਹੁ ਵਰਸੈ
ਭੀ ਗੁਰੁ ਦੇਖਣ ਜਾਈ ।।੧੩।।
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ ।।੧੪ ।।
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ,
ਤਿਉ ਸਿਖੁ ਗੁਰ ਬਿਨੁ ਮਰਿ ਜਾਈ ।।੧੫ ।।
ਜਿਉ ਧਰਤੀ ਸੋਭ ਕਰੇ ਜਲੁ ਬਰਸੈ,
ਤਿਉ ਸਿਖੁ ਗੁਰ ਮਿਲਿ ਬਿਗਸਾਈ ।।੧੬ ।।
(ਪੰਨਾ- ੭੫੭-੫੮)

ਪ੍ਰਭੂ-ਮਿਲਾਪ ਤੋਂ ਪੈਦਾ ਹੋਈ ਦਸ਼ਾ ਦਾ ਪਤਾ ਉਨ੍ਹਾਂ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਲਗਦਾ ਹੈ । ਗੁਰੂ ਸਾਹਿਬ ਉਸ "ਸੁੰਦਰ ਮੋਹਨੁ' ਦੇ ਦਰਸ਼ਨ ਕਰਦਿਆਂ ਇੰਨੇ ਵਿਸਮਾਦ ਵਿੱਚ ਆ ਜਾਂਦੇ ਹਨ ਕਿ ਮਨ ਦੀ 'ਸੁਧਿ ਬੁਧਿ' ਵਿਸਾਰ ਕੇ 'ਲੋਟ ਪੋਟ' ਹੋ ਪੈਂਦੇ ਹਨ —

ਗੁਰੁ ਸੁੰਦਰੁ ਮੋਹਨੁ ਪਾਇ ਕਰੇ,
ਹਰਿ ਪ੍ਰੇਮ ਬਾਣੀ ਮਨੁ ਮਾਰਿਆ ।।
ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ,
ਮਨ ਆਸਾ ਚਿੰਤ ਵਿਸਾਰਿਆ ।।
ਮੈ ਅੰਤਰਿ ਵੇਦਨ ਪ੍ਰੇਮ ਕੀ,
ਗੁਰ ਦੇਖਤ ਮਨੁ ਸਾਧਾਰਿਆ ।।
ਵਡਭਾਗੀ ਪ੍ਰਭ ਆਇ ਮਿਲੁ ਜਨ ਨਾਨਕ ਖਿਨੁ ਖਿਨੁ ਰੋਗਿਆ ।।੪।।੧।।੫।। ਪੰਨਾ-੭੭੬

ਅਤੇ

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ।।
ਹਉ ਆਕਲ ਬਿਕਲ ਭਈ ਗੁਰ ਦੇਖੇ,
ਹਉ ਲੋਟ ਪੋਟ ਹੋਇ ਪਈਆ ।।੧ ।। ਰਹਾਉ ।।
੮।। (੮੩੬)

ਛੰਦਾਂ ਵਿੱਚ ਗੁਰੂ ਜੀ ਦਾ ਪ੍ਰੇਮ ਦਾ ਅਨੰਦ, ਪ੍ਰੇਮ ਦੀ ਕਸਕ, ਸਿੱਕ, ਨਿਮਰਤਾ ਤੇ ਬਿਹਬਲਤਾ ਵੇਖਣ ਵਾਲੀ ਹੈ। ਗੁਰੂ-ਪਿਆਰ ਦੀ ਤੀਖਣਤਾ ਤੇ ਗੁਰੂ-ਮਿਲਾਪ ਲਈ ਬਿਹਬਲਤਾ ਹੇਠ ਲਿਖੇ ਛੰਦਾ ਅੰਦਰ ਦੇਖਣ ਯੋਗ ਹੈ :-

--ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ,
ਚਾਤ੍ਰਿਕ ਬੂੰਦ ਜਿਵੈ ।।
ਮਨੁ ਸੀਤਲੁ ਹੋਆ ਮੇਰੇ ਪਿਆਰੇ, ਹਰਿ ਬੂੰਦ ਪੀਵੈ ।।
ਤਨਿ ਬਿਰਹੁ ਜਗਾਵੈ ਮੇਰੇ ਪਿਆਰੇ,
ਨੀਦ ਨ ਪਵੈ ਕਿਵੈ ।।
ਹਰਿ ਸਜਣੁ ਲਧਾ ਮੇਰੇ ਪਿਆਰੇ,
ਨਾਨਕ ਗੁਰੂ ਲਿਵੈ ।।੩।।੨੧।। (ਪੰਨਾ੪੫੨)
--ਗੁਰਮੁਖਿ ਪਿਆਰੇ ਆਇ ਮਿਲੁ,
ਮੈ ਚਿਰੀ ਵਿਛੁੰਨੇ ਰਾਮ ਰਾਜੇ ।।
ਮੇਰਾ ਮਨੁ ਤਨੁ ਬਹੁਤੁ ਬੈਰਾਗਿਆ,
ਹਰਿ ਨੈਣ ਰਸਿ ਭਿੰਨੇ ।।
ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ,
ਮਿਲਿ ਹਰਿ ਮਨੁ ਮੰਨੇ ।।
ਹਉ ਮੂਰਖੁ ਕਾਰੈ ਲਾਈਆ, ਨਾਨਕ ਹਰਿ ਕੰਮੇ ।।
੩।।੧੬ ।। (੪੪੯)
-ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ।।
ਸੁਤੁ ਖਿਨੁ ਖਿਨੁ ਭੂਲਿ ਬਿਗਾਰਿ, ਜਗਤ ਪਿਤ ਭਾਵਹਿਗੋ ।।੧।।
ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਗੇ ।।
ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ ।।੩।।੬ ।। (ਪੰਨਾ-੧੩੨੧)

ਪੂਰੇ ਸਤਿਗੁਰੂ ਦੇ ਮਿਲਾਪ ਤੇ ਦਰਸ਼ਨਾਂ ਲਈ ਤੜਪ ਉਦੋਂ ਸਿਖਰਾਂ ਉਤੇ ਪੁੱਜੀ ਦਿਸਦੀ ਹੈ, ਜਦੋਂ ਗੁਰੂ ਸਾਹਿਬ ਆਪਣਾ ਸਰੀਰ ਤਕ ਅਰਪਨ ਕਰਨ ਨੂੰ ਤਿਆਰ ਹੋ ਜਾਂਦੇ ਹਨ । ਆਪ ਦਾ ਕਥਨ ਹੈ - -

ਕੋਈ ਆਣਿ ਕੋਈ ਆਣਿ ਮਿਲਾਵੈ,
ਮੇਰਾ ਸਤਿਗੁਰੁ ਪੂਰਾ ਰਾਮ ।।
ਹਉ ਮਨੁ ਤਨੁ ਹਉ ਮਨੁ ਤਨੁ ਦੇਵਾ,
ਤਿਸੁ ਕਾਟਿ ਸਰੀਰਾ ਰਾਮ ।।
ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ,
ਜੋ ਸਤਿਗੁਰ ਬਚਨ ਸੁਣਾਏ ।।
ਮੇਰੈ ਮਨਿ ਬੈਰਾਗੁ ਭਇਆ ਬੈਰਾਗੀ,
ਮਿਲਿ ਗੁਰਦਰਸਨਿ ਸੁਖੁ ਪਾਏ ।।
ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ,
ਦੇਹੁ ਸਤਿਗੁਰ ਚਰਨ ਹਮ ਧੂਰਾ ।।
ਕੋਈ ਆਣਿ ਕੋਈ ਆਣਿ ਮਿਲਾਵੈ,
ਮੇਰਾ ਸਤਿਗੁਰੁ ਪੂਰਾ ।।੩।।੧ ।। (ਪੰਨਾ-੫੭੨)

ਗੁਰੂ ਰਾਮਦਾਸ ਜੀ ਦੀ ਬਾਣੀ ਵਿਚ-ਬਹੁਤ ਸਾਰੀਆਂ ਉਦਾਹਰਣਾਂ ਐਸੀਆਂ ਮਿਲਦੀਆਂ ਹਨ ਜਿਥੇ ਉਹਨਾਂ ਨੇ ਆਪਣੇ ਪ੍ਰੀਤਮ ਵਾਸਤੇ ਹਰਿ, ਪ੍ਰੀਤਮ, ਮਿੱਤਰ, ਸਖਾ, ਗੁਰੂ ਆਦਿ ਸ਼ਬਦਾਂ ਦਾ ਪ੍ਰਯੋਗ ਕਰਦਿਆਂ ਹੋਇਆਂ, ਉਸ ਦੇ ਦਰਸ਼ਨਾਂ ਦੀ ਸਿੱਕ ਪ੍ਰਗਟਾਈ ਹੈ, ਜਿਵੇਂ —


www.AKJ.Org

ਹਰਿ ਦਰਸਨ ਕਉ ਮੇਰਾ ਮਨ ਬਹੁ ਤਪਤੈ,
ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥
ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ ॥
ਹਮਰੀ ਬੇਦਨ ਹਰਿ ਪ੍ਰਭੁ ਜਾਨੈ,
ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ ॥੬॥
(ਪੰਨਾ-੮੬੧)

--ਆਉ ਸਖੀ ਹਰਿ ਮੇਲੁ ਕਰੇਹਾ ॥
ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ ॥
ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ,
ਮੈ ਦਸੇ ਹਰਿ ਨਰਹਰੀਐ ਜੀਉ ॥੨ ॥
ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ ॥
ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ ॥ (ਪੰਨਾ-੯੫)
ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ॥
ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ ॥੧॥
੭॥ (ਪੰਨਾ-੯੬)

--ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿ ਬਾਣੁ ਜੀਉ ॥
ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ ॥
੨॥੭੦ ॥ (ਪੰਨਾ੧੭੫)

ਵਿਕਾਰਾਂ ਤੋਂ ਛੁਟਕਾਰੇ ਲਈ, ਆਪਣੇ ਗੁਰੂ ਤੋਂ ਅਗਵਾਈ ਮੰਗਣ ਵਾਸਤੇ ਸ੍ਰੀ ਗੁਰੂ ਰਾਮਦਾਸ ਜੀ ਨੇ "ਪਿਤਾ-ਪੁੱਤਰ" ਦਾ ਬਿੰਬ ਬੜਾ ਖੂਬਸੂਰਤੀ ਨਾਲ ਵਰਤਿਆ ਹੈ :-

ਜਿਉ ਭਾਵੈ ਤਿਉ ਰਾਖਿ ਲੈ,
ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥
ਹਮ ਭੂਲਿ ਵਿਗਾੜਹ ਦਿਨਸੁ ਰਾਤਿ,
ਹਰਿ ਲਾਜ ਰਖਾਏ ॥
ਹਮ ਬਾਰਿਕ ਤੂੰ ਗੁਰੁ ਪਿਤਾ ਹੈ, ਦੇ ਮਤਿ ਸਮਝਾਏ ॥
ਜਨੁ ਨਾਨਕੁ ਦਾਸੁ ਹਰਿ ਕਾਂਢਿਆ,
ਹਰਿ ਪੈਜ ਰਖਾਏ ॥੪॥੧੦ ॥੧੭ ॥
(ਪੰਨਾ-੪੫੦)

ਸ੍ਰੀ ਗੁਰੂ ਰਾਮਦਾਸ ਜੀ ਦਾ ਪਰਮਾਤਮਾ ਪ੍ਰੇਮ-ਰੂਪ ਅਤੇ ਸੁੰਦਰ-ਸਰੂਪ ਹੈ, ਇਸ ਕਰਕੇ ਉਹਨਾਂ ਦਾ ਰਹਸਵਾਦ ਪ੍ਰੇਮ ਦੀ ਸਾਧਨਾ ਤੇ ਸੁੰਦਰਤਾ ਦੀ ਸਾਧਨਾ ਹੈ । ਉਹਨਾਂ ਨੂੰ ਪ੍ਰਭੂ ਵਿੱਚ ਅਲੌਕਿਕ ਪਿਆਰ ਤੇ ਅਵਿਨਾਸ਼ੀ ਸੁੰਦਰਤਾ ਨਜ਼ਰ ਆਉਂਦੀ ਹੈ । ਉਹ ਤਾਂ ਉਸ ਅਲੌਕਿਕ ਪਿਆਰ-ਮੂਰਤੀ ਦਾ ਦੀਦਾਰ ਚਾਹੁੰਦੇ ਹਨ ਤੇ ਅਵਿਨਾਸ਼ੀ ਸੁੰਦਰਤਾ ਨੂੰ ਗਲਵੱਕੜੀ ਪਾਉਣਾ ਲੋਚਦੇ ਹਨ । ਉਹਨਾਂ ਦੇ ਦਿਲ ਵਿੱਚ ਇੱਕ ਉਮੰਗ ਹੈ ਤੇ ਅੱਖਾਂ ਵਿੱਚ ਸਰੂਰ ਅਤੇ ਉਡੀਕਵਾਨ ਹਨ ਕਿ ਕਦੋਂ ਉਸ ਸੱਜਣ ਸੁਹੇਲੜੇ ਦੇ ਦੀਦਾਰ ਹੁੰਦੇ ਹਨ । ਉਸ ਤੋਂ ਵਿੱਛੜ ਕੇ ਇਕ-ਇਕ ਪਲ ਗੁਜ਼ਾਰਨਾ ਔਖਾ ਹੋਇਆ ਜਾਪਦਾ ਹੈ, ਹਰ ਸੁਆਸ ਨਾਲ ਅਰਦਾਸ ਕਰਦੇ ਹਨ :-

--ਹਰਿ ਦਰਸਨੁ ਦੇਹੁ ਹਰਿ ਆਸ ਤੁਮਾਰੀ ॥
ਕਰਿ ਕਿਰਪਾ ਲੋਚ ਪੂਰਿ ਹਮਾਰੀ ॥੧ ॥ ਰਹਾਉ
॥੪੨ ॥ (ਪੰਨਾ-੧੬੪)

— ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥
ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥੧॥ ਰਹਾਉ ॥
ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ ॥
ਲਟੁਰੀ ਮਧੁਰੀ ਠਾਕੁਰ ਭਾਈ, ਓਹ ਸੁੰਦਰਿ ਹਰਿ ਢੁਲਿ ਮਿਲੀ ॥੧॥੨॥ (ਪੰਨਾ-੫੨੭)

ਪ੍ਰਭੂ-ਦਰਸ਼ਨਾਂ ਤੋਂ ਬਿਨਾਂ ਬਿਰਹੋਂ ਵਿੱਚ ਤੜਫਦੀ ਜਿੰਦ ਦੇ ਮਿਲਾਪ ਲਈ ਬਿਹਬਲਤਾ, ਆਪ ਜੀ ਦੀ ਬਾਣੀ ਵਿੱਚ ਸਿਖਰਾਂ ਛੂਹੰਦੀ ਜਾਪਦੀ ਹੈ । ਬਸੰਤ ਰੁੱਤੇ ਫੁੱਲਾਂ ਨੂੰ ਖਿੜਿਆ ਵੇਖ ਕੇ ਉਹ ਪ੍ਰੀਤਮ ਦੀ ਯਾਦ ਵਿੱਚ ਮਗਨ ਹੋ ਜਾਂਦੇ ਹਨ ਤੇ ਦੋਵੇਂ ਅੱਖਾਂ ਪਿਆਰੇ ਦੇ ਦੀਦਾਰ ਲਈ ਰਾਹਾਂ ਵਿੱਚ ਵਿਛਾ ਦੇਂਦੇ ਹਨ :-

ਚੜਿ ਚੇਤੁ ਬਸੰਤੁ ਮੇਰੇ ਪਿਆਰੇ, ਭਲੀਅ ਰੁਤੇ ॥
ਪਿਰ ਬਾਝੜਿਅਹੁ ਮੇਰੇ ਪਿਆਰੇ, ਆਂਗਣਿ ਧੂੜਿ ਲੁਤੇ
॥੪॥੨੧ ॥ (ਪੰਨਾ-੪੫੨)

ਸ੍ਰੀ ਗੁਰੂ ਰਾਮਦਾਸ ਜੀ ਦੇ ਬਿਰਹੋਂ ਵਰਨਣ ਵਿੱਚ ਵੀ ਇੰਨੀ ਮਿਠਾਸ ਹੈ, ਸੁੰਦਰਤਾ ਹੈ, ਸੁਹਿਰਦਤਾ ਕਿ ਇਸ ਤਰ੍ਹਾਂ ਲਗਦਾ ਹੈ, ਜਿਵੇਂ ਜੁਗਾਂ-ਜੁਗਾਂ ਦੀ ਪਿ ਆਤਮਾ ਪਿਆਰੇ ਦੇ ਦਰਸ਼ਨਾਂ ਲਈ ਵਿਰਲਾਪ ਕਰ ਰ ਹੋਵੇ, ਪਰ ਉਸ ਵਿਰਲਾਪ ਦਾ ਅਸਰ ਸੁਖਦਾਈ, ਮਿੱਠਾ ਤੇ ਰਸ-ਭਰਪੂਰ ਹੈ ਅਤੇ ਜਾਪਦਾ ਹੈ ਕਿ ਬਿਰਹੋ-ਕੁੱਠੀ ਆਤਮਾ ਆਪਣੇ ਪਿਆਰੇ ਦੇ ਮਿਲਾਪ ਲਈ ਤਰਲਾ ਲੈ ਰਹੀ ਹੋਵੇ - -

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ,
ਹਉ ਤਿਸੁ ਪਹਿ ਆਪੁ ਵੇਚਾਈ ॥੧॥
ਦਰਸਨੁ ਹਰਿ ਦੇਖਣ ਕੈ ਤਾਈ ॥
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧ ॥ ਰਹਾਉ ॥ (ਪੰਨਾ- ੭੫੭)



www.AKJ.Org

ਬਿਹਬਲਤਾ ਦੀ ਜੋ ਹਾਲਤ ਸ੍ਰੀ ਗੁਰੂ ਰਾਮਦਾਸ ਸਾਹਿਬ ਦੀ ਹੈ, ਉਸ ਦਾ ਟਾਕਰਾ ਕਿਸੇ ਹੋਰ ਰਚਨਾ ਵਿੱਚ ਸ਼ਾਇਦ ਹੀ ਮਿਲ ਸਕੇ । ਜਦੋਂ ਉਹ ਕਹਿੰਦੇ ਹਨ :-

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ।।
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ।।
ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ,
ਮੈ ਨੀਰੁ ਵਹੇ ਵਹਿ ਚਲੈ ਜੀਉ ।।੩।।੧।।

(ਪੰਨਾ-੯੪)

ਤਾਂ ਜਾਪਦਾ ਹੈ, ਜਿਵੇਂ ਪ੍ਰਭੂ ਪ੍ਰੇਮ ਵਿੱਚ ਭਾਵੁਕ ਬਿਹਬਲਤਾ ਆਪ ਦੀ ਰਚਨਾ ਵਿੱਚ ਉਪਭਾਵਕਤਾ ਦੀ ਸੀਮਾ ਤਕ ਪੁੱਜੀ ਹੋਈ ਹੈ ।

ਆਪ ਆਪਣੇ ਪ੍ਰਭੂ ਨੂੰ 'ਸਿਧ ਸਾਧਿਕੋ, 'ਜੁਗ ਜੋਗੀਆ' 'ਰਸ ਰਸੀਅੜਾ' 'ਭੋਗ ਭੋਗੀਆ' ਦੇ ਸ਼ਬਦਾਂ ਨਾਲ ਸੰਬੋਧਨ ਕਰਦੇ ਹੋਏ ਕਾਨੜੇ ਦੀ ਵਾਰ ਵਿੱਚ ਲਿਖਦੇ ਹਨ-

ਤੂੰ ਆਪੇ ਹੀ ਸਿਧ ਸਾਧਿਕੋ,
ਤੂ ਆਪੇ ਹੀ ਜੁਗ ਜੋਗੀਆ ।।
ਤੂ ਆਪੇ ਹੀ ਰਸ ਰਸੀਅੜਾ,
ਤੂ ਆਪੇ ਹੀ ਭੋਗ ਭੋਗੀਆ ।।
ਤੂ ਆਪੇ ਆਪਿ ਵਰਤਦਾ,
ਤੂ ਆਪੇ ਕਰਹਿ ਸੁ ਹੋਗੀਆ ।।
ਸਤਸੰਗਤਿ ਸਤਿਗੁਰ ਧੰਨੁ ਧੰਨੋ, ਧੰਨ ਧੰਨ ਧਨੋ,
ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ।।
ਸਭਿ ਕਹਹੁ ਮੁਖਹੁ ਹਰਿ ਹਰਿ ਹਰੇ, ਹਰਿ ਹਰਿ ਹਰੇ,
ਹਰਿ ਬੋਲਤ ਸਭਿ ਪਾਪ ਲਹੋਗੀਆ ।।ਪਉੜੀ ੧।।

(ਪੰਨਾ-੧੩੧੩)

ਇਸ ਵਿਚਾਰ ਤੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿੱਚ ਗੁਰ-ਦਰਸ਼ਨਾਂ ਲਈ ਬਿਹਬਲਤਾ ਸਿਖਰਾਂ ਤੇ ਪੁੱਜੀ ਪ੍ਰਤੀਤ ਹੁੰਦੀ ਹੈ । ਉਹ ਪਿਆਰੇ ਪ੍ਰੀਤਮ ਦੀ ਵਡਿਆਈ ਕਰਦਿਆਂ ਰੱਜਦੇ ਨਹੀਂ । ਉਨ੍ਹਾਂ ਦਾ ਭਰੋਸਾ ਸਤਿਗੁਰੂ ਤੇ ਅੱਟਲ ਹੈ, ਜੋ ਕਿਸੇ ਵੀ ਹਾਲਤ ਵਿੱਚ ਡੋਲਦਾ ਨਹੀਂ । ਗੁਰੂ-ਬਚਨਾਂ ਦਾ ਅਸਰ ਉਨ੍ਹਾਂ ਦੇ ਧੁਰ ਹਿਰਦੇ ਤਕ ਹੁੰਦਾ ਹੈ । ਆਪ ਦੀ ਬਾਣੀ ਗੁਰੂ ਦੇ ਮੇਲ ਤੋਂ ਪੈਦਾ ਹੋਈ ਖ਼ੁਸ਼ੀ ਤੇ ਗੁਰੂ ਦੇ ਵਿਛੋੜੇ ਤੋਂ ਉਦਾਸੀ ਸੰਜੋਗ-ਵਿਜੋਗ ਦਾ ਅਤਿ ਉੱਤਮ ਨਕਸ਼ਾ ਪੇਸ਼ ਕਰਦੀ ਹੈ । ਆਪ ਦੀ ਬਾਣੀ ਚੋਂ 'ਗੁਰ ਪ੍ਰੀਤ' ਦਾ ਸੁਆਦ ਚੱਖਣ ਨਾਲ ਹੀ ਬਣਦਾ ਹੈ, ਕੇਵਲ ਵਰਣਨ ਨਾਲ ਨਹੀਂ ।

# ਸਿੱਖੀ ਸਿਦਕ

(ਹਰਬੰਸ ਸਿੰਘ ਖਾਲਸਾ)

ਜੀਵਨ ਅਣਖ ਦੇ ਨਾਲ ਹੈ ਅਸੀਂ ਜੀਣਾ,
ਸਾਹਿਬਜ਼ਾਦਿਆਂ ਨੂੰ ਕਰੋ ਯਾਦ ਵੀਰੋ ।
ਆਵਾਜ਼ ਸੁਣੋ ਸਰਹੰਦ ਚਮਕੌਰ ਵਿਚੋਂ,
ਰਹਿਣਾ ਜਾਬਰਾਂ ਤੋਂ ਸਦਾ ਆਜ਼ਾਦ ਵੀਰੋ ।
ਕੇਸ ਦਾੜ੍ਹੀਆਂ ਸਿੱਖੀ ਦੀ ਫ਼ਸਲ ਜਾਣੋ,
ਸਾਡੀ ਚਰਬੀ ਹੈ ਏਸ ਲਈ ਖਾਦ ਵੀਰੋ ।।
ਅਸੀਂ ਸਿੰਜਣਾ ਖ਼ੂਨ ਦੇ ਨਾਲ ਇਸ ਨੂੰ,
ਕਰਨੀ ਐਵੇਂ ਨਹੀਂ ਇਹ ਬਰਬਾਦ ਵੀਰੋ ।
**ਗੁਰੂ ਗ੍ਰੰਥ ਤੋਂ ਬਿਨਾ ਨਹੀਂ ਗੁਰੂ ਕੋਈ,**
**ਸਿਰ ਕਿਸੇ ਦੇ ਅੱਗੇ ਝੁਕਾਵਣਾ ਨਹੀਂ ।**
ਰਾਖਾ ਵਾਹਿਗੁਰੂ ਆਪ ਸਹਾਈ ਸਾਡਾ,
ਹੋਰ ਆਸਰਾ ਕੋਈ ਤਕਾਵਣਾ ਨਹੀ ।
ਨਕਲੀ ਗੁਰੂ, ਪਖੰਡੀਆਂ ਲੋਭੀਆਂ ਤੋਂ
ਬਚ ਕੇ ਰਹਿਣਾ ਤੇ ਕੌਮ ਬਚਾਵਣੀ ਹੈ ।
ਨ੍ਹੇਰਾ ਕੂੜ ਦਾ ਏਥੇ ਨਹੀਂ ਰਹਿਣ ਦੇਣਾ,
ਜੋਤ ਸੱਚ ਦੀ ਅਸਾਂ ਜਗਾਵਣੀ ਹੈ ।
ਸਿੰਘ ਨਾਉ ਤੇ ਖਾਲਸਾ ਕੌਮ ਸਾਡੀ,
ਗੋਬਿੰਦ ਸਿੰਘ ਦੀ ਅਸੀਂ ਸੰਤਾਨ ਸਾਰੇ ।
ਜਾਤਾਂ ਗੋਤਾਂ ਦੀ ਇਥੇ ਨਾ ਗੱਲ ਛੇੜੋ,
ਇੱਕ ਰੱਬ ਦੇ ਹਨ ਇਨਸਾਨ ਸਾਰੇ ।
ਜਿਹੜੇ ਆਖਦੇ ਰਹਿਤ ਦੀ ਲੋੜ ਨਹੀਂ,
ਪੁੱਛੋ ਉਨ੍ਹਾਂ ਨੂੰ ਗਿਆ ਇਖਲਾਕ ਕਿੱਥੇ ?
ਜਿਹੜੇ ਆਖਦੇ ਲੋੜ ਨਹੀਂ ਕੱਕਿਆ ਦੀ,
ਪੁੱਛੋ ਉਨ੍ਹਾਂ ਨੂੰ ਗਿਆ ਇਤਫਾਕ ਕਿਥੇ ?
ਭੁੱਲਾਂ ਕੀਤੀਆਂ ਜਿਹੜੀਆਂ ਸਾਰੀਆਂ ਹੀ,
ਆਓ ਗੁਰਾਂ ਤੋਂ ਆਪਾਂ ਬਖਸ਼ਾ ਲਈਏ ।
ਰਹੀਏ ਅੱਗੇ ਤੋਂ ਸਿੱਖੀ ਦੇ ਸਿਦਕ [illegible]
ਹੱਥ ਕੰਨਾਂ ਨੂੰ ਅੱਜ ਤੋਂ ਲਾ ਲਈਏ ।
ਖਾਓ ਕਸਮਾਂ ਕਿ ਲੜਾਂਗੇ ਅਸੀਂ ਸਾਰੇ,
ਜਾਨਾਂ ਪੰਥ ਤੋਂ ਘੋਲ ਘੁਮਾਦਿਆਂਗੇ ।
ਨਾਲ ਖ਼ੂਨ ਦੇ ਲਿਖਿਆ ਇਤਿਹਾਸ ਸਾਡਾ
ਲੋੜ ਪਈ ਤਾਂ ਫੇਰ ਦੁਹਰਾ ਦਿਆਂਗੇ ।
ਝੁਕਣਾ ਕਿਸੇ ਦੇ ਅੱਗੇ ਮਨਜ਼ੂਰ ਨਾ[illegible]
ਅਸੀਂ ਜੰਮੇ ਹਾਂ ਖੰਡੇ ਦੀ ਧਾਰ ਵਿਚੋਂ ।
ਧੱਕੇਸ਼ਾਹੀਆਂ ਤੇ ਬੇਇਨਸਾਫੀਆਂ ਨੂੰ,
ਅਸੀਂ ਮੇਟਣਾ ਇਸ ਸੰਸਾਰ ਵਿਚੋਂ ।



www.AKJ.Org

# ਧੰਨੁ ਧੰਨੁ ਰਾਮਦਾਸ ਗੁਰ

(ਪ੍ਰੋ: ਹਰਬੰਸ ਸਿੰਘ, ਜੀ ਲੁਧਿਆਣਾ)

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ੨੫ ਅੱਸੂ ਸੰਮਤ ੧੫੯੧ ਬਿਕ੍ਰਮੀ (੨੪ ਸਤੰਬਰ, ੧੫੩੪ ਈਸਵੀ) ਨੂੰ ਲਾਹੌਰ (ਪਾਕਿਸਤਾਨ) ਸ਼ਹਿਰ ਦੇ ਬਾਜ਼ਾਰ ਚੂਨਾ ਮੰਡੀ ਵਿੱਚ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਹਰਦਾਸ ਅਤੇ ਮਾਤਾ ਦਾ ਨਾਮ ਦਇਆ ਕੌਰ ਸੀ । ਆਪ ਆਪਣੇ ਮਾਪਿਆਂ ਦੇ ਘਰ ਪਹਿਲੇ ਪੁੱਤਰ ਸਨ । ਪਲੇਠੀ (ਪਹਿਲੇ) ਦੇ ਪੁੱਤਰ ਹੋਣ ਕਾਰ੍ਨ ਲੋਕੀ ਆਪ ਜੀ ਨੂੰ "ਜੇਠਾ" ਕਰ ਕੇ ਬੁਲਾਉਣ ਲੱਗ ਪਏ ਜਿਸ ਕਰਕੇ ਆਪ ਜੀ ਦਾ ਨਾਮ "ਜੇਠਾ" ਹੀ ਪੱਕ ਗਿਆ ।

ਆਪ ਜੀ ਦੇ ਜਨਮ ਸਮੇਂ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਜੀ, ਤਿੰਨੇ ਹੀ ਪਹਿਲੇ ਗੁਰੂ ਸਾਹਿਬਾਨ ਪ੍ਰਗਟ ਰੂਪ ਵਿੱਚ ਪੰਜਾਬ ਦੀ ਧਰਤੀ ਤੇ ਮੌਜੂਦ ਸਨ । ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ ਦੇ ਜਨਮ ਤੋਂ ਪੰਜ ਸਾਲ ਬਾਅਦ ਜੋਤੀ ਜੋਤਿ ਸਮਾਏ ।

ਬਹੁਤ ਛੋਟੀ ਉਮਰ ਵਿੱਚ ਹੀ ਆਪ ਜੀ ਦੀ ਮਾਤਾ ਚੜ੍ਹਾਈ ਕਰ ਗਈ। ਜਦੋਂ ਆਪ ਸੱਤ ਸਾਲ ਦੇ ਹੋਏ ਤਾਂ ਪਿਤਾ ਜੀ ਵੀ ਚਲਾਣਾ ਕਰ ਗਏ । ਪਿਤਾ ਜੀ ਦੇ ਚੁਲਾਣੇ ਤੋਂ ਬਾਅਦ ਆਪ ਜੀ ਦੀ ਨਾਨੀ ਆਪ ਜੀ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ ਜਿਥੇ ਆਪ ਜੀ ਦਾ ਮਿਲਾਪ ਬਾਬਾ ਅਮਰਦਾਸ ਜੀ ( ਤੀਜੇ ਸਤਿਗੁਰੂ) ਨਾਲ ਹੋਇਆ ।

ਨਾਨਕੇ ਪਿੰਡ ਆ ਕੇ ਆਪ ਘੁੰਗਣੀਆਂ (ਤਲੇ ਹੋਏ ਛੋਲੇ) ਵੇਚਣ ਦਾ ਕੰਮ ਕਰਨ ਲੱਗ ਪਏ । ਸੰਨ ੧੫੪੬ ਵਿੱਚ (ਗੁਰੂ) ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਹੁਕਮ ਦੁਆਰਾ ਗੋਇੰਦਵਾਲ ਵਸਾਇਆ ਤਾਂ ਉਹ ਆਪਣੇ ਕਈ ਅੰਗਾਂ ਸਾਕਾਂ ਨੂੰ ਗੋਇੰਦਵਾਲ ਲੈ ਆਏ । ੧੨ ਸਾਲ ਦੀ ਉਮਰ ਵਿੱਚ ਭਾਈ ਜੇਠਾ ਜੀ ਵੀ ਆਪਣੀ ਨਾਨੀ ਨਾਲ ਗੋਇੰਦਵਾਲ ਆ ਵਸੇ । ਏਥੇ ਆ ਕੇ ਵੀ ਆਪ ਘੁੰਗਣੀਆਂ ਵੇਚਣ ਦਾ ਹੀ ਧੰਦਾ ਕਰਦੇ ਸਨ । ਆਪ ਜੀ ਬੜੇ ਪ੍ਰੇਮ ਨਾਲ ਹੋਕਾ ਦਿੰਦੇ - - 'ਮਸਾਲੇਦਾਰ ਘੁੰਗਣੀਆਂ, ਨਾਮ ਜਪਾਵਣ ਘੁੰਗਣੀਆਂ।' ਭੁੱਖੇ ਬੰਦੇ ਆਪਣੀ ਭੁੱਖ ਮਿਟਾਉਣ ਲਈ, ਜੀਭ ਦੇ ਚਸਕਈਏ ਆਪਣੀ ਜੀਭ ਦਾ ਚਸਕਾ ਪੂਰਾ ਕਰਨ ਲਈ ਅਤੇ ਰਾਮ ਨਾਮ ਜਪਣ ਵਾਲੇ " ਰਾਮ ਜਪਾਵਣ ਘੁੰਗਣੀਆਂ" ਵਜੋਂ ਘੁੰਗਣੀਆਂ ਖ੍ਰੀਦਦੇ ।

ਗੋਇੰਦਵਾਲ ਆ ਕੇ (ਗੁਰੂ) ਅਮਰਦਾਸ ਜੀ ਨਾਲ ਆਪ ਜੀ ਨੇੜਤਾ ਵਧਦੀ ਗਈ । ਸੰਨ ੧੫੫੨ ਵਿੱਚ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਸੌਂਪ ਦਿੱਤੀ । ਇਸ ਤੋਂ ਇੱਕ ਸਾਲ ਬਾਅਦ ਸੰਨ ੧੫੫੩ ਵਿੱਚ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਆਪ ਜੀ (ਜੇਠਾ ਜੀ) ਨਾਲ ਕਰ ਦਿੱਤਾ । ਉਸ ਵੇਲੇ ਆਪ ਜੀ ਦੀ ਉਮਰ ੧੯ ਸਾਲ ਦੀ ਸੀ ।

ਸੰਨ ੧੫੫੭ ਈਸਵੀ ਵਿੱਚ ਬਾਦਸ਼ਾਹ ਅਕਬਰ ਲਾਹੌਰ ਆਇਆ ਤਾਂ ਕੁਝ ਜ਼ਾਤ-ਅਭਿਮਾਨੀਆਂ ਨੇ ਗੁਰੂ ਘਰ ਵਿਰੁੱਧ ਬਾਦਸ਼ਾਹ ਕੋਲ ਜਾ ਸ਼ਿਕਾਇਤਾਂ ਕੀਤੀਆਂ । ਅਕਬਰ ਬਾਦਸ਼ਾਹ ਨੇ ਗੁਰੂ ਅਮਰਦਾਸ ਜੀ ਨੂੰ ਆਪਣਾ ਪੱਖ ਪੇਸ਼ ਕਰਨ ਲਈ ਸੁਨੇਹਾ ਭੇਜਿਆ । ਇਸ ਕੰਮ ਲਈ ਭਾਈ ਜੇਠਾ ਜੀ ਨੂੰ ਲਾਹੌਰ ਭੇਜਿਆ ਗਿਆ । ਜੇਠਾ ਜੀ (ਗੁਰੂ ਰਾਮ ਦਾਸ ਜੀ) ਨੇ ਗੁਰੂ ਘਰ ਦਾ ਆਦਰਸ਼ ਐਸੇ ਪਿਆਰੇ ਤੇ ਸੋਹਣੇ ਢੰਗ ਨਾਲ ਬਿਆਨ ਕੀਤਾ ਕਿ ਸਭ ਦੀ ਤੱਸਲੀ ਹੋ ਗਈ ਅਤੇ ਸ਼ਿਕਾਇਤ ਕਰਨ ਵਾਲਿਆਂ ਨੂੰ ਠਿੱਠ ਹੋ ਕੇ ਮੁੜਨਾ ਪਿਆ ।

ਸੰਨ ੧੫੫੯ ਈ: ਵਿੱਚ ਗੋਇੰਦਵਾਲ ਵਿਖੇ ਬਾਉਲੀ ਦੀ ਸੇਵਾ ਸ਼ੁਰੂ ਹੋਈ । ਆਪ ਜੀ (ਗੁਰੂ ਰਾਮਦਾਸ ਜੀ) ਨੇ ਬਾਕੀ ਸਿੱਖਾਂ ਵਾਂਗ ਟੋਕਰੀ ਢੋਣ, ਗਾਰੇ, ਮਿੱਟੀ ਤੇ ਚੂਨੇ ਆਦਿ ਦੀ ਸੇਵਾ ਤਨ ਮਨ ਲਾ ਕੇ ਕੀਤੀ । ਆਪ ਜੀ ਨੇ ਸ਼ਰੀਕਾਂ ਦੇ ਤਾਹਨੇ ਮੇਹਣਿਆਂ ਦੀ ਵੀ ਕੋਈ ਪ੍ਰਵਾਹ ਨਾ ਕੀਤੀ । ਆਪ ਜੀ ਨੇ ਦਿਲ ਜਾਨ ਨਾਲ ਸੇਵਾ ਕਰਕੇ ਗੁਰੂ ਅਮਰਦਾਸ ਜੀ ਦਾ ਮਨ ਮੋਹ ਲਿਆ । ਜਦੋਂ ਗੁਰੂ ਅਮਰਦਾਸ ਜੀ ਨੇ ਆਪ ਜੀ ਅਤੇ ਆਪਣੇ ਦੂਜੇ ਜਵਾਈ ਰਾਮਾ ਜੀ ਦੀ ਥੜ੍ਹੇ ਬਣਾਉਣ ਦੀ ਪ੍ਰੀਖਿਆ ਲਈ ਤਾਂ ਆਪ ਜੀ ਪ੍ਰੀਖਿਆਂ ਵਿਚੋਂ ਪਹਿਲੇ ਨੰਬਰ ਤੇ ਆਏ ।

ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਦੀ ਪ੍ਰਫੁਲਤਾ ਲਈ ਮਾਝੇ ਦੇ ਇਲਾਕੇ ਵਿੱਚ ਨਵੀਂ ਥਾਂ (ਜਿਥੇ ਹੁਣ ਅੰਮ੍ਰਿਤਸਰ ਹੈ) ਦੀ ਚੋਣ ਕੀਤੀ ਅਤੇ (ਗੁਰੂ) ਰਾਮਦਾਸ ਜੀ ਨੂੰ ਨਵਾਂ ਨਗਰ "ਗੁਰੂ ਕਾ ਚੱਕ" (ਰਾਮਦਾਸ ਪੁਰ) ਵਸਾਉਣ ਦਾ ਕੰਮ ਸੌਂਪਿਆ । ਜਿਸ ਦੀ ਨੀਹ ਸੰਨ ੧੫੭੪ ਵਿੱਚ ਰਖੀ ਗਈ ।

**ਗੁਰੂ ਅਮਰਦਾਸ** ਜੀ ਨੇ ਆਪ ਜੀ ਨੂੰ ਯੋਗ ਸਮਝ ਕੇ ੧ ਸਤੰਬਰ, ੧੫੭੪ ਈ: ਨੂੰ ਗੋਇੰਦਵਾਲ ਵਿਖੇ



www.AKJ.Org

ਸਾਰੀ ਸੰਗਤ ਤੇ ਆਪਣੇ ਪ੍ਰੀਵਾਰ ਦੇ ਸਾਹਮਣੇ ਗੁਰ-ਗੱਦੀ ਸੌਂਪ ਦਿੱਤੀ ।

ਗੁਰਿਆਈ ਮਿਲਣ ਤੋਂ ਬਾਅਦ ਗੁਰੂ ਰਾਮਦਾਸ ਜੀ ਨੇ ਮਾਝੇ ਦੇ ਇਲਾਕੇ ਵਿੱਚ ਸਿੱਖੀ ਦੇ ਪ੍ਰਚਾਰ ਤੇ ਜ਼ੋਰ ਦਿੱਤਾ । "ਗੁਰੂ ਕੇ ਚੱਕ" ਵਿਖੇ ਆਪ ਜੀ ਨੇ ਵੱਖ ਵੱਖ ਕੰਮਾਂ ਕਿੱਤਿਆਂ ਵਾਲੇ ਬੰਦੇ ਬੁਲਾ ਕੇ ਵਸਾਏ । ਸੰਨ ੧੫੭੭ ਈ: ਵਿੱਚ ਆਪ ਜੀ ਨੇ ਦੁਖ-ਭੰਜਨੀ ਬੇਰੀ ਦੇ ਕੋਲ ਇਕ ਤਲਾਅ ਪੁਟਵਾਇਆ ਜਿਹੜਾ "ਅੰਮ੍ਰਿਤਸਰ" ਦੇ ਨਾਮ ਨਾਲ ਜਾਣਿਆ ਜਾਣ ਲੱਗਾ । ਇਸ ਸਰੋਵਰ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕਰਵਾਇਆ ਅਤੇ ਇਸ ਵਿਚ "ਹਰਿ-ਮੰਦਰ" ਦੀ ਉਸਾਰੀ ਕਰਵਾਈ ।

ਗੁਰੂ ਰਾਮਦਾਸ ਜੀ ਦੇ ਤਿੰਨ ਸਾਹਿਬਜ਼ਾਦੇ ਸਨ - -

ਬਾਬਾ ਪ੍ਰਿਥੀ ਚੰਦ, ਸ੍ਰੀ ਮਹਾਂਦੇਵ ਜੀ ਅਤੇ (ਗੁਰੂ) ਅਰਜਨ ਦੇਵ ਜੀ । ਗੁਰੂ ਰਾਮ ਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਯੋਗ ਸਮਝ ਕੇ ਗੁਰਿਆਈ ਸੌਂਪ ਦਿੱਤੀ ਅਤੇ ਆਪ ੧ ਸਤੰਬਰ, ੧੫੮੧ ਈ: ਨੂੰ ਜੋਤੀ ਜੋਤਿ ਸਮਾ ਗਏ ।

ਗੁਰੂ ਰਾਮ ਦਾਸ ਜੀ ਨੇ ੩੦ ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ। ਇਸ ਤੋਂ ਗੁਰੂ ਰਾਮਦਾਸ ਜੀ ਦੀ ਕੀਰਤਨ ਵਿੱਚ ਅਗਾਧ ਰੁਚੀ ਦਾ ਪਤਾ ਲੱਗਦਾ ਹੈ । ਗਉੜੀ ਰਾਗ ਵਿੱਚ ਉਹ ਆਪਣੀ ਬਿਰਥਾ ਇਉਂ ਪ੍ਰਗਟ ਕਰਦੇ ਹਨ - -

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰਿ ਜਾਣਹੁ ਆਪੇ ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥੪॥੫॥
੧੧॥੪੯॥ (ਪੰਨਾ-੧੬੭)

ਇਸ ਤੋਂ ਗੁਰੂ ਪ੍ਰੇਮ ਦਾ ਵੀ ਪਤਾ ਲਗਦਾ ਹੈ ਜਦੋਂ ਆਖਰੀ ਪੰਗਤੀ ਵਿੱਚ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਦਾਸ ਨਾਨਕ ਦਾ ਗੁਰੂ ਧੰਨ ਹੈ, ਧੰਨ ਹੈ ਜਿਸ ਗੁਰੂ ਨੂੰ ਮਿਲ ਕੇ ਮੇਰੇ ਸਾਰੇ ਸੋਗ ਖਤਮ ਹੋ ਗਏ, ਮੇਰੇ ਸਾਰੇ ਕਲੇਸ਼ ਦੂਰ ਹੋ ਗਏ ।

ਘੁੰਗਣੀਆਂ ਵੇਚਣ ਵਾਲਾ ਬਾਲਕ ਜੇਠਾ, ਅਲਪੱਗ ਜੇਹੀ ਜੀਵਨੀ ਵਾਲਾ ਸਾਧਾਰਨ ਮਨੁੱਖ, ਪੂਰਨ ਪੁਰਖ ਦੇ ਲੜ ਲੱਗ ਕੇ ਸਰਬੱਗ ਹਸਤੀ ਵਾਲਾ "ਧੰਨ ਗੁਰੂ ਰਾਮਦਾਸ" ਬਣ ਗਿਆ। ਬਲਵੰਡ ਜੀ ਆਪ ਬਾਰੇ ਇਉਂ ਬਿਆਨ ਕਰਦੇ ਹਨ - -

ਧੰਨੁ ਧੰਨੁ ਰਾਮਦਾਸ ਗੁਰ,
ਜਿਨਿ ਸਿਰਿਆ ਤਿਨੈ ਸਵਾਰਿਆ
ਪੂਰੀ ਹੋਈ ਕਰਾਮਾਤਿ,
ਆਪਿ ਸਿਰਜਣ ਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ, ਪਾਰਬ੍ਰਹਮ ਕਰਿ
ਨਮਸਕਾਰਿਆ ॥ (ਪੰਨਾ-੯੬੮)

(ਗੁਰੂ ਰਾਮਦਾਸ ਧੰਨ ਹੈ, ਧੰਨ ਹੈ ! ਜਿਸ ਅਕਾਲ ਪੁਰਖ ਨੇ ਉਨ੍ਹਾਂ ਨੂੰ ਪੈਦਾ ਕੀਤਾ ਉਸੇ ਨੇ ਉਨ੍ਹਾਂ ਨੂੰ ਸੋਹਣਾ ਭੀ ਬਣਾਇਆ । ਇਹ ਇਕ ਪੂਰਨ ਕਰਾਮਾਤ ਹੋਈ ਹੈ ਕਿ ਸਿਰਜਣਹਾਰ ਨੇ ਖੁਦ ਆਪਣੇ ਆਪ ਨੂੰ ਉਨ੍ਹਾਂ ਵਿੱਚ ਟਿਕਾਇਆ ਹੈ । ਸਭ ਸਿੱਖਾਂ ਨੇ ਅਤੇ ਸੰਗਤਾਂ ਨੇ ਉਨ੍ਹਾਂ ਨੂੰ ਅਕਾਲ ਪੁਰਖ ਦਾ ਰੂਪ ਜਾਣ ਕੇ ਨਮਸਕਾਰ ਕੀਤੀ ਹੈ ।)

✧ ✧ ✧ ✧ ✧ ✧ ✧

# ਰਹਿਤ ਪਿਤਾ ਦੀ ਚਿਤ ਹਿਤਕਾਰ ਰਖੋ

ਕਲਗੀ ਵਾਲੜੇ ਗੁਰੂ ਨੇ ਮਿਹਰ ਕਰਕੇ,
ਦਿਤਾ ਅਸਾਂ ਨੂੰ ਆਣ ਦੀਦਾਰ ਵਾਹਵਾ ।
ਖਾਰੇ ਸਾਗਰ ਵਿੱਚ ਗੋਤੇ ਖਾਂਦਿਆਂ ਨੂੰ,
ਲਾਇਆ ਗੁਰਾਂ ਨੇ ਆਣ ਕੇ ਪਾਰ ਵਾਹਵਾ ।
ਅੰਮ੍ਰਿਤ ਗੁਰਾਂ ਨੇ ਸਾਨੂੰ ਛਕਾਉਣ ਵੇਲੇ,
ਬਖਸ਼ੇ ਆਪ ਸਾਨੂੰ ਪੰਜ ਕਕਾਰ ਵਾਹਵਾ ।
ਰਹਿਤ ਰੱਖਣੀ ਪੰਜ ਕਕਾਰ ਸੰਦੀ,
ਗੁਰਾਂ ਮੁੱਖ ਤੋਂ ਕਿਹਾ ਉਚਾਰ ਵਾਹਵਾ ।
ਫ਼ਤਹ ਤੁਸਾਂ ਦੀ ਹੋਵੇਗੀ ਖਾਲਸਾ ਜੀ,
ਰੱਖੋ ਰਹਿਤ ਜੇ ਪੰਜ ਕਕਾਰ ਵਾਹਵਾ ।

ਐ ਖਾਲਸਾ ਗੁਰੂ ਦਸ਼ਮੇਸ਼ ਦੇ ਜੀ !
ਯਾਦ ਗੁਰਾਂ ਦੇ ਤੁਸੀਂ ਉਪਕਾਰ ਰਖੋ ।
ਮਨਮਤਿ ਕਰਨੀ, ਤੁਸੀਂ ਛੱਡ ਦੇਵੋ,
ਸਦਾ ਗੁਰਮਤਿ ਦੇ ਨਾਲ ਪਿਆਰ ਰਖੋ ।
ਭੈਣੋ ਮੇਰੀਓ ਗੁਰੂ ਦੁਲਾਰੀਓ ਜੀ,
ਰਹਿਤ ਪਿਤਾ ਦੀ ਚਿਤ ਹਿਤਕਾਰ ਰਖੋ ।
**ਕਰੋ ਜੂੜਾ ਵਿਚਾਲੜੇ ਸੀਸ ਭੈਣੋ,**
**ਸਾਬਤ ਸੂਰਤ ਤੇ ਸਿਰ ਦਸਤਾਰ ਰਖੋ ।**
**ਦਿੱਲੜ ਪੂਣੇ ਨੂੰ ਛਡ ਕੇ ਖਾਲਸਾ ਜੀ,**
**ਤੱਤ ਗੁਰਮਤਿ ਦਾ ਸਦਾ ਪ੍ਰਚਾਰ ਰਖੋ ।**

(ਆਕੀ ਜੀ)



www.AKJ.Org

# ਸੋ ਨਿਰਮਲ ਨਿਰਮਲ ਹਰਿ ਗੁਨ ਗਾਵੈ

ਕਬੀਰ ਜੀ ਦੇ ਉਪਰੋਕਤ ਕਥਨ ਦੀ ਸਮੁੱਚੀ ਗੁਰਬਾਣੀ ਵਿਆਖਿਆ ਕਰਦੀ ਹੈ ਕਿ "ਹਰਿ ਨਾਮੁ ਧਨੁ ਨਿਰਮਲ ਅਤਿ ਅਪਾਰਾ" ਹੈ, ਉਸ ਦੇ ਗੁਣ ਜੋ "ਆਤਮ ਕੇ ਚਾਇ" ਗਾਉਂਦੇ-ਅਰਾਧਦੇ ਹਨ ਉਹ ਸੱਚੇ ਪ੍ਰਭੂ ਦੇ ਗੁਣ ਗਾ ਗਾ ਕੇ "ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ ॥" (ਪੰਨਾ-੪੨੯) ਵਾਲੇ ਨਿਰਮਲ ਹੋ ਜਾਂਦੇ ਹਨ। ਉਹ "ਐਥੇ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ" ਦੀ ਪਦਵੀ ਨੂੰ ਪ੍ਰਾਪਤ ਹੋ ਜਾਂਦੇ ਹਨ ਪਰ ਇਸ ਅਵਸਥਾ ਨੂੰ ਪ੍ਰਾਪਤ ਕਰਨ ਲਈ ਪ੍ਰਾਣੀ ਨੂੰ ਸਾਧਨ ਕਰਨ ਦੀ ਲੋੜ ਹੈ, ਮਨ ਨੂੰ ਸੋਧਣ-ਪ੍ਰਬੋਧਣ ਦੀ ਲੋੜ ਹੈ। ਮਨ ਦੀ ਨਿਰਮਲਤਾ ਅਤਿ ਜ਼ਰੂਰੀ ਹੈ। ਮਨ ਦੀ ਨਿਰਮਲਤਾ ਤੋਂ ਬਿਨਾਂ ਸਤਿਗੁਰੂ ਦੀ ਦ੍ਰਿੜਾਈ ਕਹਣੀ, ਕਮਾਈ ਹੀ ਨਹੀਂ ਜਾ ਸਕਦੀ। ਮਨ ਦੀ ਨਿਰਮਲਤਾ ਨਾਲ ਹੀ ਬਾਹਰਮੁਖੀ ਵੀ ਨਿਰਮਲ ਹੋ ਸਕੀਦਾ ਹੈ, ਐਵੇਂ ਬਾਹਰਲੇ ਦਿਖਾਵੇ ਦੇ ਅਡੰਬਰਾਂ ਨਾਲ ਨਹੀਂ। ਮਨ ਦੀ ਨਿਰਮਲਤਾ ਨਾਲ ਹੀ ਕੂੜ੍ਹ ਪਦਾਰਥਾਂ ਦੀ ਪਕੜ ਤੋਂ ਛੁਟਕਾਰਾ ਹੋਣਾ ਹੈ। ਇਸੇ ਕਰਕੇ ਗੁਰੂ ਅਮਰਦਾਸ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਮਨ ਦੀ ਨਿਰਮਲਤਾ ਕਰਕੇ ਹੀ ਪ੍ਰਭੂ ਪ੍ਰੀਤਮ ਦੀ ਨੇੜਤਾ ਪ੍ਰਾਪਤ ਹੋ ਸਕਦੀ ਹੈ। ਗੁਰ ਫੁਰਮਾਨ ਹੈ --

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ ॥੧੯॥ (ਪੰਨਾ-੯੧੯)

[illegible] ਕਰਦਿਆਂ, ਪੂਰਨ ਸਿਦਕ [illegible] ਮਨ ਨੂੰ ਰੰਗ ਦੇਣ ਵਾਲੀ ਗੁਰਬਾਣੀ ਦੇ ਲੜ ਲਗਿਆਂ ਹੀ ਮਨ ਨੇ ਨਿਰਮਲ ਹੋਣਾ ਹੈ ਅਤੇ ਮਨ ਨੂੰ ਹਰਿ-ਨਾਮ ਰੰਗ ਦੀ ਲਾਗ ਲੱਗਣੀ ਹੈ। ਪ੍ਰੀਤਮ ਪ੍ਰਭੂ ਦੇ ਭੈ-ਅਦਬ ਤੋਂ ਬਿਨਾਂ, ਗਰੀਬੀ-ਨਿਮਰਤਾ ਧਾਰੇ ਤੋਂ ਬਿਨਾਂ, ਹਉਮੈ ਹੰਕਾਰ ਦੇ ਅਧੀਨ ਅਨਿਕ ਪੁਕਾਰੀ ਨਾਮ ਕਮਾਉਣ ਨਾਲ ਪ੍ਰਭੂ-ਦਰ ਤੇ ਕੋਈ ਥਾਂ-ਠਿਕਾਣਾ ਨਹੀਂ ਮਿਲਣਾ। ਅਸੀਂ ਮਾਇਆ ਵਿਹਾਜਣ ਦੇ ਨੀਚ ਕਰਮਾਂ ਕਰ ਕੇ ਅਤਿ ਮਲੀਨ ਹੋ ਰਹੇ ਹਾਂ। ਇਹ ਮਲੀਨਤਾ ਪਾਰਸ ਰੂਪ ਸਤਿਗੁਰੂ ਨੂੰ ਭੇਟੇ ਤੋਂ ਬਿਨਾਂ, ਸਤਿਗੁਰੂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੇ ਤੋਂ ਬਿਨਾਂ ਦੂਰ ਨਹੀਂ ਹੋ ਸਕਦੀ। ਸਤਿਗੁਰੂ ਨੂੰ ਭੇਟ ਕੇ ਹੀ ਅਸੀਂ ਕੰਚਨ ਵਾਂਗ ਨਿਰਮਲ ਹੋ ਸਕਦੇ ਹਾਂ। ਨਾਮ ਅੰਮ੍ਰਿਤ ਦੀ ਅੱਤੁਟ ਕਮਾਈ ਕੀਤਿਆਂ ਨਿਰਮਲ ਹੋ ਕੇ, ਪ੍ਰਭੂ ਦੀ ਅਪਾਰ ਜੋਤੀ ਅੰਦਰ ਪ੍ਰਗਾਸ ਕਰ ਜਾਂਦੀ ਹੈ ਤਾਂ ਤੇ ਮਨ ਨੂੰ ਨਾਮ ਨਾਲ ਜੋੜਨਾ ਹੈ --

ਏ ਮਨ ਰੂੜ੍ਹੇ ਰੰਗੁਲੇ ਤੂੰ ਸਚਾ ਰੰਗੁ ਚੜਾਇ ॥
ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ ॥੧॥ ਰਹਾਉ ॥
ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ ॥
ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ ॥੨॥
ਬਿਨੁ ਗੁਰ ਕੋਇ ਨ ਰੰਗੀਐ ਗੁਰ ਮਿਲਿਐ ਰੰਗੁ ਚੜਾਉ ॥
ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ ॥੬॥
ਭੈ ਬਿਨੁ ਲਾਗਿ ਨ ਲਗਈ ਨ ਮਨੁ ਨਿਰਮਲੁ ਹੋਇ ॥
ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ॥੪॥ (ਪੰਨਾ-੪੨੭)

ਸਤਿਗੁਰੂ ਦੀ ਸ਼ਰਨ ਲਏ ਬਿਨਾਂ, ਨਾਮ-ਗੁਰ-ਮੰਤਰ ਦੀ ਦੀਖਿਆ ਲਏ ਬਗੈਰ ਕਦਾਚਿਤ ਅੰਦਰਲਾ ਨਿਰਮਲ ਨਹੀਂ ਹੋਣਾ ਅਤੇ ਗੁਰੂ ਦੀ ਚਰਨੀਂ ਲੱਗ ਕੇ ਮਨ ਦੀ ਮੈਲ ਕੱਟੀ ਜਾਣੀ ਹੈ, ਐਵੇਂ ਆਪ-ਹੁਦਰੋਂ ਹਰੀ ਹਰੀ ਕਹੀ ਜਾਣ ਨਾਲ ਨਹੀਂ। ਸਤਿਗੁਰੂ ਦੀ ਕਿਰਪਾ ਹੋਇ ਤੋ ਹਰੀ-ਪ੍ਰਭੂ ਨੇ ਹਿਰਦੇ ਵਿੱਚ ਵੱਸਣਾ ਹੈ। ਗੁਰਵਾਕ ਹੈ -

ਰਾਮ ਰਾਮ ਸਭੁ ਕੋ ਕਹੈ, ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ ਰਹਾਉ ॥ ([illegible])

ਸਤਿਗੁਰੂ ਦੀ ਬਖਸ਼ਸ਼ (ਪਰਸਾਦ) ਹੋਣ ਤੇ [illegible] ਮਨ ਨੇ ਸਵੱਛ ਹੋਣਾ ਹੈ ਤੇ ਸਵੱਛ [illegible] ਹੀ ਪਰਵਾਨ ਹੋਣੀ ਹੈ ਸੋ, [illegible] ਦਾ ਫ਼ੁਰਮਾਨ ਉਪਦੇਸ਼ ਹੀ ਹੈ ਜਿਸ ਨੇ

www.AKJ.Org

ਹਉਮੈ ਦੀ ਮੈਲ ਕੱਟ ਕੇ ਜੀਵ ਦੇ ਅੰਦਰੋਂ ਮਾਇਕ ਬੰਧਨਾਂ ਕਰ ਵਿਆਪੀ ਅਗਿਆਨਤਾ ਦਾ ਅੰਧੇਰਾ ਕਟਣਾ ਹੈ । ਗੁਰ-ਹੁਕਮ ਹੈ- -

--ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲ ਹੋਇ ॥
ਮਨ ਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥
ਮਨਿ ਮੈਲੇ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥
ਮਨਮੁਖ ਮੈਲੇ, ਮੈਲੇ ਮੁਏ, ਜਾਸਨਿ ਪਤਿ ਗਵਾਇ ॥
ਗੁਰ ਪਰਸਾਦੀ ਮਨਿ ਵਸੈ, ਮਲੁ ਹਉਮੈ ਜਾਇ ਸਮਾਇ ॥
-ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨ ॥੬੪ ॥ (ਪੰਨਾ-੩੯)
-- ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥੩॥੬॥ (ਪੰਨਾ-੪੯੪)

ਨਾਮ ਆਪ ਨਿਰਮਲ ਹੈ ਅਤੇ ਜੋ ਇਸ ਨੂੰ ਲਿਵ ਜੋੜ ਕੇ ਜਪਦੇ ਹਨ ਉਹ ਵੀ ਨਿਰਮਲ ਹੋ ਜਾਂਦੇ ਹਨ । ਇਕ-ਚਿਤ ਹੋ ਕੇ ਨਿਰਮਲ ਨਾਮ ਨੂੰ ਜਪਣ ਨਾਲ ਹੀ ਹਉਮੈ ਦੀ ਮੈਲ ਤੋਂ ਬਚ ਸਕੀਦਾ ਹੈ । ਅੰਮ੍ਰਿਤ ਰੂਪੀ ਨਾਮ ਸਦਾ ਨਿਰਮਲ ਕਰਨ ਵਾਲਾ ਅਤੇ ਦੁਖਾਂ ਦਾ ਨਾਸ ਕਰਕੇ ਸੁਖ ਦੇਣ ਵਾਲਾ ਹੈ- -

– ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ ਦੂਖ ਬਿਡਾਰਨ ਹਰੀਆ ॥੧॥੨੨॥ (ਪੰਨਾ-੧੦੦)
– ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ ਗੁਰ ਕੈ ਸਬਦਿ ਭਰੇ ਭੰਡਾਰਾ ॥
ਸਬਦੁ ਦੀਪਕੁ ਵਰਤੈ ਤਿਹੁ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥
ਨਿਰਮਲ ਨਾਮਿ ਹਉਮੈ ਮਲੁ ਧੋਇ ॥ ਸਾਚੀ ਭਗਤਿ ਸਦਾ ਸੁਖੁ ਹੋਇ ॥੨॥੨॥ (੬੬੪)

ਸਤਿਗੁਰੂ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਚਤੁਰਾਈਆਂ ਸਿਆਣਪਾਂ ਛਡ ਕੇ ਸਤਿਗੁਰ-ਸੰਤ ਦਾ ਬਖਸ਼ਿਆ ਨਿਰਮਲ ਕਰ ਦੇਣ ਵਾਲਾ ਗੁਰ ਮੰਤਰ ਜਪਣਾ ਕਰ ਅਤੇ ਅਨੰਦਤ ਹੋ - -

ਅਨੰਦ ਕਰਿ ਸੰਤ ਹਰਿ ਜਪਿ ॥
ਛਾਡਿ ਸਿਆਨਪ ਬਹੁ ਚਤੁਰਾਈ ਗੁਰ ਕਾ ਜਪਿ ਮੰਤੁ ਨਿਰਮਲ ॥੧॥ ਰਹਾਉ ॥੪॥ (ਪੰਨਾ-੭੯੫)

ਜਿਥੇ ਗੁਰੂ ਕਾ ਸ਼ਬਦ ਨਿਰਮਲ ਹੈ ਉਥੇ ਗੁਰੂ ਕੀ ਬਾਣੀ ਵੀ ਨਿਰਮਲ ਹੈ । ਨਿਰਮਲ ਕਰ ਦੇਣ ਵਾਲੀ ਬਾਣੀ ਦੇ ਉਪਦੇਸ਼ ਦੁਆਰਾ ਨਿਰਮਲ ਨਾਮ ਨੂੰ ਜਪਣ ਵਾਲੇ ਵੀ ਨਿਰਮਲ ਹੋ ਜਾਂਦੇ ਹਨ । ਉਨ੍ਹਾਂ ਦਾ ਨਿਰਮਲ ਹੋਇਆ ਮਨੂਆ ਗੁਰੂ ਕੇ ਬਖਸ਼ੇ ਸ਼ਬਦ ਦੁਆਰਾ ਹਰਿ ਨਾਮ ਨੂੰ ਜਪ ਜਪ ਕੇ ਹਿਰਦੇ ਵਿਚ ਪ੍ਰੋ ਲੈਂਦੇ ਹਨ । ਨਿਰਮਲ ਨਾਮ ਵਿੱਚ ਉਨ੍ਹਾਂ ਦਾ ਮਨ ਤਨ ਗਲਤਾਨ ਹੁੰਦਾ ਹੈ ਅਤੇ ਅਨਹਦ ਧੁਨੀਆਂ ਦੇ ਇਕ-ਰਸ ਨਾਦ ਸੁਣਕੇ ਉਹ ਸਚੀ ਦਰਗਾਹੇ ਸੋਭਾ ਪਾਉਂਦੇ ਹਨ । ਗੁਰਵਾਕ ਹੈ:

ਨਿਰਮਲ ਸਬਦੁ ਨਿਰਮਲ ਹੈ ਬਾਣੀ ॥
ਨਿਰਮਲ ਜੋਤਿ ਸਭ ਮਾਹਿ ਸਮਾਣੀ ॥
ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥
ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥
ਹਉਮੈ ਮੈਲੁ ਗੁਰ ਸਬਦੇ ਧੋਵੈ ॥
ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥
ਨਿਰਮਲ ਤੇ ਸਭ ਨਿਰਮਲ ਹੋਵੈ ॥
ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥
ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥
ਸੋ ਨਿਰਮਲੁ ਜੋ ਸਬਦੇ ਸੋਹੈ ॥
ਨਿਰਮਲ ਨਾਮਿ ਮਨੁ ਤਨੁ ਮੋਹੈ ॥
ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥੨੦ ॥ (ਪੰਨਾ-੧੨੧)

ਸਤਿਗੁਰੂ ਦੇ ਉਪਦੇਸ਼ ਲਏ ਬਿਨਾਂ 'ਕੋਇ ਨ ਰੰਗੀਐ" ਅਤੇ ਭੈ-ਭਾਵਨੀ ਬਿਨਾਂ ਨਾਮ ਦੀ 'ਲਾਗਿ ਨ ਲਗਈ' ਅਤੇ 'ਨ ਮਨੁ ਨਿਰਮਲੁ ਹੋਇ 'ਅਤੇ 'ਬਿਨ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ ' ਸੋ ਸਤਿਗੁਰੂ ਦੇ ਅਦਬ ਸਤਿਕਾਰ ਤੋਂ ਖੁੰਝੇ ਹੋਏ ਮਨਮੁਖ ਝੂਠੇ ਕਰਮ ਕਮਾਂਵਦੇ ਹਨ ਅਤੇ ਬਾਹਰੋਂ ਨਿਰਮਲ ਹੋ ਹੋ ਬਹਿੰਦੇ ਹਨ । ਇਸੇ ਕਰਕੇ ਸਤਿਗੁਰ ਫੁਰਮਾਂਦੇ ਹਨ - -

ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥੯॥ (੫੯੮)

ਗੁਰੂ ਦੇ ਮੁਖ ਦੁਆਰਾ ਬਖਸ਼ਿਆ ਨਿਰਮਲ ਨਾਮ ਜਪ ਕੇ ਹੀ ਅੰਦਰੂਨੀ ਨਿਰਮਲਤਾ ਆਉਣੀ ਹੈ, ਪਾਖੰਡ ਕਰਮਾਂ ਨਾਲ ਨਹੀ- -

(ਬਾਕੀ ਪੰਨਾ-੨੯ ਉਤੇ)



www.AKJ.Org

# ਅੰਮ੍ਰਿਤ ਵੇਲਾ (ਮਨੁੱਖਾ ਜਨਮ)

(ਭਾਈ ਹੀਰਾ ਸਿੰਘ ਜੀ)

" ਬਾਬੀਹਾ ਅੰਮ੍ਰਿਤ ਵੇਲੈ ਬੋਲਿਆ" (ਪੰਨਾ-੧੨੮੫)

ਆਮ ਸਿੱਖ ਜਨਤਾ ਵਿੱਚ ਅੰਮ੍ਰਿਤ ਵੇਲਾ ਉਹ ਵੇਲਾ ਹੈ ਜੋ ਰਾਤ ਦੇ ਪਿਛਲੇ ਹਿੱਸੇ ਦੀਆਂ ਪਹੁ-ਫੁੱਟਣ ਤੋਂ ਪਹਿਲਾਂ ਚਾਰ ਪੰਜ ਘੜੀਆਂ ਦਾ ਹੁੰਦਾ ਹੈ । ਕਈ ਸੱਜਣ ਇਸ ਸਮੇਂ ਨੂੰ ਮੁਕਤੀ ਦਾਇਕ ਵੀ ਆਖਦੇ ਹਨ । ਇਸ ਸਮੇਂ ਨੂੰ ਅੰਮ੍ਰਿਤ ਕਾਲ ਵੀ ਕਿਹਾ ਜਾਂਦਾ ਹੈ । ਰਾਤ ਦਾ ਇਹ ਹਿੱਸਾ "ਭਿੰਨੀ ਰੈਣਿ" ਭੀ ਅਖਵਾਂਦਾ ਹੈ । ਇਸ ਸੁਹਾਵਣੇ ਸਮੇਂ ਨੂੰ ਗੁਰਸਿੱਖ ਆਸਾ ਦੀ ਵਾਰ ਦੇ ਕੀਰਤਨ ਦੁਆਰਾ ਬੜੇ ਸੁੰਦਰ ਤਰੀਕੇ ਨਾਲ ਮਾਣਦੇ ਹਨ :-

"ਭਿੰਨੀ ਰੈਣਿ ਜਿਨਾ ਮਨਿ ਚਾਉ" (ਆਸਾ ਦੀ ਵਾਰ)

ਹੁਨਾਲ (ਗਰਮੀਆਂ) ਦੇ ਵਿੱਚ ਸੂਰਜ ਦੀਆਂ ਤਿੱਖੀਆਂ ਕਿਰਣਾਂ ਨਾਲ ਦਿਨ ਵਿਚ ਧਰਤੀ ਅਤੇ ਧਰਤੀ ਦੇ ਪਦਾਰਥ ਜਲਵਾਯੂ ਆਦਿ ਤਪਦੇ ਰਹਿੰਦੇ ਹਨ ਅਤੇ ਦਿਨ ਭਰ ਤਰ੍ਹਾਂ ਤਰ੍ਹਾਂ ਦੇ ਜੀਵ ਜੰਤੂਆਂ ਦੀਆਂ ਆਵਾਜ਼ਾਂ ਨਾਲ ਅਕਾਸ਼ ਮੰਡਲ ਭਰਿਆ ਰਹਿੰਦਾ ਹੈ । ਸਿਆਲ (ਸਰਦੀਆਂ) ਦੇ ਮੌਸਮ ਵਿੱਚ ਸਰਦ ਹਵਾਵਾਂ ਦਿਨ ਦੇ ਵਾਤਾਵਰਨ ਨੂੰ ਸਰਦ ਰੱਖ ਕੇ ਮਾਨਵੀ ਮਨਾਂ ਨੂੰ ਉੱਥਲ ਪੁੱਥਲ ਕਰਦੀਆਂ ਰਹਿੰਦੀਆਂ ਹਨ । ਅਜਿਹੇ ਵਾਤਾਵਰਨ ਮਨੁੱਖ ਦੇ ਮਨ ਨੂੰ ਇਕਾਗਰ ਨਹੀਂ ਹੋਣ ਦਿੰਦੇ । ਸੂਰਜ ਡੁੱਬਦੇ ਸਾਰ ਰਾਤ ਦੀ ਆਮਦ ਉਤੇ ਗਰਮੀਆਂ ਵਿਚ ਤਪਸ਼ ਘਟਣ ਲੱਗ ਜਾਂਦੀ ਹੈ ਅਤੇ ਧਰਤੀ ਤੇ ਜਲਵਾਯੂ ਸਾਧਾਰਨ ਹਾਲਤ ਵਿੱਚ ਆ ਜਾਂਦੇ ਹਨ । ਸਰਦੀਆਂ ਵਿੱਚ ਰਜ਼ਾਈ ਦੀ ਨਿਘਾਸ ਨਾਲ ਰਾਤਾਂ ਸੁਹਾਵਣੀਆਂ ਹੋ ਜਾਂਦੀਆ ਹਨ, ਆਕਾਸ਼ ਮੰਡਲ ਵਿੱਚ ਕੁਦਰਤੀ ਖਾਮੋਸ਼ੀ ਸਮਾ ਜਾਂਦੀ ਹੈ ਅਤੇ ਸੂਰਜ ਛਿਪਣ ਤੇ ਸੂਰਜ ਚੜ੍ਹਨ ਦਾ ਵਿਚਕਾਰਲਾ ਭਾਗ ਆਮ ਸ਼ਾਂਤ ਮਈ ਹੋ ਜਾਂਦਾ ਹੈ । ਰਾਤ ਦਾ ਪਿਛਲਾ ਪਹਿਰ, ਰਾਤ ਦੇ ਦੋ ਬਜੇ ਤੋਂ ਸ਼ੁਰੂ ਹੋਣ ਵਾਲੇ ਸਮੇਂ ਨੂੰ ਗੁਰਬਾਣੀ ਅੰਦਰ "ਭਿੰਨੀ ਰੈਣਿ" ਕਰਕੇ ਪ੍ਰਕਾਸ਼ਿਆ ਹੈ :-

"ਭਿੰਨੀ ਰੈਨੜੀਐ ਚਾਮਕਨਿ ਤਾਰੇ ॥
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥"

(ਆਸਾ ਮ: ੫ ਛੰਤ, ਪੰਨਾ-੪੫੯)

ਅਤੇ

ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥
ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥

(ਬਿਲਾਵਲੁ ਮ: ੧, ਛੰਤ, ਪੰਨਾ ੮੪੪)

ਸੁਹਾਵੀ ਕਉਣੁ ਸੁ ਵੇਲਾ ਜਿਤੁ ਪ੍ਰਭ ਮੇਲਾ ॥੧॥
ਰਹਾਉ ॥ (ਪੰਨਾ-੫੬੨)

ਗੁਰਸਿੱਖ ਦਿਨ ਭਰ ਦੇ ਤਰ੍ਹਾਂ ਤਰ੍ਹਾਂ ਦੇ ਕਾਰੋਬਾਰ ਕਰਦਾ ਹੋਇਆ ਥੱਕਾ ਮਾਂਦਾ, ਸਰੀਰਕ ਸੋਧ ਸੋਧਾਈ ਮਗਰੋਂ ਰਹਿਰਾਸ ਦੇ ਪਾਠ ਤੇ ਭੋਜਨ ਉਪ੍ਰੰਤ ਕੀਰਤਨ ਸੋਹਿਲਾ ਪੜ੍ਹ, ਅਰਦਾਸ ਸੋਧ, ਅਕਾਲ ਪੁਰਖ ਦੀ ਬਖਸ਼ੀ ਹੋਈ ਰਾਤ ਦੀ ਗੋਦ ਵਿੱਚ ਬਿਰਾਜਮਾਨ ਹੋ ਜਾਂਦਾ ਹੈ । ਕੰਮ ਦੇ ਪ੍ਰਿਸ਼ਰਮ ਨਾਲ ਥੱਕੇ ਸਰੀਰ ਦੇ ਅਵੈਵ ਅੰਗ ਪ੍ਰਤੀਅੰਗ, ਨਾੜੀਆਂ ਆਦਿ ਨੀਂਦਰ ਦੇ ਕਾਰਨ ਸ਼ਾਤ ਹੋਣੇ ਸ਼ੁਰੂ ਹੋ ਜਾਂਦੇ ਹਨ । ਇਨਸਾਨੀ ਦਿਮਾਗ ਵਿੱਚੋਂ ਰੀੜ੍ਹ ਦੀ ਹੱਡੀ ਰਾਹੀਂ ਸਾਰੇ ਸਰੀਰ ਵਿੱਚ ਤੰਤੂਆ ਰਾਹੀ ਪਸਰਿਆ ਸੈਰੀਬਰਮ (Cerebrum, Sensorial Liquid) ਹਿਸਿਆਤੀ ਮਾਦਾ ਸੌਣ ਵੇਲੇ ਮੁੜ ਸੁਕੜ ਕੇ ਦਿਮਾਗ ਵਿੱਚ ਆ ਜਾਂਦਾ ਹੈ । ਗੁਰਸਿੱਖ ਦੀ ਸੁਖੋਪਤੀ ਦੀ ਹਾਲਤ ਵੇਲੇ ਭੀ ਹਿਰਦੇ ਦੀਆਂ ਲਹਿਰਾਂ (ਧੜਕਨਾਂ) ਖੂਨ ਨੂੰ ਬਦਸਤੂਰ ਦਿਮਾਗ ਅਤੇ ਸਰੀਰ ਅੰਦਰ ਭੇਜਦੀਆਂ ਰਹਿੰਦੀਆਂ ਹਨ । ਜਿਸ ਨਾਲ ਸਰੀਰ ਦੇ ਅਵੈਵ ਅੰਗ ਪੱਠੇ ਆਦਿ ਅਤੇ ਦਿਮਾਗ ਦਾ ਸੈਂਸੂਰੀ ਮਾਦਾ ਤਰੋਤਾਜ਼ਾ ਹੋ ਜਾਂਦੇ ਹਨ । ਇਹ ਕਿਰਿਆ ਸਰੀਰ ਦੀ ਉਸੇ ਤਰ੍ਹਾਂ ਹੁੰਦੀ ਹੈ ਜਿਵੇਂ ਕਿਸੇ ਬੈਟਰੀ ਨੂੰ ਨਵੇਂ ਸਿਰਿਉਂ ਚਾਰਜ ਕੀਤਾ ਜਾਂਦਾ ਹੈ । ਮਨੁੱਖ ਦੇ ਜਾਗਣ ਸਾਰ ਹੀ ਤਾਜ਼ਾ ਹੋਇਆ ਸੈਰੀਬਰਮ (ਹਿਆਤੀ ਮਾਦਾ) ਫਿਰ ਸਰੀਰ ਵਿੱਚ ਨਵੀਂ ਚੇਤੰਨਤਾ ਜਗਾ ਦਿੰਦਾ ਹੈ । ਇਸ ਸਰੀਰ ਅੰਦਰ ਹੋ ਰਹੀ ਕਿਰਿਆ ਨੂੰ ਵੱਡੇ ਗੌਰ ਨਾਲ ਹੀ ਸਮਝਿਆ ਜਾ ਸਕਦਾ ਹੈ ।

ਪ੍ਰਕਿਰਤੀ ਭੀ ਰਾਤਰੀ ਦੇ ਪਿਛਲੇ ਹਿੱਸੇ ਵਿੱਚ ਆ ਕੇ ਸ਼ਾਂਤ ਅਤੇ ਸਾਵਧਾਨ ਹੁੰਦੀ ਹੈ । ਮਨੁੱਖ ਤੜਕਸਾਰ ਉੱਠ ਕੇ, ਮਲ ਮੂਤਰ ਤਿਆਗ ਕੇ, ਸਕੇਸ਼ ਇਸ਼ਨਾਨ ਸੋਧ ਕੇ, ਐਨ ਪ੍ਰਫੁੱਲਤ ਹੋ ਜਾਂਦਾ ਹੈ ਅਤੇ ਉਸ ਦੀ ਸੋਝੀ ਵਿੱਚ ਭੀ ਤਾਜ਼ਗੀ ਆ ਜਾਂਦੀ ਹੈ । ਅਜਿਹੇ ਸੁਹਾਵਣੇ ਸਮੇਂ ਮਨ ਨੂੰ ਸ਼ਬਦ ਨਾਲ ਜੋੜ ਕੇ ਅਕਾਲ ਕੇਂਦਰ (ਸੱਚ ਖੰਡ) ਨਾਲ ਜੋੜਨਾ ਸਹਿਲ ਹੁੰਦਾ ਹੈ ਕਿਉਂਕਿ ਆਕਾਸ਼ ਭੀ ਬੇਅਵਾਜ਼


www.AKJ.Org

(ਸ਼ਾਂਤ ਹੁੰਦਾ ਹੈ । ਇਸ ਲਈ ਇਸ ਸੁਹਾਵਣੇ ਵੇਲੇ ਨੂੰ ਪ੍ਰਭੂ ਮਿਲਾਪ ਦਾ ਵੇਲਾ ਮੰਨਿਆ ਗਿਆ ਹੈ ਅਤੇ ਇਸ ਵੇਲੇ ਨੂੰ ਅੰਮ੍ਰਿਤ ਸਮਾਨ "ਅੰਮ੍ਰਿਤ ਵੇਲਾ" ਮੰਨਿਆ ਗਿਆ ਹੈ ।

**"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ'।।"**

(ਪੰਨਾ-੨)

ਉੱਝ ਸੁਰਤਿ ਨੂੰ ਗੁਰ-ਸ਼ਬਦ ਨਾਲ ਜੋੜਨ ਲਈ ਕੋਈ ਖਾਸ ਵੇਲਾ ਮਿਥਣਾ ਜ਼ਰੂਰੀ ਨਹੀਂ । ਖਾਲਸੇ ਵਾਸਤੇ ਹਰ ਸਮਾਂ ਅੰਮ੍ਰਿਤ ਵੇਲਾ ਹੈ ਜਦੋਂ ਕਿ ਉਹ ਆਪਣੀ ਗੁਰਮਤਿ ਮਤਿ (ਉੱਚੀ ਮਤਿ) ਦੁਆਰਾ ਸੁਰਤਿ ਨਾਲ ਖਾਲਿਕ ਦੀ ਖਲਕਤਿ ਦੀ ਸੇਵਾ ਵਿੱਚ ਜੁਟਿਆ ਨਾਮ ਵਿੱਚ ਮਸਤ ਰਹਿੰਦਾ ਹੈ । ਗੁਰੂ ਹੁਕਮ ਭੀ ਹੈ :-

**"ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ।।**
**ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ ।।"**

(ਪਉੜੀ ੧੦, ਗੂਜਰੀ ਕੀ ਵਾਰ ਮ: ੫, ਪੰਨਾ-੫੨੦)

ਅਤੇ

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ।।**
**ਸਾ ਵੇਲਾ ਸੋ ਮੂਰਤੁ ਸਾ ਘੜੀ ਸੋ ਮੁਹਤੁ ਸਫਲੁ ਹੈ**
**ਮੇਰੀ ਜਿੰਦੁੜੀਏ, ਜਿਤੁ ਹਰਿ ਮੇਰਾ ਚਿਤਿ ਆਵੈ ਰਾਮ।।**

(ਬਿਹਾਗੜਾ ਛੰਤ ਮ:੪, ਪੰਨਾ-੫੪੦)

ਪ੍ਰੰਤੂ ਸਤਿਗੁਰੂ ਜੀ ਨੇ ਪਹਿਰ ਰਾਤ ਰਹਿੰਦੀ ਦੇ ਅੰਮ੍ਰਿਤ ਵੇਲੇ ਨੂੰ ਅਕਾਲ ਪੁਰਖ ਦੇ ਨਾਉਂ ਜਪਣ ਨੂੰ ਤਰਜੀਹ ਦਿੱਤੀ ਹੈ ਕਿਉਂਕਿ ਇਹ ਸਮਾਂ ਵੱਡਾ ਸੁਹਾਵਣਾ, ਮਨ ਭਾਵਨਾ, ਆਧਿ ਬਿਆਧਿ ਉਪਾਧਿ ਰਹਿਤ, ਨਿਰਮਲ ਹੁੰਦਾ ਹੈ ਅਤੇ

**"ਖੰਡਿਤ ਨਿੰਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ।।੮।।** (ਪੰਨਾ-੯੩੯) ਦੀ ਗੁਰਮਤਿ ਦੇ ਧਾਰਨੀ ਖਾਲਸੇ ਦਾ ਮਨ ਉਸ ਸਮੇਂ ਨਿਰਛੱਲ ਹੁੰਦਾ ਹੈ ਅਤੇ ਉਸ ਦੀ ਅੱਖ ਐਨ ਅੰਮ੍ਰਿਤ ਵੇਲੇ ਆਪਣੇ ਆਪ ਖੁੱਲ੍ਹ ਜਾਂਦੀ ਹੈ । ਉਹ ਆਪਣੀ ਸਰੀਰਕ ਕਿਰਿਆ ਸਾਧ ਕੇ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜ, ਆਪਣੇ ਦਸਮ-ਦੁਆਰ ਦੇ ਸੱਚ ਖੰਡ ਕੇਂਦਰ ਵਿਖੇ ਵਾਹਿਗੁਰੂ ਨਾਲ ਅਭੇਦ ਹੋ ਜਾਂਦਾ ਹੈ ਤਾਂ ਹੀ ਸਤਿਗੁਰੂ ਜੀ ਦਾ ਫੁਰਮਾਨ ਹੈ ਕਿ :-

**"ਝਾਲਾਘੇ ਉਠਿ ਨਾਮੁ ਜਪਿ, ਨਿਸਿ ਬਾਸੁਰ ਆਰਾਧਿ ।।**
**ਕਾਰ੍ਹਾ ਤੁਝੈ ਨ ਬਿਆਪਈ, ਨਾਨਕ ਮਿਟੈ ਉਪਾਧਿ ।।"**

(ਬਾਵਨ ਅਖਰੀ, ਪੰਨਾ-੨੫੫)

ਅੰਮ੍ਰਿਤ ਵੇਲੇ ਨੂੰ ਇਸ ਤੁਕ ਅੰਦਰ ਝਾਲਾ (ਝਾਲਾ+ਆਗੇ) ਝਾਲਾ ਪ੍ਰਕਾਸ਼ ਹੋਣ ਤੋਂ ਪਹਿਲਾ ਸਮਾਂ ਆਖਿਆ ਜਾਂਦਾ ਹੈ । ਮਾਰੂ ਵਿੱਚ ਭੀ ਝਾਲੂ ਸੂਰਜ ਦੇ ਪ੍ਰਕਾਸ਼ ਹੋਣ ਤੋਂ ਪਹਿਲੇ ਸਮੇਂ ਪ੍ਰਥਾਇ ਆਇਆਂ ਹੈ :-

**ਉਠੀ ਝਾਲੂ ਕੰਤੜੇ ਹਉਪਸੀ ਤਉ ਦੀਦਾਰ ।**
**ਕਾਜਲੁ ਹਾਰੁ ਤਮੋਲ ਰਸ ਬਿਨ ਪਸੇ ਹਭਿ ਰਸ ਛਾਰੁ।।**

(ਪੰਨਾ-੧੦੯੪)

ਪ੍ਰਭਾਤ, ਭੋਰ, ਪ੍ਰਾਤਹ-ਕਾਲ, ਸਵੇਰਾ, ਸੁਬਾਹ ਆਦਿ ਸ਼ਬਦ ਭੀ ਗੁਰਬਾਣੀ ਅੰਦਰ ਅੰਮ੍ਰਿਤ ਵੇਲੇ ਦੇ ਜੁਮਰੇ ਵਿੱਚ ਹੀ ਆਏ ਹਨ, ਕਿਉਂਕਿ ਇਹ ਸ਼ਬਦ ਸਮਾਨਾਰਥੀ ਹਨ ਜਿਵੇਂ "ਜਨਮ ਕ੍ਰਿਤਾਰਥ ਸਫਲ ਸੇਵਾ"

**ਪਰਭਾਤੇ ਪ੍ਰਭ ਨਾਮੁ ਜਪਿ, ਗੁਰ ਕੇ ਚਰਣ ਧਿਆਇ ।।**
**ਜਨਮ ਮਰਣ ਮਲੁ ਉਤਰੈ, ਸਚੇ ਕੇ ਗੁਣ ਗਾਇ ।।**

(ਡਖਣੇ ਮ: ੫ ਪੰਨਾ-੧੦੯੯)

**ਭੋਰੁ ਭਇਆ ਮੈ ਪ੍ਰਿਅ ਮੁਖ**
**ਪੇਖੈ, ਗ੍ਰਿਹ ਮੰਗਲ ਸੁਹਲਾਵੀ ।।੧।। ਰਹਾਉ।।**

(ਮਲਾਰ ਮ: ੫ ਪੰਨਾ-੧੨੬੬)

**ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ।।**
**ਈਤ ਊਤ ਕੀ ਓਟ ਸਵਾਰੀ ।।੧।।**

(ਸੂਹੀ ਮ: ੫ ਪੰਨਾ ੭੪੩)

**ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ।**

(ਸਲੋਕ ਮ: ੨, ਪੰਨਾ-੧੪੬)

ਕੁਦਰਤ ਇਸ ਅੰਮ੍ਰਿਤ ਵੇਲੇ ਨੂੰ ਹੋਰ ਭੀ ਸੁਹਾਵਣਾ, ਮਨ ਭਾਉਂਦਾ ਬਨਾਉਣ ਖਾਤਿਰ ਆਕਾਸ਼ ਵਿੱਚ ਲੁਵਕਦੇ ਪਾਣੀ ਦੇ ਅਦ੍ਰਿਸ਼ ਅਣੂਆ ਨੂੰ ਠੰਡਕ ਪੁਚਾ ਕੇ, ਪਾਣੀ ਦੀਆਂ ਬੂੰਦਾਂ ਵਿੱਚ ਪ੍ਰਣੀਤ ਕਰਕੇ, ਦਰਖਤਾਂ ਬੂਟਿਆਂ, ਘਾਸ ਫੂਸ ਉੱਪਰ ਗਿਰਾ ਦਿੰਦੀ ਹੈ ਜਿਸ ਕਾਰਨ ਧਰਤੀ ਇਨ੍ਹਾਂ ਜਲ ਬੂੰਦਾ (ਓਸ, ਸ਼ਬਨਮ) ਨਾਲ ਹੋਰ ਭੀ ਤਰ ਹੋ ਜਾਂਦੀ ਹੈ ਅਤੇ ਭਿੰਨੀ ਭਿੰਨੀ ਖੁਸ਼ਬੂ (ਸੁਗੰਧੀ) ਨਾਲ ਹਵਾ ਮੁਅੱਤਰ ਹੋ ਜਾਂਦੀ ਹੈ । ਇਹ ਸਮਾਂ ਬੜਾ ਸੁੰਦਰਮਈ ਤੇ ਦਿਲਕਸ਼ ਹੋ ਜਾਂਦਾ ਹੈ । ਇਸ ਲਈ ਖਾਲਸਾ ਜੀ ਨੂੰ ਆਲਸ ਛੱਡ ਕੇ ਇਸ ਅਨੂਪਮ ਸਮੇਂ ਨੂੰ ਵਾਹਿਗੁਰੂ ਸਿਮਰਨ ਵਿਚ ਹੀ ਬਿਤਾਣਾ ਚਾਹੀਦਾ ਹੈ ਤਾ ਹੀ ਸਤਿਗੁਰੂ ਜੀ ਫੁਰਮਾਉਂਦੇ ਹਨ :-



www.AKJ.Org

ਸਤਿਗੁਰੁ ਦਾਤਾ ਜੀਅ ਜੀਅਨ ਕੋ
ਭਾਗਹੀਨ ਨਹੀਂ ਭਾਵੈਗੋ ॥
ਫਿਰਿ ਏਹ ਵੇਲਾ ਹਾਥਿ ਨ ਆਵੈ
ਪਰਤਾਪੈ ਪਛੁਤਾਵੈਗੋ ॥੭॥
(ਕਾਨੜਾ ਮ: ੪, ਪੰਨਾ-੧੩੧੦)

ਮਨੁੱਖਾ ਜਨਮ ਨੂੰ ਭੀ ਅੰਮ੍ਰਿਤ ਵੇਲਾ (ਵਾਹਿਗੁਰੂ ਨਾਲ ਮਿਲਾਪ, ਅਭੇਦ ਹੋਣ ਦਾ ਸ਼ੁਭ ਅਵਸਰ) ਮੰਨਿਆ ਗਿਆ ਹੈ ਕਿਉਂਕਿ ਅਕਾਲ ਪੁਰਖ ਦੀਆਂ ਰਚੀਆਂ ਬੇਅੰਤ ਜੂਨਾਂ ਵਿਚੋਂ ਮਨੁੱਖ ਨੂੰ ਹੀ ਸੂਝ ਬੂਝ (ਸੋਚ ਵਿਚਾਰ) ਦੀ ਸ਼ਕਤੀ ਦਿੱਤੀ ਹੈ, ਜਿਸ ਨਾਲ ਇਹ ਆਪਣੇ ਕਾਰਜ ਵੱਡੇ ਸੁੱਚੱਜੇ ਢੰਗ ਨਾਲ ਸਿਰੇ ਚਾੜ੍ਹ ਸਕਦਾ ਹੈ । ਉਂਞ ਕਈ ਪਸ਼ੂ ਪੰਖੀਆਂ ਵਿੱਚ ਕੁਝ ਕੁ ਸੂਝ ਬੂਝ ਦਾ ਮਾਦਾ ਹੈ ਪਰ ਉਹ ਇਸ ਨੂੰ ਵਰਤਣੋਂ ਅਸਮਰਥ ਹਨ । ਇਸ ਲਈ ਗੁਰਸਿੱਖ ਨੂੰ ਆਪਣਾ ਮਾਨਵੀ ਜਨਮ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ । ਸਤਿਗੁਰੂ ਜੀ ਇਸੇ ਵਾਸਤੇ ਗੁਰਸਿੱਖਾਂ ਨੂੰ ਵਾਰ ਵਾਰ ਤਾੜਨਾ ਕਰਦੇ ਹਨ :-

ਇਹ ਵੇਲਾ ਫਿਰਿ ਹਥਿ ਨ ਆਵੈ,
ਅਨ ਦਿਨੁ ਸਦਾ ਪਛੁਤਾਏ ॥
ਮਰਿ ਮਰਿ ਜਨਮੈ ਕਦੇ ਨ ਬੂਝੈ,
ਵਿਸਟਾ ਮਾਹਿ ਸਮਾਏ ॥੨॥੫॥
(ਮਲਾਰ ਮ: ੩, ਪੰਨਾ-੧੨੫੯)

ਏਹ ਵੇਲਾ ਫਿਰਿ ਹਾਥਿ ਨ ਆਵੈ,
ਪਗਿ ਖਿਸਿਐ ਪਛੁਤਾਇਦਾ ॥੬॥
(ਮਾਰੂ ਸੋਹਲੇ ਮ: ੩, ਪੰਨਾ-੧੦੬੫)

ਫਿਰਤ ਫਿਰਤ ਮਾਨੁਖੁ ਭਇਆ,
ਖਿਨ ਭੰਗਨ ਦੇਹਾਇ ॥
ਇਹ ਅਉਸਰ ਤੇ ਚੂਕਿਆਂ,
ਬਹੁ ਜੋਨਿ ਭ੍ਰਮਾਇ ॥੩॥
(ਬਿਲਾਵਲ ਮ: ੫, ਪੰਨਾ-੮੧੦)

ਏਹ ਵੇਲਾ ਨ ਲਹਸਹਿ ਮੂੜੇ
ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥
(ਰਾਗ ਆਸਾ ਮ: ੩, ਪੰਨਾ-੪੩੫)

ਸੋ ਐ ਗੁਰ ਸਿੱਖ ! ਇਹ ਅੰਮ੍ਰਿਤ ਵੇਲਾ (ਇਹ ਮਨੁੱਖਾ ਜਨਮੁ) ਬਹੁਤ ਹੀ ਦੁਰਲੱਭ ਹੈ । ਇਸ ਸੁਹਾਵਣੇ ਵੇਲੇ (ਜਨਮ) ਨੂੰ ਵਾਹਿਗੁਰੂ ਨਾਮ ਸਿਮਰਨ ਵਿੱਚ ਬਤੀਤ ਕਰ ।

"ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ।
ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥
ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ।
ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥
ਰਹਾਉ ॥ (ਸੂਹੀ ਮ: ੧, ਪੰਨਾ-੭੫੧)

ਅਤੇ

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥
ਪੂਰੈ ਭਾਗਿ ਸਤਿਗੁਰੁ ਮਿਲੈ ਹਰਿਨਾਮੁ
ਧਿਆਇ ॥੬॥
(ਵਡਹੰਸੁ ਮ: ੩, ਪੰਨਾ-੫੯੫)

ਐ ਗੁਰਸਿੱਖ ! ਐਸਾ ਨ ਹੋਵੇ ਕਿ ਬੁਰਿਆਈਆਂ ਵਲ ਤਾਂ ਤੂੰ ਨੱਠਿਆਂ ਫਿਰੇਂ ਅਤੇ ਨਾਮ ਸਿਮਰਨ ਦਾ ਇਹ ਵੇਲਾ (ਜਨਮ) ਸੁੱਤੇ ਪਏ ਹੀ ਗੁਜ਼ਾਰ ਦੇਵੇਂ ।

"ਬੁਰੇ ਕਾਮ ਕਉ ਊਠਿ ਖਲੋਇਆ ।
ਨਾਮ ਕੀ ਬੇਲਾ ਪੈ ਪੈ ਸੋਇਆ ॥੧॥
ਅਉਸਰੁ ਅਪੁਨਾ ਬੂਝੈ ਨ ਇਆਨਾ ॥
ਮਾਇਆ ਮੋਹ ਰੰਗਿ ਲਪਟਾਨਾ ॥੧॥ ਰਹਾਉ ॥
(ਸੂਹੀ ਮ: ੫, ਪੰਨਾ-੭੩੮)

ਇਸ ਲਈ ਗੁਰਮੁਖ ਸਿੱਖ ਉਹ ਹੀ ਹੈ ਜੋ ਵਖਤ (ਮਨੁੱਖ ਜਨਮ) ਨੂੰ ਵਿਚਾਰ ਕੇ ਸਮੇਂ ਨੂੰ ਬਿਰਥਾ ਨਾ ਗਵਾਵੇ ।

"ਵਖਤੁ ਵੀਚਾਰੇ ਸੁ ਬੰਦਾ ਹੋਇ ॥" (ਪੰਨਾ-੮੪)

ਸਤਿਗੁਰੂ ਤੇਗ ਬਹਾਦਰ ਜੀ ਭੀ ਫਰਮਾਉਂਦੇ ਹਨ :-

"ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥
ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨਿ ਲੈ
ਮੇਰੋ ॥੧॥ ਰਹਾਉ ॥ (ਪੰਨਾ-੭੨੭)

ਗੁਰਸਿੱਖਾਂ ਲਈ ਇਸ ਸੁਹਾਵਣੇ ਅੰਮ੍ਰਿਤ ਵੇਲੇ (ਸਰਬ ਸ੍ਰੇਸ਼ਟ ਮਾਨਵ ਜੂਨ ਅੰਦਰ) ਨਿਰੰਤਰ ਨਾਮ ਸਿਮਰਨ ਅੰਮ੍ਰਿਤ ਜਲ ਪੀਵਨਾ ਹੀ ਗੁਰਮਤਿ ਆਦੇਸ਼ ਹੈ :-

ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥
ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥
ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ ॥


www.AKJ.Org

ਨਾਮ ਤੇਰੇ ਜੋਇ ਰਾਤੇ ਨਿਤ ਚੜਹਿ ਸਵਾਇਆ ।।
ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ।।
ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ।।੩।। (ਵਡਹੰਸ ਮ: ੧, ਪੰਨਾ-੫੬੬)

ਖਾਲਸਾ ਸਜਣ ਵੇਲੇ, ਅੰਮ੍ਰਿਤ ਪਾਨ ਕਰਨ ਦੇ ਸਮੇਂ ਨੂੰ ਭੀ ਅੰਮ੍ਰਿਤ ਵੇਲਾ ਹੀ ਮੰਨਿਆ ਗਿਆ ਹੈ ਕਿਉਂਕਿ ਗੁਰਮਤਿ ਅੰਦਰ ਆਇਆ ਹੈ —

"ਸਾਧ ਜਨਾ ਕੈ ਸੰਗਿ ਬਸਤ ਸੁਖ ਸਹਜ ਬਿਸ੍ਰਾਮ ।
ਸਾਈ ਘੜੀ ਸੁਲਖਣੀ ਸਿਮਰਤ ਹਰਿਨਾਮ ।। ਰਹਾਉ ।। (ਪੰਨਾ-੮੧੯)

ਇਸ ਲਈ —

ਅੰਮ੍ਰਿਤੁ ਪੀਵਹੁ ਸਾਧ ਪਿਆਰੇ ।
ਮੁਖ ਊਜਲ ਸਾਚੈ ਦਰਬਾਰੇ ।
ਅਨਦ ਕਰਹੁ ਤਜਿਸਗਲ ਬਿਕਾਰ ।
ਨਾਨਕ ਹਰਿ ਜਪਿ ਉਤਰਹੁ ਪਾਰਿ ।।
(ਰਾਮਕਲੀ ਮ: ੫, ਪੰਨਾ-੮੯੯)

ਜਿਵੇਂ ਕੁਦਰਤ ਨੇ ਅੰਮ੍ਰਿਤ ਵੇਲੇ ਨੂੰ ਵੱਡਾ ਸੁਹਾਵਣਾ ਬਣਾਇਆ ਹੈ, ਖਾਲਸਾ ਜੀ ਨੂੰ ਭੀ ਅੰਮ੍ਰਿਤ ਵੇਲਾ (ਮਾਨਵੀ ਜੀਵਨ) ਆਪਣੀ ਸੁਰਤਿ ਨੂੰ ਗੁਰ ਸ਼ਬਦਿ ਨਾਲ ਜੋੜ ਕੇ ਵ ੱਡੇ ਪ੍ਰੇਮ ਨਾਲ ਨਾਮ ਅਭਿਆਸ ਵਿੱਚ ਮਗਨ ਹੋ ਕੇ ਬਹੁਤ ਹੀ ਰਸ ਭਿੰਨਾ ਬਨਾਉਣਾ ਚਾਹੀਦਾ ਹੈ ।

"ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ।
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ।।
(ਸਲੋਕ ਮ: ੫, ਪੰਨਾ-੩੧੯)

---

ਪੰਨਾ-੨੫ ਦਾ ਬਾਕੀ

ਹ੍ਰਿਦੈ ਕਪਟੁ ਮੁਖ ਗਿਆਨੀ ।।
ਝੂਠੇ ਕਹਾ ਬਿਲੋਵਸਿ ਪਾਨੀ ।।੧।।
ਕਾਂਇਆ ਮਾਂਜਸਿ ਕਉਨ ਗੁਨਾਂ ।। ਜਉ ਘਟ ਭੀਤਰਿ ਹੈ ਮਲਨਾਂ ।।੧।। ਰਹਾਉ ।। (੬੫੬)

ਜੇ ਅੰਦਰਲੇ ਨੂੰ ਮਲ ਕੇ ਨਿਰਮਲ ਨਾ ਕੀਤਾ, ਅੰਦਰੋਂ ਕੂੜ ਕਪਟ ਨਾ ਤਿਆਗੇ ਤਾਂ ਬਾਹਰੋਂ ਉਦਾਸੀ ਜਾਂ ਸਨਿਆਸੀ ਕਿਵੇਂ ਬਣਿਆ ਜਾ ਸਕੀਦਾ ਹੈ - -

ਅੰਤਰੁ ਮਲਿ ਨਿਰਮਲੁ ਨਹੀ ਕੀਨਾ
ਬਾਹਰਿ ਭੇਖ ਉਦਾਸੀ ।।
ਹਿਰਦੈ ਕਮਲੁ, ਘਟਿ ਬ੍ਰਹਮੁ ਨ ਚੀਨਾ ਕਾਹੇ ਭਇਆ ਸੰਨਿਆਸੀ ।।੧।।੨।। (੫੨੫)

ਇਹ ਸਰੀਰ ਰੂਪ ਭਾਂਡਾ ਅਤਿ ਮਲੀਨ ਹੈ, ਬਾਹਰੋਂ ਧੋ ਧੋ ਸੰਵਾਰਨ ਨਾਲ ਇਸ ਨੇ ਉੱਜਲ ਨਹੀਂ ਹੋਣਾ, ਸਗੋਂ ਸਤਿਗੁਰੂ ਦੇ ਦਰ ਤੇ ਪਇਆਂ ਅਤੇ ਉਪਦੇਸ਼ ਲਇਆਂ ਹੀ ਇਸ ਨੇ ਨਿਰਮਲ ਹੋਣਾ ਹੈ । ਗੁਰਵਾਕ ਹੈ - -

ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ।।
ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ।।
ਗੁਰੂਦੁਆਰੈ ਹੋਇ ਸੋਝੀ ਪਾਇਸੀ ।। ਏਤੁ ਦੁਆਰੈ ਧੋਇ ਹਛਾ ਹੋਇਸੀ ।।੧।। (ਪੰਨਾ-੭੨੯-੩੦)

ਅਤੇ

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ।।
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ।।੨।। ੧੭ ।।(੪੭੨)

ਕੇਵਲ ਸਤਿਗੁਰ ਦੇ ਬਖਸ਼ੇ ਨਾਮ-ਗੁਰ-ਮੰਤਰ ਨੂੰ ਜਪ ਜਪ ਕੇ ਜਿਥੇ ਮਨ ਤਨ ਨਿਰਮਲ ਹੋ ਜਾਂਦੇ ਹਨ ਉਥੇ ਜੀਭ ਵੀ ਸੁੱਚੀ ਭਾਵ ਪਵਿਤਰ- ਪਾਵਨ ਹੋ ਜਾਂਦੀ ਹੈ । ਗੁਰਵਾਕ ਹੈ —

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ।।
ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ।। ੧।। ਰਹਾਉ ।। ੪੩।। (ਪੰਨਾ-੮੧੧)

ਸੋ ਇਹ ਗੱਲ ਨਿਰਣੇ-ਜਨਕ ਹੈ ਕਿ ਸਤਿਗੁਰੂ ਤੋਂ ਉਪਦੇਸ਼ ਲੈ ਕੇ ਨਿਰਮਲ ਕਰ ਦੇਣ ਵਾਲੇ ਨਾਮ ਦੀ ਕਮਾਈ ਕਰਕੇ ਹੀ ਤਨ ਤੇ ਮਨ ਨੇ ਨਿਰਮਲ ਹੋਣਾ ਹੈ - -

ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ।।
ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ।।
ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮਤੀਰੁ ।।੧।।
ਭਾਈ ਰੇ ਮੈਲੁ ਨਾਹੀ ਨਿਰਮਲ ਜਲੁ ਨਾਇ ।।
ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ।।੧।।ਰਹਾਉ ।।੮।।੭ ।। (ਪੰਨਾ-੫੭)

---

**ਪਾਠਕ ਜੀ ! ਸੂਰਾ ਦੇ ਘੱਟੋ ਘੱਟ ਦੋ ਦੋ ਹੋਰ ਮੈਂਬਰ ਬਣਾ ਕੇ ਗੁਰਮਤਿ ਪ੍ਰਚਾਰ ਵਿੱਚ ਆਪਣਾ ਹਿੱਸਾ ਪਾਓ ਜੀ ।**


www.AKJ.Org

# ਦਰਸ਼ਨਾਂ ਦੀ ਦਾਤ

ਜਿਵੇਂ ਬਾਪ ਆਪਣੇ ਬਚੇ ਦੇ ਸੁਖ ਤੇ ਅਰਾਮ ਦਾ ਖਿਆਲ ਰੱਖਦਾ ਹੈ, ਲਾਡ ਲਡਾਉਂਦਾ ਹੈ ਅਤੇ ਤਰ੍ਹਾਂ ਤਰ੍ਹਾਂ ਤੇ ਤੋਹਫੇ ਦੇ ਕੇ ਬਚੇ ਦਾ ਮਨ ਬਹਿਲਾਉਂਦਾ ਹੈ, ਇਸੇ ਹੀ ਤਰ੍ਹਾਂ ਦੁਨੀਆਂ ਦਾ ਕਰਤਾ ਧਰਤਾ ਵੀ ਆਪਣੇ ਪਿਆਰਿਆਂ ਨੂੰ ਪ੍ਰੇਮ ਪੀਘਾਂ ਝੂਟਾ ਕੇ ਅਜੀਬ ਨਜ਼ਾਰੇ ਦਿਖਾਉਂਦਾ ਹੈ, ਅਣਡਿੱਠੀ ਦੁਨੀਆਂ ਵਿੱਚ ਵਿਚਰਨ ਦੀ ਜਾਚ ਸਿਖਾਉਂਦਾ ਹੈ, ਭਗਤੀ ਰਸ ਦੇ ਭੰਡਾਰਾਂ ਨਾਲ ਮਾਲੋ ਮਾਲ ਕਰਕੇ ਉਹ ਆਪਣੇ ਭਗਤਾਂ ਨੂੰ ਦਰਸ਼ਨਾਂ ਦੀ ਦਾਤ ਬਖਸ਼ ਕੇ ਨਿਹਾਲ ਕਰਦਾ ਹੈ । ਕਈਆਂ ਨੂੰ ਸੁਪਨੇ ਵਿੱਚ ਦਰਸ ਦਿਖਾ ਕੇ ਵਰਾ ਲੈਂਦਾ ਹੈ, ਕਈਆਂ ਨੂੰ ਸੁੰਨ-ਸਮਾਧ ਦੀਆਂ ਉਡਾਨਾਂ ਵਿੱਚ ਲਿਜਾ ਕੇ ਆਪਣੀ ਪਛਾਣ ਕਰਵਾਉਂਦਾ ਹੈ, ਕਈ ਕੁਦਰਤ ਦੇ ਰਸੀਆਂ ਨੂੰ ਸੋਹਣੀ ਕੁਦਰਤ ਦੇ ਜਲਵਿਆਂ ਵਿਚੋਂ ਆਪਣੀਆਂ ਝਲਕਾਂ ਦਿਖਾ ਦਿੰਦਾ ਹੈ , ਕਈਆਂ ਦੇ ਦਿਲਾਂ ਦੀਆਂ ਤਾਰਾਂ ਉੱਤੇ ਅਨਹਦ ਸੰਗੀਤ ਦੀਆਂ ਝੁਣਕਾਰਾਂ ਛੇੜ ਕੇ ਆਪਣੇ ਨਾਲ ਜੋੜ ਇੱਕ ਮਿੱਕ ਕਰ ਲੈਂਦਾ ਹੈ, **ਪਰ ਜਿਨ੍ਹਾਂ ਦੀ ਕੂਕ-ਪੁਕਾਰ ਜ਼ਿਆਦਾ ਤਿੱਖੀ ਹੁੰਦੀ ਹੈ ਉਨ੍ਹਾਂ ਕਰਮਾਂ ਵਾਲਿਆਂ ਦੇ ਨੈਣੀ ਠੰਡ ਪਾਉਣ ਲਈ ਉਹ ਪ੍ਰਗਟ ਰੂਪ ਵਿੱਚ ਦਰਸ ਦਿਖਾਉਂਦਾ ਹੈ, ਦਰਸ਼ਨ ਪਿਆਸੀਆਂ ਰੂਹਾਂ ਦੀ ਪਿਆਸ ਬੁਝਾਉਣ ਲਈ ਉਹ ਅੰਤਰਯਾਮੀ ਪਾਤਿਸ਼ਾਹ ਤਾਂਘਦੇ ਨੈਣਾਂ ਦੇ ਸਾਹਵੇਂ ਆ ਖੜ੍ਹਦਾ ਹੈ ।**

("ਅਲੌਕਿਕ ਝਲਕਾ" ਵਿਚੋਂ)

# ਭਾਈ ਜੀਵਨ ਸਿੰਘ ਜੀ

## ਸਤਿਨਾਮ ਟਰਸਟ, 1030, ਹੈਮਿਲਟਨ ਸਟਰੀਟ, ਵੈਨਕੂਵਰ B.C. ਕਨੈਡਾ (V6B2R9)

ਗੁਰਮੁਖ ਬੱਚਿਆਂ ਦੀ ਧਾਰਮਿਕ ਸੰਭਾਲ (ਚਰਿਤ੍ਰ ਨਿਰਮਾਣ) ਲਈ ਉਪਰੋਕਤ ਟਰਸਟ ਵਲੋਂ ਸਿੱਖ ਵਿਦਿਅਕ ਸੰਸਥਾਵਾਂ ਵਲੋਂ ਚਲਾਏ ਜਾ ਰਹੇ ਪੰਜਾਬ, ਚੰਡੀਗੜ੍ਹ, ਹਰਿਆਣਾ ਹਿਮਾਚਲ ਅਤੇ ਦਿੱਲੀ ਦੇ ਸਕੂਲਾਂ ਵਿੱਚ ਧਾਰਮਿਕ ਵਿਦਿਆ ਲਈ ਧਾਰਮਿਕ ਅਧਿਆਪਕ, ਕਿਤਾਬਾਂ ਅਤੇ ਕੀਰਤਨ ਲਈ ਸਾਜ਼ ਆਦਿ ਮੁਹੱਈਆ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਹੈ । ਇਸ ਪ੍ਰੋਗਰਾਮ ਹੇਠ ਪਹਿਲੀ ਕਲਾਸ ਤੋਂ ਦਸਵੀਂ ਕਲਾਸ ਤੱਕ ਧਾਰਮਿਕ ਵਿਦਿਆ ਦਿੱਤੀ ਜਾਵੇਗੀ ਅਤੇ ਅਧਿਆਪਕ ਸੱਜਣ ਪੱਕੇ ਤੌਰ ਤੇ ਰਖੇ ਜਾਣਗੇ ਜਿਨ੍ਹਾਂ ਦੀ ਤਨਖਾਹ ਸਿੱਧੇ ਤੌਰ ਤੇ ਟਰਸਟ ਵਲੋਂ ਹੀ ਦਿੱਤੀ ਜਾਇਆ ਕਰੇ ਗੀ ।

ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਹਿਤ ਸਕੂਲਾਂ ਦੇ ਪ੍ਰਬੰਧਕਾਂ/ਹੈਡਮਾਸਟਰਾਂ ਨੂੰ ਉਪਰੋਕਤ ਟਰਸਟ ਨਾਲ ਸੰਪਰਕ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ।

ਸਥਾਨਕ ਪਤਾ
**ਭਾਈ ਬਲਵੰਤ ਸਿੰਘ ਜੀ**
ਜਲਵਾਣਾ ਡਾਕਖਾਨਾ ਲੋਹਟਬਦੀ, ਜ਼ਿਲਾ ਲੁਧਿਆਣਾ

# ਧਾਰਮਿਕ ਅਧਿਆਪਕਾਂ ਦੀ ਲੋੜ

ਪਹਿਲੀ ਕਲਾਸ ਤੋਂ ਦਸਵੀਂ ਕਲਾਸ ਤੱਕ ਦੇ ਸਕੂਲੀ ਬੱਚਿਆਂ ਨੂੰ ਧਾਰਮਿਕ ਵਿਦਿਆ ਦੇਣ ਅਤੇ ਕੀਰਤਨ ਲਈ ਯੋਗ ਗੁਰਮੁਖ ਅਧਿਆਪਕਾਂ ਦੀ ਪੱਕੇ ਤੌਰ ਤੇ ਲੋੜ ਹੈ । ਤਨਖਾਹ ਯੋਗਤਾ ਅਨੁਸਾਰ ਦਿੱਤੀ ਜਾਵੇਗੀ । ਵੇਰਵੇ ਸਹਿਤ ਸੰਪਰਕ ਕਰਨ ਲਈ :

**ਭਾਈ ਬਲਵੰਤ ਸਿੰਘ ਜੀ**
ਪਿੰਡ ਜਲਵਾਣਾ, ਡਾਕਖਾਨਾ ਲੋਹਟਬਦੀ, ਜ਼ਿਲਾ ਲੁਧਿਆਣਾ
ਫੋਨ : 0161-451493, 455539, 458006

## ਆਪ ਜੀ ਦਾ ਚੰਦਾ ਖਤਮ ਹੈ ਜੀ !

ਜਿਸ ਮਹੀਨੇ ਆਪ ਜੀ ਦਾ ਚੰਦਾ ਖਤਮ ਹੋਵੇ ਉਸ ਮਹੀਨੇ ਦੇ ਪਰਚੇ ਉਪਰ ਅਸੀਂ ਚੰਦਾ ਖਤਮ ਹੋਣ ਦੀ ਮੋਹਰ ਲਗਾ ਦਿੰਦੇ ਹਾਂ । ਜਿਨ੍ਹਾਂ ਪਾਠਕਾਂ ਦੇ ਪਰਚੇ ਉਪਰ ਇਸ ਤਰਾਂ ਦੀ ਮੋਹਰ ਲੱਗੀ ਹੋਵੇ ਉਹ ਜਲਦੀ ਆਪਣਾ ਚੰਦਾ ਜਮਾ ਕਰਵਾ ਦੇਣ ਤਾਂ ਕਿ ਪਰਚਾ ਜਾਰੀ ਰਹਿ ਸਕੇ ।


www.AKJ.Org

# ਸਿਖ ਧਰਮ ਤੇ ਨਿਗੁਰੇ

ਸਿੱਖ ਧਰਮ ਇੱਕ ਵਿਲੱਖਣ ਧਰਮ ਹੈ, ਇਸ ਦਾ ਉਪਦੇਸ਼ ਚਾਰੇ ਵਰਣਾਂ(ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ) ਵਾਸਤੇ ਸਾਂਝਾ ਹੈ। ਇਸ ਵਿੱਚ ਉਚ ਨੀਚ, ਛੂਤ ਛਾਤ ਦਾ ਕੋਈ ਵਿਤਕਰਾ ਨਹੀਂ। ਇਸ ਦੀਆਂ ਨਜ਼ਰਾਂ ਵਿੱਚ ਸਾਰੇ ਮਨੁੱਖ ਬਰਾਬਰ ਹਨ। ਇਸ ਧਰਮ ਦੇ ਗੁਰਦਵਾਰਿਆਂ ਦੇ ਬੂਹੇ ਸਾਰੇ ਮਨੁਖਾਂ ਵਾਸਤੇ ਖੁਲ੍ਹੇ ਹਨ ਚਾਹੇ ਉਹ ਪੂਰਬ ਵਿੱਚ ਰਹਿੰਦੇ ਹੋਣ ਜਾਂ ਪੱਛਮ ਵਿੱਚ, ਉੱਤਰ ਵਿੱਚ ਜਾਂ ਦੱਖਣ ਵਿੱਚ । ਹਰ ਕੋਈ ਗੁਰਦਵਾਰੇ ਦੀ ਸੰਗਤ ਵਿੱਚ ਬੈਠਕੇ ਕਥਾ, ਕੀਰਤਨ ਸੁਣ ਸਕਦਾ ਹੈ ਸਰੋਵਰ ਵਿੱਚ ਇਸ਼ਨਾਨ ਕਰ ਸਕਦਾ ਹੈ ਅਤੇ ਪੰਗਤ ਵਿੱਚ ਬੈਠ ਕੇ ਲੰਗਰ ਛਕ ਸਕਦਾ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ।

ਸਿੱਖ ਧਰਮ ਵਿੱਚ ਪ੍ਰਵੇਸ਼ ਕਰਨ ਲਈ ਇਸ ਦੇ ਮੋਢੀ, ਗੁਰੂ ਨਾਨਕ ਦੇਵ ਜੀ ਨੇ ਇਹ ਸ਼ਰਤ ਰੱਖੀ ਸੀ-

**ਜਉ ਤਉ ਪ੍ਰੇਮ ਖੇਲਣ ਕਾ ਚਾਉ ।।**
**ਸਿਰੁ ਧਰਿ ਤਲੀ ਗਲੀ ਮੇਰੀ ਆਉ ।।**
**ਇਤੁ ਮਾਰਗਿ ਪੈਰੁ ਧਰੀਜੈ ।।**
**ਸਿਰੁ ਦੀਜੈ ਕਾਣਿ ਨ ਕੀਜੈ ।। ੨੦ ।।** (ਪੰਨਾ-੧੪੧੨)

ਇਹੋ ਹੀ ਵੰਗਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ ੧੬੯੯ ਈਸਵੀ ਦੀ ਵੈਸਾਖੀ ਨੂੰ ਅਨੰਦਪੁਰ ਸਾਹਿਬ ਸੰਗਤਾਂ ਦੇ ਵੱਡੇ ਭਾਰੀ ਇੱਕਠ ਵਿੱਚ ਪਾਈ ਸੀ ਜਦੋਂ ਪੰਜ ਮਰਜੀਵੜਿਆਂ ਨੇ ਸਤਿਗੁਰੂ ਅੱਗੇ ਆਪਣੇ ਸੀਸ ਭੇਟ ਕੀਤੇ ਸਨ। ਦਸ਼ਮੇਸ਼ ਪਿਤਾ ਨੇ ਉਨ੍ਹਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ " ਖਾਲਸਾ " ਹੋਣ ਦਾ ਐਲਾਨ ਕੀਤਾ ਸੀ ਅਤੇ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ 'ਨਿਰਮਲ ਪੰਥ' ਦਾ ਨਾਂ 'ਖਾਲਸਾ ਪੰਥ' ਵਿੱਚ **ਬਦਲ ਦਿੱਤਾ ਸੀ।** ਜਿਨ੍ਹਾਂ ਵੀ ਸਿੱਖਾਂ ਨੇ ਅੰਮ੍ਰਿਤ ਛੱਕ ਲਿਆ ਉਹ ਖਾਲਸ ਖਾਲਸੇ ਹੋ ਕੇ " ਖਾਲਸਾ ਪੰਥ" ਦਾ ਅੰਗ ਬਣ ਗਏ। ਕਿਉਂਕਿ ਉਨ੍ਹਾਂ ਨੇ ਆਪਣਾ ਸੀਸ ਗੁਰੂ ਅੱਗੇ ਭੇਟ ਕਰ ਦਿੱਤਾ ਸੀ, ਸੋ ਉਹ ਗੁਰੂ ਦੇ ਬੈ-ਖ੍ਰੀਦ ਲਾਲੇ ਗੋਲੇ ਬਣ ਗਏ। ਉਨ੍ਹਾਂ ਦਾ ਤਨ ਵੀ ਗੁਰੂ ਦਾ ਤੇ ਮਨ ਵੀ ਗੁਰੂ ਦਾ, ਧਨ ਤਾਂ ਗੁਰੂ ਦਾ ਹੀ ਦਿੱਤਾ ਹੋਇਆ ਸੀ। ਉਹ ਗੁਰੂ ਦੇ ਅੱਧੇ ਬੋਲਾਂ ਤੇ ਆਪਣੀ ਜਾਨ ਵਾਰਨ ਨੂੰ ਤਿਆਰ ਹੋ ਜਾਂਦੇ ਸਨ, ਗੁਰੂ ਦੇ ਹੁਕਮਾਂ ਅੱਗੇ ਕਿੰਤੂ ਪ੍ਰਤੂ ਨਹੀਂ ਸਨ ਕਰਦੇ, ਆਪਣੀ ਨਿਗੁਣੀ ਮੱਤ ਨੂੰ ਛਿੱਕੇ ਟੰਗ ਕੇ ਗੁਰੂ ਦੇ ਹੁਕਮਾਂ ਦੀ ਤਾਮੀਲ ਕਰਨ ਨੂੰ ਆਪਣੇ ਧੰਨ ਭਾਗ ਸਮਝਦੇ ਸਨ।

ਸਿੱਖ ਧਰਮ" ਕਰਨੀ ਪ੍ਰਧਾਨ " ਧਰਮ ਹੈ। ਇਹ ਨਿਰਾ ਲੈਕਚਰਬਾਜੀ ਨਹੀਂ। ਗੁਰਸਿੱਖੀ, ਪਿੜ ਵਿੱਚ ਨਿੱਤਰ ਕੇ ਸਿਖੀ ਜਾਂਦੀ ਹੈ। ਨਿਰੀਆਂ ਪੁਰੀਆਂ ਗੱਲਾਂ ਨਾਲ ਗੱਲਾਂ ਨਹੀਂ ਬਣਦੀਆਂ। ਗੁਰੂ ਦਾ ਉਪਦੇਸ਼ ਕੀ ਹੈ ? ਬਾਣੀ ਪੜ੍ਹਨ ਸੁਣਨ ਅਤੇ ਕੀਰਤਨ ਦਾ ਕੀ ਅਨੰਦ ਹੈ ? ਅੰਮ੍ਰਿਤ ਕੀ ਹੈ ਤੇ ਨਾਮ ਜਪਣ ਦੇ ਕੀ ਲਾਭ ਹਨ ? ਸੰਗਤਾਂ ਦੇ ਜੋੜੇ ਝਾੜਨ, ਲੰਗਰ ਪਕਾਉਣ, ਵਰਤਾਉਣ, ਜਲ ਛਕਾਉਣ, ਜੂਠੇ ਭਾਂਡੇ ਮਾਜਣ, ਸੰਗਤਾਂ ਨੂੰ ਪੱਖਾ ਝੱਲਣ, ਉਨ੍ਹਾਂ ਦੇ ਜੋੜੇ ਤੇ ਘੋੜੇ (ਅੱਜ ਕਲ ਸਾਈਕਲ ਸਕੂਟਰ ਆਦਿ) ਸੰਭਾਲਣ, ਗੁਰਦੁਆਰੇ ਝਾੜੂ ਬੁਹਾਰੀ ਦੇਣ, ਸਫਾਈ ਕਰਨ ਵਿੱਚ ਗੁਰੂ ਦੀ ਕਿੰਨੀ ਕੁ ਖੁਸ਼ੀ ਮਿਲਦੀ ਹੈ, ਇਹ ਕਰਨ ਤੇ ਹੀ ਪਤਾ ਲੱਗਦਾ ਹੈ, **ਗੁਰਸਿਖੀ ਦਾ ਸਿਖਣਾ, ਗੁਰਮੁਖਿ ਸਾਧ ਸੰਗਤਿ ਦੀ ਸੇਵਾ।** (ਭਾਈ ਗੁਰਦਾਸ ਜੀ, ਵਾਰ ੨੮/ ੪) ਕੇਵਲ ਗੱਲਾਂ ਨਾਲ ਹੀ ਵੜੇ ਨਹੀਂ ਪੱਕਦੇ ।

ਸਿੱਖ ਧਰਮ ਦੀ ਫਿਲਾਸਫੀ ਅਤੇ ਗੁਰੂ ਦੇ ਉਪਦੇਸ਼ ਨੂੰ ਸਮਝਣ ਵਾਸਤੇ **" ਪਹਿਲਾਂ ਮਰਨ ਕਬੂਲ"** ਦੀ ਸ਼ਰਤ ਮੰਨਣੀ ਪੈਂਦੀ ਹੈ, ਆਪਣਾ ਸੀਸ ਭੇਟ ਕਰਨਾ ਪੈਂਦਾ ਹੈ, ਆਪਣੀ ਮੱਤ ਛੱਡਣੀ ਪੈਂਦੀ ਹੈ, ਗੁਰੂ ਦੀ ਮੱਤ ਗ੍ਰਹਿਣ ਕਰਨੀ ਪੈਂਦੀ ਹੈ, ਗੁਰੂ ਦੇ ਹੁਕਮੀ ਬੰਦੇ ਬਣ ਕੇ ਗੁਰ ਹੁਕਮਾਂ ਤੇ ਚੱਲਣਾ ਪੈਂਦਾ ਹੈ। ਜਿੰਨੀ ਦੇਰ ਤੱਕ ਮਨੁੱਖ ਆਪਣੇ ਮਨ ਦੀ ਘੁੱਤਰਬਾਜ਼ੀ (ਚਲਾਕੀ) ਨਹੀਂ ਛੱਡਦਾ, ਉਸ ਨੂੰ ਗੁਰੂ ਦੀ ਬਾਣੀ ਦੇ ਗੋਹਜ ਭਾਵ ਸਮਝ ਹੀ ਨਹੀਂ ਆ ਸਕਦੇ । ਚਿੱਕੜ ਨਾਲ ਭਰੇ ਹੋਏ ਭਾਂਡੇ ਵਿੱਚ ਦੁੱਧ ਪੈ ਨਹੀਂ ਸਕਦਾ, ਬਾਹਰ ਹੀ ਡੁੱਲ੍ਹੇਗਾ। ਗੁਰੂ ਦੇ ਉਪਦੇਸ਼ ਨੂੰ ਸਮਝਣ ਵਾਸਤੇ ਹਿਰਦੇ ਰੂਪ ਭਾਂਡਾ ਖਾਲੀ ਕਰਕੇ ਮਾਂਜਣਾ ਸੁਆਰਨਾ ਪਵੇਗਾ, ਆਪਣੀ ਮੱਤ ਛੱਡਣੀ ਪਵੇਗੀ—

**ਊਂਧੈ ਭਾਂਡੈ ਕਛੁ ਨ ਸਮਾਵੈ, ਸੀਧੈ ਅੰਮ੍ਰਿਤੁ ਪਰੈ ਨਿਹਾਰ ।। ੫ ।।** ( ਪੰਨਾ- ੫੦੪)

ਧੋ ਸੁਆਰ ਕੇ ਸਿੱਧੇ ਮੂੰਹ ਰਖੇ ਭਾਂਡੇ ਵਿੱਚ ਹੀ " ਕ੍ਰਿਪਾ ਜਲ" ਪਵੇਗਾ, ਨਹੀਂ ਤਾਂ ਖਾਲੀ ਭਾਂਡਾ " ਬਾਂ ਬਾਂ " ਹੀ ਕਰੇਗਾ **ਕਹੁ ਕਬੀਰ, ਛੂਛਾ ਘਟੁ ਬੋਲੈ, ਭਰਿਆ ਹੋਇ ਸੁ ਕਬਹੁ ਨ ਡੋਲੈ ।। ੪ ।। ੧ ।।** (ਪੰਨਾ - ੮੭੦)

ਹਿਰਦੇ ਰੂਪ ਭਾਂਡੇ ਵਿੱਚ " ਵੱਥ " ਪਵੇਗੀ ਗੁਰੂ ਦੀ ਮਿਹਰ ਨਾਲ। ਗੁਰੂ ਦੀ ਮਿਹਰ ਹੋਵੇਗੀ ਉਸਦੇ


www.AKJ.Org

ਲੜ ਲੱਗਣ ਨਾਲ ਅਰਥਾਤ ਅੰਮ੍ਰਿਤ ਛਕਣ ਨਾਲ। ਅੰਮ੍ਰਿਤ ਛਕ ਕੇ ਗੁਰੂ ਦੀ ਕਾਰ (ਨਾਮ ਜਪਣਾ) ਕਰਨੀ ਪਵੇਗੀ, ਗੁਰ ਦਰਸਾਈ ਰਹਿਤ ਰੱਖਣੀ ਪਵੇਗੀ ਅਤੇ ਕੁਰਹਿਤਾਂ ਤੋਂ ਬਚਕੇ ਗੁਰ ਉਪਦੇਸ਼ ਅਥਵਾ ਗੁਰਬਾਣੀ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਪਵੇਗਾ।

ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਿਆਂ ਲਈ ਗੁਰੂ ਸਾਹਿਬ ਨੇ ਇਉਂ ਉਪਦੇਸ਼ ਦਿੱਤਾ ਹੈ:-

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ,**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ।।**
**ਉਦਮੁ ਕਰੇ ਭਲਕੇ ਪਰਭਾਤੀ,**
**ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ,**
**ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ।।**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,**
**ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ।।**

(ਪੰਨਾ-੩੦੫)

ਭਾਵ ਅੰਮ੍ਰਿਤ ਵੇਲੇ ਉਠਣਾ, ਇਸ਼ਨਾਨ ਕਰਨਾ, ਨਾਮ ਜਪਣਾ, ਗੁਰਬਾਣੀ ਪੜ੍ਹਨੀ, ਗਾਉਣੀ, ਬਹਿੰਦਿਆਂ, ਉਠਦਿਆਂ ਅਰਥਾਤ ਹਰ ਵੇਲੇ ਸਿਮਰਨ ਕਰਦੇ ਰਹਿਣਾ। "**ਗੁਰਮੁਖਿ ਨਾਮੁ ਦਾਨੁ ਇਸਨਾਨੁ ।**" (ਪੰਨਾ- ੯੪੨) ਬਿਨਾਂ ਗੁਰੂ ਲੜ ਲੱਗਿਆਂ ਇਹ ਕਾਰ ਹੋ ਹੀ ਨਹੀਂ ਸਕਦੀ। ਜਿਸ ਨੂੰ ਪਤਾ ਹੀ ਨਹੀਂ ਕਿ ਨਾਮ ਕੀ ਹੈ ਅਤੇ ਕਿਵੇਂ ਜਪਣਾ ਹੈ, ਉਸ ਨੂੰ ਅੰਮ੍ਰਿਤ ਵੇਲੇ ਦੀ ਸਾਰ ਕਿਵੇਂ ਪਤਾ ਲੱਗੇਗੀ? ਨਾਮ ਦਾ ਦਾਤਾ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਅਤੇ ਉਨ੍ਹਾਂ ਦੇ ਤਾਬੇ ਕਰਣੀ ਕਮਾਈ ਵਾਲੇ ਪੰਜ ਪਿਆਰੇ ਅੰਮ੍ਰਿਤ ਸਿੰਚਾਰ ਸਮੇਂ ਜਗਿਆਸੂ ਨੂੰ ਨਾਮ ਦ੍ਰਿੜ ਕਰਵਾ ਦਿੰਦੇ ਹਨ ਜਿਸ ਨੂੰ ਜਪ ਕੇ ਸਿੱਖ ਦਾ ਪਾਰ ਉਤਾਰਾ ਹੋ ਜਾਂਦਾ ਹੈ।

ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ, ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਉਹ ਨਿਗੁਰੇ ਹਨ ਜਿਨ੍ਹਾਂ ਬਾਰੇ ਸਤਿਗੁਰੂ ਜੀ ਦੇ ਇਹ ਬਚਨ ਹਨ-

**ਸਤਿਗੁਰ ਬਾਝਹੁ ਗੁਰੁ ਨਹੀ ਕੋਈ,**
**ਨਿਗੁਰੇ ਕਾ ਹੈ ਨਾਉ ਬੁਰਾ।। ੧੩।।** (ਪੰਨਾ- ੪੩੫)

ਅੱਜ ਕੱਲ ਦੁਨਿਆਵੀ ਵਿਦਿਆ ਦਾ ਪਸਾਰ ਹੋ ਜਾਣ ਕਾਰਨ ਲੋਕੀਂ ਯੂਨੀਵਰਸਿਟੀ ਦੀਆਂ ਡਿਗਰੀਆਂ ਪ੍ਰਾਪਤ ਕਰਕੇ ਆਪਣੀ ਵਿਦਵਤਾ ਜ਼ਾਹਰ ਕਰਨ ਵਾਸਤੇ, ਆਪਣੀ ਮੱਤ ਅਨੁਸਾਰ ਸਿੱਖ ਧਰਮ ਬਾਰੇ ਪੁੱਠੇ ਸਿੱਧੇ ਲੇਖ ਲਿਖ ਕੇ ਅਖਬਾਰਾਂ ' ਰਸਾਲਿਆਂ ਵਿੱਚ ਧੜਾ ਧੜ ਛਪਵਾ ਰਹੇ ਹਨ। ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਵਿਦਵਾਨ ਜਿਹੜੇ ਨਿਗੁਰੇ ਹਨ ਉਹ ਸਿੱਖੀ ਬਾਰੇ ਕੀ ਦੱਸ ਸਕਦੇ ਹਨ? ਜਿਸ ਨੇ ਅੰਮ੍ਰਿਤ ਹੀ ਨਹੀਂ ਛਕਿਆ ਉਹ ਅੰਮ੍ਰਿਤ ਦੇ ਸੁਆਦ ਬਾਰੇ ਕੀ ਦੱਸ ਸਕਦਾ ਹੈ? ਜਿਹੜਾ ਅੰਮ੍ਰਿਤ ਵੇਲੇ ਨਹੀਂ ਉਠਦਾ ਉਹ ਅੰਮ੍ਰਿਤ ਵੇਲੇ ਬਾਰੇ ਕੀ ਬਿਆਨ ਕਰ ਸਕਦਾ ਹੈ? ਗੁਰਸਿੱਖੀ ਦਾ ਅਸਲ ਪਤਾ ਲੱਗਦਾ ਹੈ ਗੁਰਸਿੱਖੀ ਜੀਵਨ ਜੀਉਣ ਨਾਲ, ਸਾਧ ਸੰਗਤ ਦੇ ਜੋੜੇ ਝਾੜਨ ਨਾਲ, ਲੰਗਰ ਦੇ ਜੂਠੇ ਭਾਂਡੇ ਮਾਂਜਣ ਨਾਲ, ਅੰਮ੍ਰਿਤ ਛੱਕ ਕੇ ਗੁਰ ਦਰਸਾਈ ਰਹਿਤ ਅੰਦਰ ਰਹਿਣ ਨਾਲ।

ਸਿੱਖੀ ਉਥੋਂ ਸ਼ੁਰੂ ਹੁੰਦੀ ਹੈ ਜਿਥੋਂ ਆਪਣੀ ਮੱਤ ਖਤਮ ਹੁੰਦੀ ਹੈ, ਹਉਮੈਂ ਦਾ ਭਾਂਡਾ ਭੱਜਦਾ ਹੈ। ਸਿਖੀ ਦਾ ਧੁਰਾ ਹੈ "ਨਾਮ"। ਹਉਮੈ ਤੇ ਨਾਮ ਦਾ ਆਪੋ ਵਿੱਚ ਵਿਰੋਧ ਹੈ। ਹਉਮੈਂ ਦੇ ਹੁੰਦਿਆਂ "ਨਾਮ" ਹਿਰਦੇ ਵਿੱਚ ਵੱਸ ਹੀ ਨਹੀਂ ਸਕਦਾ। ਜਿਸ ਕੋਲ "ਨਾਮ" ਨਹੀਂ ਉਸ ਦਾ ਜੀਵਨ ਬਿਰਥਾ ਹੈ, ਉਹ ਥੋਥਾ ਹੈ ਉਹ ਝੱਲਿਆਂ ਵਾਂਗ ਏ ਤੁਕੀਆਂ ਗੱਲਾਂ ਹੀ ਕਰਦਾ ਰਹੇਗਾ-

**ਵਿਣੁ ਨਾਵੈ ਸਭੁ ਜਗੁ ਬਉਰਾਇਆ।।**
**ਨਾਮੁ ਮਿਲੈ ਸੁਖੁ ਪਾਈਐ ।।੨।।** (ਪੰਨਾ-੩੯੨)

ਅਤੇ

**ਨਾਮ ਬਿਨਾ ਕੁਸਟੀ ਮੋਹ ਅੰਧਾ।।**
**ਸਭ ਨਿਹਫਲ ਕਰਮ ਕੀਏ ਦੁਖੁ ਧੰਧਾ।।੩।।**

(ਪੰਨਾ-੩੬੭)

ਭਾਵ ਕੋਹੜੀਆਂ ਵਾਂਗ ਪ੍ਰਭੂ ਦੇ ਨਾਮ ਤੋਂ ਹੀਣਾ ਮਨੁੱਖ ਆਤਮਕ ਰੋਗਾਂ ਨਾਲ ਗ੍ਰਸਿਆ ਹੋਇਆ ਦੁਖੀ ਰਹਿੰਦਾ ਹੈ, ਮਾਇਆ ਦਾ ਮੋਹ ਉਸ ਨੂੰ ਸਹੀ ਜੀਵਨ ਜੁਗਤਿ ਵਲੋਂ ਅੰਨ੍ਹਾਂ ਕਰੀ ਰੱਖਦਾ ਹੈ, ਹੋਰ ਜਿਤਨੇ ਵੀ ਕੰਮ ਉਹ ਕਰਦਾ ਹੈ ਸਭ ਵਿਅਰਥ ਜਾਂਦੇ ਹਨ, ਉਹ ਕੰਮ ਉਸ ਨੂੰ ਆਤਮਕ ਦੁੱਖ ਹੀ ਦਿੰਦੇ ਹਨ, ਉਸ ਲਈ ਮਾਇਆ ਦਾ ਜਾਲ ਹੀ ਬਣੇ ਰਹਿੰਦੇ ਹਨ।

ਨਿਗੁਰੇ ਬੰਦੇ ਗੱਲਾਂ ਬਹੁਤ ਕਰਦੇ ਹਨ ਪਰ ਉਹ ਗੁਰਸਿੱਖੀ ਦੇ ਮਹਿਲ ਅੰਦਰ ਨਹੀਂ ਪਹੁੰਚ ਸਕਦੇ। ਅਜਿਹੇ ਮਨੁੱਖਾਂ ਬਾਰੇ ਗੁਰੂ ਸਾਹਿਬ ਇਉਂ ਬਿਆਨ ਕਰਦੇ ਹਨ-

**ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ**
**ਤੇ ਬਿਗੜ ਰੂਪ ਬੇਰਕਟੀ।।**



www.AKJ.Org

ਜਿਉ ਨਿਗੁਰਾ ਬਹੁ ਬਾਤਾ ਜਾਣੈ,
ਓਹੁ ਹਰ ਦਰਗਹ ਹੈ ਭ੍ਰਸਟੀ।।੧।। (ਪੰਨਾ -੫੨੮)

ਭਾਵ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਮਾਲਕ ਪਰਮਾਤਮਾ ਨਹੀਂ ਉਹ ਮਨੁੱਖ ਬਦ-ਸ਼ਕਲ ਹਨ। ਉਹ ਕੋਹੜੀ ਹਨ। ਜਿਵੇਂ ਕੋਈ ਗੁਰੂ ਤੋਂ ਬੇਮੁਖ ਬੰਦਾ ਭਾਵੇਂ ਚਤੁਰਾਈ ਦੀਆਂ ਬਹੁਤ ਗੱਲਾਂ ਕਰਨੀਆਂ ਜਾਣਦਾ ਹੋਵੇ ਪਰ ਪ੍ਰਭੂ ਦੀ ਦਰਗਾਹ ਵਿੱਚ ਉਹ ਭ੍ਰਿਸਟਿਆ ਹੋਇਆ ਹੀ ਗਿਣਿਆ ਜਾਂਦਾ ਹੈ।

ਜਿਹੜੇ ਬੰਦੇ ਰੱਬ ਦੀ ਹੋਂਦ ਨੂੰ ਹੀ ਨਹੀਂ ਮੰਨਦੇ, ਨਾਸਤਕ ਹਨ, ਉਨ੍ਹਾਂ ਨੂੰ ਤ੍ਰਿਭਵਨ ਦੀ ਸੋਝੀ ਕਿਵੇਂ ਹੋ ਸਕਦੀ ਹੈ? ਉਨ੍ਹਾਂ ਦੀ ਸੋਚ "**ਪਾਤਾਲਾ ਪਾਤਾਲ, ਲੱਖ ਆਗਾਸਾ ਆਗਾਸ**!" ਤੱਕ ਕਿਵੇਂ ਪਹੁੰਚ ਸਕਦੀ ਹੈ? ਨਿਰੀਆਂ ਪੁਰੀਆਂ ਮਾਰਕਸ, ਲੈਨਨ ਤੇ ਮਾਓ ਆਦਿ ਦੀਆਂ ਪਦਾਰਥਵਾਦੀ ਥਿਊਰੀਆਂ ਪੜ੍ਹਕੇ ਉਹ ਅਧਿਆਤਮਵਾਦ ਨੂੰ ਨਹੀਂ ਸਮਝ ਸਕਦੇ। ਅਜੇਹੇ ਲੋਕ ਗੁਰੂ ਨਾਨਕ ਸਾਹਿਬ ਦੇ ਕਿਰਤ ਦੇ ਨਾਲ ਪ੍ਰਭੂ ਦੀ ਕੀਰਤੀ (ਸਿਫਤਿ ਸਾਲਾਹ) ਕਰਨੀ ਅਤੇ ਵੰਡ ਛਕਣ ਦੀ ਫਿਲਾਸਫੀ ਨੂੰ ਕੀ ਸਮਝ ਸਕਦੇ ਹਨ? ਕੀਰਤੀ ਬਿਨਾ ਕਿਰਤ ਦਾ ਬਹੁਤਾ ਲਾਭ ਨਹੀਂ। ਆਪਣਾ ਢਿੱਡ ਭਰਨ ਵਾਸਤੇ ਤਾਂ ਪਸ਼ੂ ਪੰਛੀ ਵੀ ਬਹੁਤ ਨੱਠੇ ਫਿਰਦੇ ਹਨ । ਜੇ ਮਨੁੱਖਾਂ ਜਨਮ ਦਾ ਉਦੇਸ਼ ਕੇਵਲ ਗੁੱਲੀ (ਰੋਟੀ), ਜੁੱਲੀ(ਕਪੜਾ), ਕੁੱਲੀ(ਮਕਾਨ) ਹੀ ਹੈ ਤਾਂ ਮਨੁੱਖ ਤੇ ਪਸ਼ੂ ਪੰਛੀਆਂ ਵਿੱਚ ਕੀ ਫਰਕ ਹੋਇਆ? ਰੱਬ ਵਲੋਂ ਟੁੱਟੇ ਹੋਏ(ਸਾਕਤ), ਨਾਸਤਕ ਲੋਕਾਂ ਦੀ ਕਮਿਊਨਿਜ਼ਮ ਦੀ ਥਿਊਰੀ ਕਮਿਊਨਿਸਟਾਂ ਨੂੰ ਹੀ ਲੈ ਡੁੱਬੀ। ਉਨ੍ਹਾਂ ਦੇ ਗੜ੍ਹ, ਰੂਸ ਦੇ ਟੋਟੇ ਹੋ ਗਏ। ਸਮਾਜਵਾਦ ਉਨ੍ਹਾਂ ਦੇ ਦੇਸ਼ ਵਿੱਚ ਹੀ ਫੇਲ੍ਹ ਹੋ ਗਿਆ। ਪਰਾਈ ਜੂਹ ਵਲ ਨਜ਼ਰਾਂ ਟਿਕਾਈ ਰੱਖਣ ਵਾਲੇ ਭੰਬਲ-ਭੂਸੇ ਵਿੱਚ ਪੈ ਗਏ. ਕਮਿਊਨਿਜ਼ਮ ਦੇ ਫਿੱਕਾ ਪੈਣ ਨਾਲ ਸਿੱਖਾਂ ਦੇ ਘਰ ਜੰਮੇਂ ਕਮਿਊਨਿਸਟਾਂ ਨੇ ਨਵਾਂ ਪੈਂਤੜਾ ਬਦਲ ਲਿਆ। ਸਿੱਖੀ ਦਾ ਬੁਰਕਾ ਪਾ ਕੇ ਆਪਣੇ ਆਪ ਨੂੰ ਸਿੱਖ ਵਿਦਵਾਨ ਅਖਵਾਉਣ ਲੱਗ ਪਏ। ਅਜੇਹੇ ਬੰਦੇ ਡੇਰੇਦਾਰ ਸਾਧਾਂ ਦੇ ਢਹੇ ਚੜ੍ਹ ਕੇ ਨਵੀਂ ਖੋਜ ਦੇ ਪੜਦੇ ਥੱਲੇ ਸਿੱਖ ਧਰਮ ਦੀ ਚੀਰ ਫਾੜ ਕਰਨ ਲੱਗ ਪਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਝੁਠਿਆਉਣ ਲਈ ਲੱਕ ਬੰਨ੍ਹ ਲਿਆ, ਬਾਣੇ ਵਾਲੇ ਸਿੱਖ ਅਤੇ ਬਾਣੀ ਵਾਲੇ ਸਿੱਖ ਕਹਿ ਕੇ ਸਿੱਖਾਂ ਵਿੱਚ ਵੰਡੀਆਂ ਪਾਉਣ ਲੱਗ ਪਏ ।

ਜਿਹੜਾ ਮਨੁੱਖ ਆਪ ਬੇ-ਅੰਮ੍ਰਿਤੀਆ ਹੈ, ਨਿਗੁਰਾ ਹੈ, ਨਾਸਤਕ ਹੈ, ਉਸ ਨੂੰ ਕੀ ਹੱਕ ਹੈ ਕਿ ਅੰਮ੍ਰਿਤਧਾਰੀ ਸਿੱਖਾਂ (ਖਾਲਸੇ) ਨੂੰ ਗੁਰਮਤਿ ਬਾਰੇ ਲੈਕਚਰ ਦੇਵੇ? "**ਆਪ ਨਾ ਵਸੇ ਸਾਹੁਰੜੇ ਤੇ ਲੋਕਾਂ ਮੱਤੀ ਦੇ**" ਵਾਲੀ ਗੱਲ ਹੀ ਹੈ । ਰਹਿਤਨਾਮੇ ਵਿੱਚ ਲਿਖਿਆ ਹੋਇਆ ਹੈ-

"ਬਿਨਾ ਪਾਹੁਲ ਧਰੇ ਕੇਸ, ਭੇਖੀ ਮੂੜਾ ਸਿੱਖ।"

ਬਿਨਾ ਅੰਮ੍ਰਿਤ ਛਕੇ, ਸਿੱਖਾਂ ਵਾਲਾ ਪਹਿਰਾਵਾ ਪਾ ਕੇ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਾ ਬੰਦਾ ਭੇਖੀ ਹੈ, ਮੂਰਖ ਹੈ। ਅਜੇਹੇ ਬਹੁਰੂਪੀਏ, ਦੁਬਾਜਰੇ ਪੁਰਸ਼ ਦਾ ਇਤਬਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਉਹ ਬੇ-ਪੇਂਦੇ ਦਾ ਲੋਟਾ ਹੈ। ਅਜੇਹੇ ਸਾਕਤਾਂ ਦੀ ਸੰਗਤ ਦਾ ਘਾਟਾ ਹੀ ਘਾਟਾ ਹੈ, ਉਨ੍ਹਾਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ ।

"ਕਬੀਰ ਸਾਕਤ ਸੰਗੁ ਨ ਕੀਜੀਐ,
ਦੂਰਹਿ ਜਾਈਐ ਭਾਗਿ।।" (ਪੰਨਾ-੧੩੭੧)

ਕਿਉਂਕਿ-

ਬਿਨੁ ਸਤਿਗੁਰ ਪਚਿ ਮੂਏ ਸਾਕਤ,
ਨਿਗੁਰੇ ਗਲਿ ਜਮ ਫਾਸਾ ਹੇ।।੧੧।। (ਪੰਨਾ-੧੦੭੩)

ਭਾਵ ਗੁਰੂ ਦੀ ਸ਼ਰਨ ਤੋਂ ਬਿਨਾਂ ਸਾਕਤ ਨਿਗੁਰੇ ਮਨੁੱਖ ਵਿਕਾਰਾਂ ਦੀ ਅੱਗ ਵਿੱਚ ਸੜ ਕੇ ਆਤਮਕ ਮੌਤ ਸਹੇੜੀ ਰੱਖਦੇ ਹਨ। ਉਨ੍ਹਾਂ ਦੇ ਗਲ ਵਿੱਚ ਜਮਰਾਜ ਦਾ ਫਾਹਾ ਪਿਆ ਰਹਿੰਦਾ ਹੈ।

==============================

# ਲੰਗਰ

ਬਾਣੀ ਪੜ੍ਹਦਿਆਂ, ਨਾਮ ਜਪਦਿਆਂ, ਪ੍ਰੇਮ, ਸ਼ਰਧਾ ਤੇ ਸੁੱਚਮ ਨਾਲ ਤਿਆਰ ਕੀਤਾ ਲੰਗਰ, ਅੰਮ੍ਰਿਤ ਭੋਜਨ ਹੈ ਜੋ ਸਰੀਰ ਤੇ ਆਤਮਾ ਨੂੰ ਬਲ (ਤਾਕਤ) ਦਿੰਦਾ ਹੈ ਤੇ ਗੁਰ ਚਰਨਾਂ ਨਾਲ ਜੋੜਦਾ ਹੈ ।

ਏਧਰ ਓਧਰ ਦੀਆਂ ਗੱਪਾਂ ਮਾਰਦਿਆਂ, ਜੀਭ ਦੇ ਸੁਆਦ ਨੂੰ ਮੁੱਖ ਰੱਖ ਕੇ ਤਿਆਰ ਕੀਤਾ ਚਟਪਟੇ ਮਸਾਲਿਆਂ ਵਾਲਾ ਭੋਜਨ, ਸਰੀਰ ਵਿੱਚ ਵਿਗਾੜ ਪੈਦਾ ਕਰਦਾ ਹੈ ਅਤੇ ਬੁੱਧੀ ਨੂੰ ਮਲੀਨ ਕਰਕੇ ਵਿਸ਼ੇ ਵਿਕਾਰਾਂ ਦੀ ਭੱਠੀ ਵਲ ਧੱਕਦਾ ਹੈ ।

www.AKJ.Org

# ਸੰਤ ਸਮਾਜ ਦਾ ਦੂਜਾ ਸਮਾਗਮ

( ਪ੍ਰਿੰ: ਗੁਰਮੁਖ ਸਿੰਘ ਜੀ )

(ਇਸ ਲੇਖ ਵਿੱਚ ਲੇਖਕ ਨੇ ਸੰਤ ਸਮਾਜ ਵਲੋਂ ਛਾਪੇ ਰਹਿਤ ਮਰਯਾਦਾ ਦੇ ਨਵੇਂ ਖਰੜੇ ਦਾ ਸੋ:ਗੁ: ਪ੍ਰ: ਕਮੇਟੀ ਦੇ ਪ੍ਰਚਲਤ ਖਰੜੇ ਵਿਚਲੇ ਕੁਝ ਬੁਨਿਆਦੀ ਨੁਕਤਿਆਂ ਤੇ ਵਿਚਾਰ ਕੀਤੀ ਹੈ – ਸੰਪਾਦਕ)

ਪਾਠਕਾਂ ਨੂੰ ਯਾਦ ਹੋਵੇਗਾ ਕਿ ੧੫-੧੬ ਨਵੰਬਰ ੧੯੯੩ ਨੂੰ ਨਿਰਮਲੇ ਸੰਤ ਹਰਦੇਵ ਸਿੰਘ ਜੀ ਪਿੰਡ ਲੂਲੋਂ(ਜਿਲ੍ਹਾ ਫਤਿਹ ਗੜ੍ਹ ਸਾਹਿਬ) ਦੇ ਡੇਰੇ ਵੀਹਵੀਂ ਸ਼ਤਾਬਦੀ ਦੀ ਇਕ ਮਹੱਤਵਪੂਰਨ ਘਟਨਾ ਘਟੀ ਸੀ ਜਦੋਂ ਪੰਜਾਬ ਦੇ ਸੰਤਾਂ, ਮਹੰਤਾਂ, ਡੇਰੇਦਾਰਾਂ, ਨਿਹੰਗਾਂ ਮੁਖੀਆਂ, ਨਿਰਮਲੇ ਅਤੇ ਉਦਾਸੀ ਡੇਰਿਆਂ ਦੇ ਮੁਖੀਆਂ ਦਾ ਦਮਦਮੀ ਟਕਸਾਲ ਦੇ ਉਚੇਚੇ ਉੱਦਮ ਨਾਲ ਇੱਕ ਭਾਰੀ ਇੱਕਠ ਹੋਇਆ। ਇਸ ਨਵੀਂ ਬਣੀ ਜਥੇਬੰਦੀ ਦਾ ਨਾਮ ਸੰਤ ਸਮਾਜ ਰਖਿਆ ਗਿਆ। ਇਹਨਾਂ ਨੇ ਆਪਣੀ ਹੋਂਦ ਦਰਸਾਉਣ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇੱਕ ਭਾਰੀ ਤਿੰਨ ਦਿਨਾਂ ਇੱਕਠ ਮਿਤੀ ੩੧ ਦਸੰਬਰ ੯੩ ਤੋਂ ਦੋ ਜਨਵਰੀ, ੯੪ ਤੱਕ ਸੰਤ ਮੱਖਣ ਸਿੰਘ ਜੀ ( ਸਤੋ ਵਾਲੀ ਗਲੀਂ) ਦੇ ਉਦਮ ਨਾਲ ਕੀਤਾ। ਇਹੋ ਜਿਹੇ ਸਮਾਗਮ ਪਹਿਲਾਂ ਵੀ ਸੰਤ ਆਪੋ ਆਪਣੇ ਟਿਕਾਣਿਆਂ ਤੇ ਜਾ ਦੂਰ ਨੇੜੇ ਵਿਅਕਤੀਗਤ ਰੂਪ ਵਿੱਚ ਕਰਦੇ ਹੁੰਦੇ ਸਨ, ਪਰ ਸੰਨ ੧੯੯੪ ਦੇ ਆਰੰਭ ਵਿੱਚ ਹੀ ਪੰਜਾਬ ਦੇ ਲਗ-ਭਗ ਸਾਰੇ ਸੰਤਾਂ ਮਹਾਂਪੁਰਖਾਂ ਦੇ ਵੱਡੀ ਸਾਰੀ ਸਟੇਜ ਉਤੇ ਇਕੋ ਵਾਰੀ ਦਰਸ਼ਨ ਕਰਕੇ ਸੰਗਤਾਂ ਬਹੁਤ ਗੱਦ ਗੱਦ ' ਹੋਈਆਂ। ਸੰਤ ਮੰਡਲੀ ਵਿੱਚ ਟਾਂਵੇ ਟਾਂਵੇ ਘੋਨ ਮੋਨ ਸਾਧ, ਰੁਦਰਾਖਧਾਰੀ, ਅਤੇ ਕਿਤੇ ਕਿਤੇ ਤੁਰਲੇ ਵਾਲੇ ਨਿਹੰਗੀ ਬਾਣੇ ਅੰਦਰ ਸੁਸ਼ੋਭਿਤ ਸਿੰਘ ਭੀ ਸਜੇ ਹੋਏ ਦਿਸਦੇ ਸਨ। ਗੇਰੂਏ ਕੱਪੜੇ ਧਾਰੀ ਸੰਨਿਆਸੀ ਭੀ ਇਸ ਟੀਮ ਵਿੱਚ ਸ਼ਾਮਿਲ ਕੀਤੇ ਗਏ ਸਨ। ਮੁਹਰਲੀ ਕਤਾਰ ਵਿੱਚ ਬਾਬਾ ਠਾਕਰ ਸਿੰਘ ਜੀ, ਸੰਤ ਮੱਖਣ ਸਿੰਘ ਜੀ ਅਤੇ ਬਾਬਾ ਸਰਬਜੋਤ ਸਿੰਘ ਜੀ ਬੇਦੀ ਭੀ ਸੰਗਤਾਂ ਨੂੰ ਦਰਸ਼ਨ ਦੇ ਰਹੇ ਸਨ। ਸ੍ਰੀ ਅੰਮ੍ਰਿਤਸਰ ਦੀਆਂ ਸੰਗਤਾਂ ਲਈ ਇਹ ਇੱਕ ਅਦਭੁਤ ਦ੍ਰਿਸ਼ ਸੀ। ਕਦੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲ ਵੇਖਦੇ ਸਨ ਅਤੇ ਕਦੀ ਸਟੇਜ ਉਤੇ ਸਜਾਈ ਗਈ ਬਹੁ ਪ੍ਰਕਾਰੀ ਸਾਧ-ਮੰਡਲੀ ਵੱਲ । ਇਹ ਪ੍ਰਸ਼ਨ ਉਹਨਾਂ ਦੇ ਦਿਮਾਗ ਅੰਦਰ ਉਠ ਰਿਹਾ ਸੀ ਕਿ ਚੌਰ ਤਖਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚੋਂ ਕੀ ਸੰਤ ਮੰਡਲੀ ਨੂੰ ਸਤਿਗੁਰਾਂ ਦੇ ਬਰਾਬਰ ਬੈਠਣਾ ਸ਼ੋਭਦਾ ਹੈ ? ਲਗਦਾ ਇੰਜ ਸੀ ਜਿਵੇਂ ਇਹ ਸੰਤ ਮੰਡਲੀ ਸਤਿਗੁਰਾਂ ਦੇ ਉਪਦੇਸ਼ਾਂ ਦੇ ਪ੍ਰਚਾਰ ਦਾ ਬਹਾਨਾ ਪਾ ਕੇ ਆਪਣਾ ਵਿਖਾਵਾ ਕਰਨ ਆਏ ਹੋਣ। ਸਟੇਜ ਇਉਂ ਲੱਗ ਰਹੀ ਸੀ ਜਿਵੇਂ ਆਮ ਸਿਆਸੀ ਪਾਰਟੀਆਂ ਦੇ ਜਲਸਿਆਂ ਵਿੱਚ ਲਗਾਈ ਜਾਂਦੀ ਹੈ। ਕੀ ਮਹਾਂਪੁਰਖਾਂ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੈਠਣ ਦਾ ਅਜੇ ਵੱਲ ਨਹੀਂ ਆਇਆ ? ਪੰਥ ਵਿੱਚ ਇਹ ਪ੍ਰੰਪਰਾ ਤਾਂ ਪ੍ਰਚਲਤ ਹੈ ਕਿ ਗੁਰੂ ਕੇ ਕੀਰਤਨੀਏ ਜਾਂ ਕਥਾਕਾਰ ਨੂੰ ਸੰਗਤਾਂ ਦੀ ਸਹੂਲਤ ਲਈ ਸਟੇਜ ਤੇ ਬਿਠਾਇਆ ਜਾਂਦਾ ਹੈ ਪਰ ਇਹ ਪਹਿਲੀ ਵਾਰ ਸੀ ਕਿ ਸੰਤ ਸਮਾਜ ਨੇ ਗੁਰੂ ਮਹਾਰਾਜ ਦੇ ਬਰਾਬਰ ਸੰਤਾਂ ਮਹੰਤਾਂ ਦੀ ਪਰਦਰਸ਼ਨੀ ਲਗਾ ਕੇ ਇੱਕ ਨਵੀਂ ਪਿਰਤ ਆਰੰਭ ਕੀਤੀ ਹੈ। ਅੱਗੇ ਇਹ ਸਟੇਜ ਸ੍ਰੀ ਅੰਮ੍ਰਿਤਸਰ ਵਿਖੇ ਸਜਾਈ ਗਈ ਸੀ ਤੇ ਹੁਣ ਦੂਜੀ ਵਾਰ ਲੁਧਿਆਣੇ ਵਿਖੇ। ਦੂਜੇ ਸ਼ਬਦਾਂ ਵਿੱਚ ਸੰਤ ਮਹੰਤ ਹੁਣ ਸਤਿਗੁਰਾਂ ਦੇ ਬਰਾਬਰ ਬੈਠਣ ਦੀ ਜੁਰਅਤ ਕਰਨ ਲੱਗ ਪਏ ਹਨ। ਆਗੇ ਆਗੇ ਦੇਖੀਏ ਹੋਤਾ ਹੈ ਕਿਆ ?

੨੮ ਤੋਂ ੩੦ ਮਈ ੯੪ ਤੱਕ ਹੋਣ ਵਾਲੇ ਸੰਤ ਸਮਾਜ ਦੇ ਪ੍ਰੋਗਰਾਮ ਭਾਈ ਰਣਧੀਰ ਸਿੰਘ ਨਗਰੋਂ, ਲੁਧਿਆਣੇ ਸੰਬੰਧੀ ਇੱਕ ਵੱਡਾ ਸਾਰਾ ਇਸ਼ਤਿਹਾਰ ੨੬ ਮਈ ਦੇ ਅਜੀਤ ਅਖਬਾਰ ਵਿੱਚ ਛਪਿਆ ਅਤੇ ਸੰਗਤਾਂ ਨੇ ਪੜ੍ਹਿਆ। ਬੜੀ ਹੈਰਾਨੀ ਵਾਲੀ ਗੱਲ ਉਸ ਇਸ਼ਤਿਹਾਰ ਵਿੱਚ ਇਹ ਸੀ ਕਿ ਅਖੰਡ ਕੀਰਤਨੀ ਜੱਥੇ ਦਾ ਨਾਮ ਭੀ ਸੰਤ ਸਮਾਜ ਵਿੱਚ ਸ਼ਾਮਲ ਸੰਤਾਂ ਮਹੰਤਾਂ ਦੀ ਕਤਾਰ ਵਿੱਚ ਉਹਨਾਂ ਤੋਂ ਪੁਛੇ ਬਿਨਾਂ ਸ਼ਾਮਲ ਕਰ ਲਿਆ ਗਿਆ ਜਦੋਂ ਕਿ ਇਸ ਜੱਥੇ ਪਾਸ ਉਥੇ ਬਿਠਾਉਣ ਨੂੰ ਕੋਈ ਸੰਤ ਹੀ ਨਹੀਂ ਹੈ। ੨੯-੫-੯੪ ਅੰਮ੍ਰਿਤ ਵੇਲੇ ਦੇ ਨਿਤਨੇਮ ਨਾਮ ਅਭਿਆਸ ਵਿੱਚ ਉਹਨਾਂ ਦੀ ਡਿਊਟੀ ਭੀ ਲਗਾਈ ਗਈ ਸੀ ਪਰ ਪੜਤਾਲ ਕਰਨ ਤੇ ਪਤਾ ਲੱਗਾ ਕਿ ਸੱਮੁਚੇ ਸਮਾਗਮ ਦਾ ਅਖੰਡ ਕੀਰਤਨੀ ਜੱਥੇ ਵਲੋਂ ਮੁਕੰਮਲ ਬਾਈਕਾਟ ਕੀਤਾ ਗਿਆ ਸੀ। ਜਿਸ ਤੋਂ ਸਪਸ਼ਟ


www.AKJ.Org

ਹੁੰਦਾ ਹੈ ਕਿ ਰਹਿਤ ਮਰਯਾਦਾ ਦੇ ਗੰਭੀਰ ਪੰਥਕ ਮਸਲੇ ਵਿੱਚ ਉਹ ਸੰਤ ਸਮਾਜ ਨਾਲ ਖਲੋਣਾ ਨਹੀਂ ਚਾਹੁੰਦਾ। ਇਹ ਜੱਥਾ ਪੰਥ ਵਿੱਚ ਲੱਗ-ਭੱਗ ਪਿਛਲੇ ੬੦-੬੫ ਸਾਲਾਂ ਤੋਂ ਕੀਰਤਨ ਅਤੇ ਅੰਮ੍ਰਿਤ ਸੰਚਾਰ ਦੀ ਸੇਵਾ ਕਰਦਾ ਆ ਰਿਹਾ ਹੈ। ਸੰਤ ਡੰਮ ਤੋਂ ਇਹ ਜੱਥਾ ਸਦਾ ਦੂਰੀ ਤੇ ਹੀ ਵਿਚਰਦਾ ਰਿਹਾ ਹੈ। ਇਸ ਜੱਥੇ ਦੇ ਮੁਖੀ ਨੇ ਸਾਰੀ ਉਮਰ ਆਪਣੇ ਆਪ ਨੂੰ ਸੰਤ ਨਹੀਂ ਅਖਵਾਇਆ।

ਮਈ ੧੯੯੪ ਦੇ ਉਪਰੋਕਤ ਸਮਾਗਮ ਵਿੱਚ ੨੫ ਹਜ਼ਾਰ ਖਰੜੇ ਸਿੱਖ ਮਰਯਾਦਾ ਸੰਬੰਧੀ ਵੰਡੇ ਗਏ। ਸਵਾਲ ਹੈ ਕਿ ਸੰਤ ਸਮਾਜ ਨੂੰ ਇਹ ਅਧਿਕਾਰ ਕਿਸ ਨੇ ਦੇ ਦਿੱਤਾ ਕਿ ਉਹ ਸਿੱਖ ਜਗਤ ਲਈ ਨਵਾਂ ਖਰੜਾ ਤਜ਼ਵੀਜ਼ ਕਰੇ ? ਜਦੋਂ ਕਿ ਸਰਬਪਰਵਾਨਤ 'ਸਿੱਖ ਰਹਿਤ ਮਰਯਾਦਾ' ੧੯੩੬ ਤੋਂ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਪੰਥ ਵਿੱਚ ਪ੍ਰਚਲਤ ਹੈ।

ਇਸ ਰਹਿਤ ਮਰਯਾਦਾ ਨੂੰ ਅੰਤਮ ਰੂਪ ਦੇਣ ਤੋਂ ਪਹਿਲਾਂ ਦੇਸ਼ ਅਤੇ ਵਿਦੇਸ਼ਾਂ ਵਿੱਚ ਵਸਦੇ ਸਿਖ ਜਥੇਬੰਦੀਆਂ, ਸਿੰਘ ਸਭਾਵਾਂ, ਤਖਤ ਸਾਹਿਬਾਨ ਦੇ ਮੁਖੀਆਂ, ਵਿਦਵਾਨਾਂ, ਡੇਰੇਦਾਰਾਂ, ਖਾਲਸਾ ਸੈਂਟ੍ਰਲ ਦੀਵਾਨਾਂ, ਬੁੱਢਾ ਦਲ ਨਿਹੰਗ ਸਿੰਘਾਂ ਦਾ ਚਲਦਾ ਵਹੀਰ ਆਦਿ ਤੋਂ ਪਰਵਾਨਗੀ ਲਈ ਗਈ ਸੀ। ਹੋਰ ਵਧੇਰੀ ਸੂਚਨਾ ਸ਼੍ਰੋ: ਕਮੇਟੀ ਵਲੋਂ ਛਪੇ ਹੋਏ ਖਰੜੇ ਦੇ ਪੰਨਾ ੨ ਤੋਂ ੭ ਉਤੇ ਵੇਖੀ ਜਾ ਸਕਦੀ ਹੈ। ਸਵਾਲ ਪੁਛਿਆ ਜਾ ਸਕਦਾ ਹੈ ਕਿ ਸੰਤ ਸਮਾਜ ਨੂੰ ਪ੍ਰਚਲਤ ਰਹਿਤ ਮਰਯਾਦਾ ਦੇ ਮੁਕਾਬਲੇ ਤੇ, ਨਵਾਂ ਖਰੜਾ ਪੇਸ਼ ਕਰਨ ਦੀ ਕਿਉਂ ਲੋੜ ਪਈ ? ਇਸ ਪ੍ਰਸ਼ਨ ਦਾ ਉੱਤਰ ਸੰਤ ਸਮਾਜ ਵਲੋਂ ਜਾਰੀ ਕੀਤੇ ਖਰੜੇ ਵਿਚੋਂ ਨਹੀਂ ਮਿਲਦਾ, ਪਰ ਇਹ ਦੋਵੇਂ ਪ੍ਰਸ਼ਨ ਬੜੇ ਜ਼ਰੂਰੀ ਹਨ ਅਤੇ ਸੰਤ ਸਮਾਜ ਨੂੰ ਸਪਸ਼ਟੀ- ਕਰਣ ਦੇਣਾ ਚਾਹੀਦਾ ਹੈ।

(ੳ) ਸੰਤ ਸਮਾਜ ਨੂੰ ਸਿੱਖ ਰਹਿਤ ਮਰਯਾਦਾ ਦਾ ਨਵਾਂ ਖਰੜਾ ਪ੍ਰਚਲਤ ਰਹਿਤ ਮਰਯਾਦਾ ਦੇ ਹੁੰਦਿਆਂ, ਜਾਰੀ ਕਰਨ ਦੀ ਕਿਉਂ ਲੋੜ ਪਈ ?

(ਅ) ਸੰਤ ਸਮਾਜ ਨੂੰ ਉਪਰੋਕਤ ਖਰੜੇ ਦੇ ਜਾਰੀ ਕਰਨ ਦਾ ਅਧਿਕਾਰ ਕਿਸ ਨੇ ਦਿੱਤਾ ?

ਵੇਖਿਆ ਜਾਏ ਤਾਂ ਪਾਠਕ ਜਾਣਦੇ ਹਨ, ਹਰ ਡੇਰੇਦਾਰ ਅਤੇ ਹਰ ਸੰਤ ਮਹਾਂਪੁਰਖ ਨੇ ਸਿੱਖ ਪੰਥ ਵਿੱਚ ਆਪਣੀ ਵੱਖਰੀ ਪਹਿਚਾਨ ਬਣਾਈ ਰੱਖਣ ਲਈ ਆਪੋ ਆਪਣੀ ਮਰਯਾਦਾ ਆਪਣੇ ਆਪਣੇ ਸਿੱਖ ਸੇਵਕਾਂ ਵਿਚ ਪ੍ਰਚਲਤ ਕਰਵਾ ਰਖੀ ਹੈ। ਮਿਸਾਲ ਵਜੋਂ ਨਿਰਮਲੇ ਪੰਜ ਕਕਾਰੀ ਰਹਿਤ ਦੇ ਧਾਰਨੀ ਨਹੀਂ ਹਨ। ਉਨ੍ਹਾਂ ਨੇ ਇਹ ਕਹਾਣੀ ਪ੍ਰਚਲਤ ਕਰਕੇ ਆਪਣੀ ਮੌਜੂਦਾ ਗੇਰੂਏ ਬਸਤਰਾਂ ਵਾਲੀ ਰਹਿਤ ਦੀ ਉਚੱਤਾ ਕਾਇਮ ਰਖੀ ਹੋਈ ਹੈ ਕਿ ਦਸਵੇਂ ਪਾਤਸ਼ਾਹ ਨੇ ਜਦੋਂ ਉਹਨਾਂ ਨੂੰ ਕਾਂਸ਼ੀ ਵਿਖੇ ਵੇਦ ਸ਼ਾਸਤਰੀ ਗਿਆਨ ਪ੍ਰਾਪਤ ਕਰਨ ਲਈ ਭੇਜਿਆ ਸੀ ਤਾਂ ਉਹਨਾਂ ਨੂੰ ਖਾਲਸਈ ਰਹਿਤ ਤੋਂ ਛੋਟ ਦੇ ਦਿੱਤੀ ਸੀ। ਜੇ ਉਹਨਾਂ ਦੁਆਰਾ ਘੜੀ ਹੋਈ ਇਹ ਕਹਾਣੀ ਮੰਨ ਭੀ ਲਈ ਜਾਵੇ ਤਾਂ ਭੀ ਪੰਥ ਇਹ ਗੱਲ ਕਦਾਚਿਤ ਮੰਨਣ ਲਈ ਤਿਆਰ ਨਹੀਂ ਕਿ ਕੋਈ ਵਿਦਿਆਰਥੀ ਆਪਣੇ ਸਕੂਲ ਦੀ ਯੂਨੀਫਾਰਮ ਨੂੰ ਜੀਵਨ ਪ੍ਰਯੰਤ ਪਾਈ ਫਿਰੇ ? ਮੰਨਿਆ, ਸਿਖਿਆ ਲੈਣ ਸਮੇਂ ਗੇਰੂਏ ਬਸਤਰ ਪਾਉਣੇ ਅਤੇ ਪੰਜ ਕੱਕਿਆਂ ਦੀ ਰਹਿਤ ਤੋਂ ਛੋਟ ਸਤਿਗੁਰਾਂ ਨੇ ਜੇ ਦਿਤੀ ਹੋਊ (ਪਤਾ ਨਹੀਂ ਪੰਡਤਾਂ ਨੇ ਇਹਨ੍ਹਾਂ ਦੇ ਕੇਸਧਾਰੀ ਸਰੂਪ ਨੂੰ ਕਿਵੇਂ ਪਰਵਾਨ ਕੀਤਾ ਹੋਊਂ ?) ਪਰ ਪੜ੍ਹਾਈ ਤੋਂ ਬਾਅਦ ਨਿਰਮਲੇ ਸਾਧੂ ਅੰਮ੍ਰਿਤਧਾਰੀ ਸਰੂਪ ਵਿੱਚ ਕਿਉਂ ਨਹੀਂ ਖਾਲਸੇ ਪੰਥ ਵਿੱਚ ਸ਼ਾਮਲ ਹੋ ਕੇ ਮੋਢੇ ਨਾਲ ਮੋਢਾ ਡਾਹ ਕੇ ਪੰਥਕ ਕਾਰਜਾਂ ਅਤੇ ਗੁਰਦੁਆਰਾ ਸੁਧਾਰ ਮੋਰਚਿਆਂ ਵਿੱਚ ਸ਼ਾਮਲ ਹੋਏ ?

ਅੱਜ ਇਹ ਪੰਥ ਨੂੰ ਸਿੱਖ ਰਹਿਤ ਮਰਯਾਦਾ ਦੇਣ ਦਾ ਕੀ ਹੱਕ ਰਖਦੇ ਹਨ ?

ਇਵੇਂ ਹੀ ਉਦਾਸੀ ਸੰਤ ਮਹਾਤਮਾ ਹਨ ਜਿਨ੍ਹਾਂ ਦੇ ਵੱਡੇ ਵਡੇਰੇ ਆਪਣੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਕੀ ਹੋ ਕੇ ਵੱਖਰਾ ਪੰਥ ਚਲਾਇਆ। ਅੱਜ ਉਹ ਰੁਦਰਾਖਧਾਰੀ ਸਾਧੂ ਸਿੱਖ ਪੰਥ ਨੂੰ ਰਹਿਤ ਮਰਯਾਦਾ ਸੰਬੰਧੀ ਮੱਤਾਂ ਦੇਣ ਲਈ ਇਹਨਾਂ ਵਿੱਚ ਸ਼ਾਮਲ ਹੋ ਕੇ ਸਿੱਖ ਕੌਮ ਨੂੰ ਰਹਿਤ ਪੜਾਉਣ ਆਏ ਹਨ ? ਗੁਰੂ ਅਮਰ ਦਾਸ ਜੀ ਨੇ ਸਿੱਖ ਕੌਮ ਨੂੰ ਉਦੋਂ ਵਰਜਿਆ ਸੀ ਕਿ ਜੋ ਸਿਖ ਉਦਾਸੀ ਮੱਤ ਵੱਲ ਜਾਏਗਾ ਉਹ ਸਿੱਖ ਗੁਰੂ ਨਾਨਕ ਦੇਵ ਜੀ ਦਾ ਸਿੱਖ ਨਹੀਂ ਹੋਵੇਗਾ। ਸੰਤ ਸਮਾਜ ਦੇ ਪ੍ਰਬੰਧਕਾਂ ਨੂੰ ਸ੍ਰੀ ਅਮਰਦਾਸ ਜੀ ਦੇ ਹੁਕਮਾਂ ਨੂੰ ਧਿਆਨ ਵਿੱਚ ਰੱਖਦਿਆਂ ਉਦਾਸੀ ਸੰਪ੍ਰਦਾ ਨੂੰ ਉਪਰੋਕਤ ਸੰਤ ਸਮਾਜ ਵਿੱਚ ਸ਼ਾਮਲ ਨਹੀਂ ਸੀ ਕਰਨਾ ਚਾਹੀਦਾ ਅਤੇ ਜੇਕਰ ਇਹ ਨਿਰੋਲ ਸੰਤ ਸਮਾਜ ਹੀ ਰੱਖਣਾ ਸੀ ਤਾਂ ਹੋਰ ਵਧੇਰੇ ਘੋਨ-ਮੋਨ ਸੰਤਾਂ, ਪੀਰਾਂ ਫਕੀਰਾਂ, ਸੂਫੀਆਂ ਨੂੰ ਭੀ ਸ਼ਾਮਲ ਕਰਨਾ ਉਚਿਤ ਹੁੰਦਾ। ਫਿਰ ਸਮਾਂ ਵਿਹਾ ਜਾਣ ਮਗਰੋਂ ਅੱਜ ਸੰਤਾਂ ਨੂੰ ਸੁਰਤ ਆਈ ਹੈ ਖਾਲਸਾ ਪੰਥ ਦੀ ਰਹਿਤ ਦ੍ਰਿੜ ਕਰਾਉਣ ਦੀ ?


www.AKJ.Org

ਖਾਲਸਾ ਪੰਥ ਨੇ ਤਾਂ ੧੯੩੬ ਵਿੱਚ ਖਾਲਸਈ ਰਹਿਤ ਮਰਯਾਦਾ ਧਾਰਨ ਕਰ ਲਈ ਸੀ। ਉਸ ਨੂੰ ਹੁਣ ਸੰਤ ਸਮਾਜ ਦੀ ਬਣਾਈ ਰਹਿਤ ਮਰਯਾਦਾ ਦੀ ਕੋਈ ਲੋੜ ਨਹੀਂ।

ਸੰਗਤਾਂ ਨੂੰ ਇਹ ਪਤਾ ਲੱਗਣਾ ਚਾਹੀਦਾ ਹੈ ਕਿ ਆਖਰ ਸੰਤ ਸਮਾਜ ਖਾਲਸਾ ਪੰਥ ਦਾ ਕੀ ਸਰੂਪ ਉਘਾੜਨਾ ਚਾਹੁੰਦਾ ਹੈ? ਉਹਨਾਂ ਨੂੰ ਪ੍ਰਚਲਤ ਸਿੱਖ ਰਹਿਤ ਮਰਯਾਦਾ ਵਾਲਾ ਸਰੂਪ ਕਿਉਂ ਪਸੰਦ ਨਹੀਂ? ਸੰਤ ਸਮਾਜ ਦੇ ਰਹਿਤਨਾਮੇ ਨੂੰ ਜਦੋਂ ਸ੍ਰ: ਗੁ: ਪ੍ਰ: ਕਮੇਟੀ ਦੇ ਰਹਿਤਨਾਮੇ ਨਾਲ ਮੇਲਿਆ ਗਿਆ ਤਾਂ ਕੁਝ ਕੁ ਬੁਨਿਆਦੀ ਫਰਕ ਸਾਹਮਣੇ ਆਏ ਹਨ ਜੋ ਹੇਠਾਂ ਦਿੱਤੇ ਜਾ ਰਹੇ ਹਨ ਅਤੇ ਖਾਲਸਾ ਪੰਥ ਨੂੰ ਇਹਨਾਂ ਦੀਆਂ ਗੁੱਝੀਆਂ ਚਾਲਾਂ ਤੋਂ ਸੁਚੇਤ ਕੀਤਾ ਜਾਂਦਾ ਹੈ:-

**੧. ਸਿੱਖ ਦੀ ਪਰਿਭਾਸ਼ਾ** ਕਿਉਂ ਬਦਲੀ ਗਈ ਹੈ? ਹੁਣ ਉਹ ਵਿਅਕਤੀ ਭੀ ਸਿੱਖ ਮੰਨਿਆ ਜਾਵੇਗਾ ਜਿਸਨੇ ਅੰਮ੍ਰਿਤ ਨਹੀਂ ਛਕਿਆ। ਨਵੇਂ ਖਰੜੇ ਵਿੱਚ ਗੁਰ-ਦੀਖਿਅਤ ਹੋਣਾ ਜਰੂਰੀ ਸ਼ਰਤ ਨਹੀਂ ਸਮਝਿਆ ਗਿਆ। ਇਸ ਨਾਲ ਸੰਤਾਂ ਮਹੰਤਾਂ ਦੇ ਗੈਰ-ਅੰਮ੍ਰਿਤਧਾਰੀ ਸਿੱਖ ਭੀ ਸਹਿਜੇ ਹੀ ਖਾਲਸਾ ਪੰਥ ਬਣ ਜਾਣਗੇ। ਆਖਰ ਸਹਿਜਧਾਰੀ ਦੇ ਸਹਿਜ ਧਾਰਨ ਕਰੀ ਰੱਖਣ ਦੀ ਭੀ ਕੋਈ ਹੱਦ ਹੋਣੀ ਚਾਹੀਦੀ ਹੈ। ਕੀ ਸੰਤ ਸਮਾਜ ਦੇ ਪ੍ਰਬੰਧਕ ਭੀ ਰਾਧਾ ਸੁਆਮੀਆਂ ਵਾਲਾ ਫਾਰਮੂਲਾ ਲਾਗੂ ਕਰਨਾ ਚਾਹੁੰਦੇ ਹਨ ਕਿ ਕੇਸਧਾਰੀ ਰਹੇ ਜਾਂ ਘੋਨ ਮੋਨ, ਕਿਸੇ ਦਾ ਬਾਹਰਲਾ ਸਰੂਪ ਨਿਸ਼ਚਿਤ ਨਹੀਂ ਕੀਤਾ ਗਿਆ? ਉਹ ਕੇਵਲ ਮਾਸ ਸ਼ਰਾਬ ਤੋ ਰੋਕਦੇ ਹਨ ਪਰ ਬਹੁਤਾ ਦਖਲ ਨਹੀਂ ਦਿੰਦੇ-ਸਿਗਰੇਟ (ਜਾਂ ਹੋਰ ਨਸ਼ਿਆਂ) ਤੋਂ ਉਹ ਨਹੀਂ ਵਰਜਦੇ। ਯਾਦ ਰਹੇ ਦਸਵੇਂ ਪਾਤਸ਼ਾਹ ਤੋਂ ਪਹਿਲਾਂ ਸਿਖ ਸਮਾਜ ਦਾ ਕੋਈ ਨਿਸ਼ਚਿਤ ਬਾਹਰਲਾ ਸਰੂਪ ਨਹੀਂ ਸੀ, ਪਰ ਦਸਵੇਂ ਸਤਿਗੁਰਾਂ ਨੇ ਖਾਲਸੇ ਨੂੰ ਵਿਸ਼ੇਸ਼ ਸਰੂਪ ਅੰਮ੍ਰਿਤ ਛੱਕਾ ਕੇ ਪ੍ਰਦਾਨ ਕੀਤਾ। ਅੰਮ੍ਰਿਤ ਛਕਣ ਦਾ ਮਹੱਤਵ ਇਸ ਗੱਲ ਤੋਂ ਸਪਸ਼ਟ ਹੁੰਦਾ ਹੈ ਕਿ ਦਸਵੇਂ ਪਾਤਸ਼ਾਹ ਨੇ ਆਪ ਭੀ ਪੰਜਾਂ ਪਿਆਰਿਆਂ ਤੋ ਅੰਮ੍ਰਿਤਪਾਨ ਕੀਤਾ ਅਤੇ ਇਹ ਸਪਸ਼ਟ ਐਲਾਨ ਕੀਤਾ ਕਿ ਖਾਲਸਾ ਸਾਜੇ ਜਾਣ ਤੋਂ ਬਾਅਦ ਅੰਮ੍ਰਿਤਧਾਰੀ ਸਰੂਪ ਹੀ ਗੁਰੂ ਘਰ ਵਿੱਚ ਪ੍ਰਵਾਨ ਮੰਨਿਆ ਜਾਵੇਗਾ । ਸੰਤ ਸਮਾਜ ਵਲੋਂ ਸੁਝਾਈ ਗਈ ਇਹ ਤਬਦੀਲੀ ਪਿਛਾਂਹ ਖਿਊ ਕਦਮ ਸਾਬਤ ਹੋਵੇਗੀ। ਇਸ ਲਈ; ੧੯੯੯ ਤੱਕ ਸਮੂਚੇ ਪੰਥ ਨੂੰ ਅੰਮ੍ਰਿਤਧਾਰੀ ਬਨਾਉਣ ਦਾ ਟੀਚਾ ਪੂਰਾ ਕਿਵੇਂ ਹੋ ਸਕੇਗਾ? ਸੰਤ ਸਮਾਜ ਤਾਂ ਜੱਵਦੀ ਵਾਲੀ ਟਕਸਾਲ ਦੇ ਪੈਰ ਚਿੰਨ੍ਹਾਂ ਤੇ ਚੱਲਕੇ ਖਾਲਸਾ ਪੰਥ ਨੂੰ ਇਹ ਸਮਝਾਉਣ ਦਾ ਯਤਨ ਕਰ ਰਿਹਾ ਲਗਦੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲਾ ਸਿੱਖ ਸਰੂਪ ਹੋਰ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖਾਲਸੇ ਦਾ ਰੂਪ ਹੋਰ । ਦੂਜੇ ਸ਼ਬਦਾਂ ਵਿੱਚ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਗੁਰੂ ਨਾਨਕ ਗੁਰੂ ਗ੍ਰੰਥ ਸਾਹਿਬ ਹੋਰ ਹਨ ਤੇ ਦਸਮ ਪਾਤਸ਼ਾਹ ਹੋਰ। ਇਹਨਾਂ ਤੋ ਦਸਵੇਂ ਪਾਤਸ਼ਾਹ ਨੇ ਇੰਜ ਸਾਵਧਾਨ ਕੀਤਾ ਸੀ:-

**ਭਿੰਨ ਭਿੰਨ ਸਭਹੂ ਕਰ ਜਾਨਾ।।**<br>
**ਏਕ ਰੂਪ ਕਿਨਹੂ ਪਹਿਚਾਨਾ।।**

ਦੂਰ ਦ੍ਰਿਸ਼ਟੀ ਨਾਲ ਵਿਚਾਰਿਆ ਹੈ ਕਿ ਸੰਤ ਸਮਾਜ ਖਾਲਸੇ ਦੀ ਪਹਿਚਾਨ ਨੂੰ ਹੌਲੀ ਹੌਲੀ ਖਤਮ ਕਰਨਾ ਚਾਹੁੰਦਾ ਹੈ। ਵੈਸੇ ਭੀ ਪੱਛਮੀ ਸਭਿਅਤਾ ਦਾ ਮਾਰੂਪ੍ਰਭਾਵ ਕੁੱਝ ਮਾਡਰਨ ਸਿਖਿਆ ਰਾਹੀਂ ਅਤੇ ਕੁਝ ਟੀ. ਵੀ. ਰਾਹੀਂ ਨਵੀਂ ਜੈਨਰੇਸ਼ਨ ਉਤੇ ਬਹੁਤ ਬੁਰਾ ਅਸਰ ਪਾ ਰਿਹਾ ਹੈ। ਇਸ ਨਾਲ ਸਿੱਖ ਦੀ ਪਹਿਚਾਨ ਭਾਰੀ ਖਤਰੇ ਦਾ ਸਾਹਮਣਾ ਕਰ ਰਹੀਂ ਹੈ। ਅੰਮ੍ਰਿਤਧਾਰੀ ਪਰਿਵਾਰਾਂ ਦੇ ਲਾਡਲੇ ਬੇਟੇ ਸਿਰ ਮੂੰਹ ਮੁਨਾਈ ਫਿਰਦੇ ਹਨ (ਦੇਸ਼ ਵਿੱਚ ਅਤੇ ਕੀ ਪਰਦੇਸ਼ ਵਿੱਚ) । ਸੰਤਾਂ ਅਤੇ ਡੇਰੇਦਾਰਾਂ ਅੰਦਰ ਮੁੱਢ ਤੋਂ ਖਾਲਸਈ ਸਰੂਪ ਧਾਰਨ ਕਰਨ ਵਿੱਚ ਸੰਕੋਚ ਰਿਹਾ ਹੈ। ਇਉਂ ਕਿਹਾ ਜਾ ਸਕਦਾ ਹੈ ਕਿ ਸੰਤਾਂ ਨੇ ਜਾਂ ਉਹਨਾਂ ਦੇ ਸੇਵਕਾਂ ਨੇ ਇਸੇ ਲਈ ਪੰਥ ਦੀ ਮੁੱਖ- ਧਾਰਾ ਵਿੱਚ ਕੁਰਬਾਨੀ ਵਜੋਂ-ਘੱਟ ਹੀ ਹਿੱਸਾ ਪਾਇਆ। ਇਤਿਹਾਸ ਗਵਾਹ ਹੈ ਅਤੇ ਹੁਣ ਭੀ ਉਪਰੋਕਤ ਖਰੜੇ ਵਿੱਚ ਬੁਨਿਆਦੀ ਵਖਰੇਵੇਂ ਪਾ ਕੇ ਸੰਤ ਸਮਾਜ ਆਪਣੀ ਵੱਖਰੀ ਪਹਿਚਾਨ ਬਣਾਈ ਰਖਣਾ ਚਾਹੁੰਦਾ ਹੈ। ਇਸ ਹਿਸਾਬ ਨਾਲ ਜੇ ਕੋਈ ਵਿਅਕਤੀ ਅੰਮ੍ਰਿਤ ਨਾ ਛਕੇ ਤਾਂ ਭੀ ਉਹ ਇਹਨਾਂ ਦੀ ਸਿੱਖੀ ਸੇਵਕੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ. ਜਿਵੇਂ ਅੱਗੇ ਮਸੰਦਾਂ ਦੇ ਬਣਾਏ ਸਿੱਖਾਂ ਨੂੰ ਸਹਿਲੰਗ ਆਖਦੇ ਸਨ ਤੇ ਤੱਤ ਖਾਲਸੇ ਨੂੰ ਤੱਤ ਖਾਲਸਾ। ਸੋ ਸੰਤਾਂ ਦੇ ਬਣਾਏ ਸਿੱਖਾਂ ਨੂੰ ਸੰਤ ਸਮਾਜੀ ਸਿੱਖ ਆਖਿਆ ਜਾਇਆ ਕਰੇਗਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਛਤ੍ਰ-ਛਾਇਆ ਹੇਠ ਤਿਆਰ-ਬਰ-ਤਿਆਰ ਸਜੇ ਖਾਲਸਾ ਨੂੰ ਤੱਤ ਖਾਲਸਾ। ਡਰ ਇਹ ਹੈ ਕਿ ਅੱਗੇ ਬੰਦਈ ਖਾਲਸੇ ਦਾ ਜੋ ਹਸ਼ਰ ਹੋਇਆ ਸੀ ਕੀ ਉਹ ਹਸ਼ਰ ਹੁਣ ਸੰਤ-ਸਮਾਜੀ ਖਾਲਸੇ ਦਾ ਹੋਵੇਗਾ?



www.AKJ.Org

**੨. ਗੁਰੂ ਪੰਥ ਦੀ ਹਸਤੀ ਨੂੰ ਪ੍ਰਵਾਨ ਕਰਨ ਤੋਂ ਸੰਕੋਚ ਕਿਉਂ?** :- ੧੯੯੩ ਵਿੱਚ ਬਾਬਾ ਠਾਕੁਰ ਸਿੰਘ ਮੁਖੀ ਦਮਦਮੀ ਟਕਸਾਲ ਦੁਆਰਾ ਬਣਾਈ ੧੦੧ ਮੈਂਬਰੀ ਕਮੇਟੀ ਵਿੱਚ ਕੇਵਲ ਉਹੀ ਲੋਕ ਸ਼ਾਮਲ ਕੀਤੇ ਗਏ ਸਨ ਜਿਨ੍ਹਾਂ ਉਪਰ ਸੰਤ ਸਮਾਜ ਦੇ ਪ੍ਰਬੰਧਕਾ ਨੂੰ ਭਰੋਸਾ ਸੀ ਕਿ ਉਹ ਪੰਥਕ ਇੱਕਠ ਵਿੱਚ ਉਹਨਾਂ ਦੇ ਹੱਕ ਵਿਚ ਭੁਗਤਣਗੇ। ਕੀ ਕੇਵਲ ਜੀ - ਹਜ਼ੂਰੀਆਂ ਦੇ ਇੱਕਠ ਨੂੰ ਪੰਥਕ ਇੱਕਠ ਮੰਨਿਆ ਜਾ ਸਕਦਾ ਹੈ? ੨੯ ਮਈ, ੯੪ ਦੇ ਅਜੀਤ ਅਖਬਾਰ ਵਿੱਚ ਪੂਰੇ ਸਫੇ (ਨੰ:-੫) ਦੇ ਇਸ਼ਤਿਹਾਰ ਤੋਂ ਸਪੱਸ਼ਟ ਹੁੰਦਾ ਹੈ ਕਿ ਐਤਕੀ ਦੇ ਸਮਾਗਮ ਦੀ ਸਮੁੱਚੀ ਸੇਵਾ ਨਾਨਕਸਰ ਵਾਲਿਆਂ ਦੇ ਜ਼ਿੰਮੇ ਸੌਂਪੀ ਗਈ ਸੀ। ਰਾੜਾ ਸਾਹਿਬ ਦੀ ਸੰਪ੍ਰਦਾ ਨੇ ਭੀ ਸੇਵਾ ਵਿੱਚ ਹਿੱਸਾ ਪਾਇਆ। ਜਵੱਦੀ ਕਲਾਂ ਦੇ ਸੰਤ ਨਿਰੰਜਨ ਸਿੰਘ ਭੀ ਸ਼ਾਮਲ ਸਨ। ਇਸ ਲੰਬੇ ਚੌੜੇ ਇਸ਼ਤਿਹਾਰ ਵਿਚ ਪ੍ਰੋਫੈਸ਼ਨਲ ਕਥਾ ਕਾਰ, ਰਾਗੀ ਅਤੇ ਢਾਡੀ ਜੱਥੇ ਖਾਸ ਤੌਰ ਤੇ ਬੁਲਾਏ ਗਏ ਸਨ ਜਿਨ੍ਹਾਂ ਦੀ ਕੁਲ ਗਿਣਤੀ ੫੦ ਦੇ ਲਗ ਭਗ ਬਣਦੀ ਹੈ।

ਕੀ ਇਹ ਪੰਥਕ ਇੱਕਠ ਸੀ ਜਿਸ ਵਿਚ ਤਖਤ ਸਾਹਿਬਾਨ ਦੇ ਜਥੇਦਾਰਾਂ, ਸਿੰਘ ਸਭਾਵਾਂ ਦੇ ਪ੍ਰਤੀਨਿਧਾਂ, ਬੁਧੀਜੀਵੀਆਂ, ਐਸ.ਜੀ.ਪੀ.ਸੀ. ਅਤੇ ਚੀਫ ਖਾਲਸਾ ਦੀਵਾਨ ਆਦਿ ਨੂੰ ਸ਼ਾਮਲ ਨਹੀ ਕੀਤਾ ਗਿਆ? ਸੰਤ ਸਮਾਜ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਾਂ ਮੰਨਦਾ ਹੈ, ਕਿਉਂਕਿ ਇਸ ਤੋਂ ਬਿਨਾਂ ਉਹਨਾਂ ਦਾ ਕੰਮ ਨਹੀ ਸਰਦਾ, ਪਰ ਸ੍ਰੀ ਗੁਰੂ ਪੰਥ ਦੀ ਹਸਤੀ ਨੂੰ ਕੇਵਲ ਸੰਤ ਸਮਾਜ ਦੀ ਸੀਮਾ ਤਕ ਮੰਨਦਾ ਹੈ - ਬਾਕੀ ਦਾ ਸਿੱਖ ਸਮਾਜ ਉਹਨਾਂ ਦੇ ਕਿਸੇ ਲੇਖੇ ਵਿਚ ਨਹੀਂ। ਪੁੱਛਿਆ ਜਾ ਸਕਦਾ ਹੈ ਕੀ ਇਹ ਖਰੜਾ ਕੇਵਲ ਸੰਤ ਸਮਾਜ ਦੇ ਸਿੱਖਾਂ ਸੇਵਕਾਂ ਲਈ ਹੈ? ਇਸ ਦੀ ਤਿਆਰੀ ਵਿਚ ਸਮੁੱਚੇ ਪੰਥ ਵਿਚੋਂ ਕਿਹੜੀਆਂ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਗਿਆ ਸੀ?

**੩. ਕੀਰਤਨ**:- ਕੀਰਤਨ ਦੇ ਸਿਰਲੇਖ ਹੇਠਾਂ ਦੋ ਤਬਦੀਲੀਆਂ ਸੰਤ ਸਮਾਜ ਨੇ ਪੁਰਾਤਨ ਖਰੜੇ ਦੀ ਸੋਧ ਵਜੋਂ ਕੀਤੀਆਂ ਹਨ। ਹੁਣ ਸੰਗਤ ਵਿਚ ਗੁਰੂ ਨਾਨਕ ਨਾਮ ਲੇਵਾ ਮੋਨਾ ਸਿੱਖ ਭੀ ਕੀਰਤਨ ਕਰ ਸਕਦਾ ਹੈ। ਦੂਜਾ, ਕੋਈ ਕੱਚੀ ਧਾਰਨਾ ਭੀ ਲਗਾ ਕੇ ਕੀਰਤਨ ਕਰ ਸਕਦਾ ਹੈ, ਜਿਵੇ ਕਈ ਸੰਤਾਂ ਦੇ ਜੱਥੇ ਅੱਜ ਤੱਕ ਕਰਦੇ ਆਏ ਹਨ। ਪਰਵਾਨਤ ਰਹਿਤ ਮਰਯਾਦਾ ਵਿਚ ਬਾਹਰਲੀਆਂ ਧਾਰਨਾ ਲਗਾ ਕੇ ਕੀਰਤਨ ਕਰਨ ਤੋਂ ਪੰਥ ਨੂੰ ਵਰਜਿਆ ਗਿਆ ਸੀ, ਪਰ ਸੰਤ ਸਮਾਜ ਆਪਣੀ ਇਸ ਗਲਤ ਪਿਰਤ ਦੀ ਉਚਿਤਾ ਮੌਜੂਦਾ ਖਰੜੇ ਰਾਹੀ ਦੇਣਾ ਚਾਹੁੰਦਾ ਹੈ। ਸ੍ਰੀ ਦਰਬਾਰ ਸਾਹਿਬ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੋਈ ਗੈਰ ਸਿੱਖ ਜਾਂ ਬੇ ਅੰਮ੍ਰਿਤੀਆਂ ਨੂੰ ਕੀਰਤਨ ਕਰਨ ਦੀ ਆਗਿਆ ਨਹੀਂ ਪਰ ਸੰਤ ਸਮਾਜ ਬੇਅੰਮ੍ਰਿਤੀਆਂ ਨੂੰ ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਅਤੇ ਹੌਲੀ ਹੌਲੀ ਸ੍ਰੀ ਦਰਬਾਰ ਸਾਹਿਬ ਜਾਂ ਤਖ਼ਤ ਸਾਹਿਬਾਨਾਂ ਤੋਂ ਭੀ (ਭਾ: ਚੇਲਾ ਰਾਮ ਵਰਗਿਆਂ ਨੂੰ) ਕੀਰਤਨ ਕਰਨ ਦੀ ਖੁੱਲ੍ਹ ਦੇਣਾ ਚਾਹੁੰਦਾ ਹੈ। ਜਿਹੜੇ ਲੋਕ ਗੁਰ ਕੇ ਭਾਣੇ ਵਿੱਚ ਗੁਰੂ ਕੀ ਬਖਸ਼ੀ ਰਹਿਤ ਵਿੱਚ ਆਪਣੇ ਆਪ ਨੂੰ ਪਾਬੰਦ ਨਹੀਂ ਕਰਦੇ ਉਹ ਕਾਹਦੇ ਸਿੱਖ ਅਤੇ ਕਾਹਦੇ ਗੁਰੂ ਨਾਨਕ ਨਾਮ ਲੇਵਾ ਹੋਏ ਜੋ ਗੁਰੂ ਪੰਥ ਤੋਂ ਵੱਖ ਸਰੂਪ ਵਿਚ ਆਪਣੀ ਮਨ ਮਰਜ਼ੀ ਦੇ ਸਿੱਖ ਬਣੇ ਹੋਏ ਹਨ? ਪੰਥ ਨੂੰ ਉਹਨਾਂ ਦੀ ਵਫਾਦਾਰੀ ਤੇ ਸ਼ੰਕਾ ਬਣੀ ਹੋਈ ਹੈ ਅਤੇ ਬਣੀ ਰਹੇਗੀ।

**੪. ਸ੍ਰੀ ਅਖੰਡ ਪਾਠ ਸਾਹਿਬ**:– ਸ੍ਰੋ: ਗੁ: ਪ੍ਰ: ਕਮੇਟੀ ਵਾਲੇ ਰਹਿਤ ਨਾਮੇ ਵਿਚ ਸ੍ਰੀ ਅਖੰਡ ਪਾਠ ਦੇ ਸਿਰਲੇਖ ਹੇਠ ਮੱਦ(ਏ) ਵਿਚ ਸਪੱਸ਼ਟ ਆਦੇਸ਼ ਹਨ ਕਿ ਸ਼੍ਰੀ ਆਖੰਡ ਪਾਠ ਜਾਂ ਹੋਰ ਕਿਸੇ ਤਰਾਂ ਦੇ ਪਾਠ ਦੌਰਾਨ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਨਾਲ ਨਾਲ ਜਪੁ ਜੀ ਸਾਹਿਬ ਜਾਂ ਵਿਚ ਵਿਚ (ਜਿਵੇ ਸੰਪਟ ਪਾਠਾਂ ਸਮੇਂ ਹੁੰਦਾ ਹੈ) ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰਖਣਾ ਮਨਮੱਤ ਹੈ। ਪਰ ਸੰਤ ਸਮਾਜ ਦੇ ਖਰੜੇ ਦੇ ਇਸੇ ਸਿਰਲੇਖ ਹੇਠ(ੳ) ਦੇ ਨਵੇਂ ਪੈਰੇ ਪੰਨਾ ੧੨ ਉਤੇ ਸਾਧੂ ਸਮਾਜ ਦੀ ਪਰੰਪਰਾ ਦੇ ਹੱਕ ਵਿਚ ਅਤੇ ਉਪਰੋਕਤ ਆਦੇਸ਼ ਦੀ ਇੰਨ ਬਿੰਨ ਉਲੰਘਣਾ ਕਰਨ ਦਾ ਹੁਕਮ ਜਾਰੀ ਕੀਤਾ ਗਿਆ ਹੈ। ਇਹ ਇੱਕ ਬਹੁਤ ਵੱਡਾ ਬੁਨਿਆਦੀ ਫਰਕ ਹੈ। ਇਸ ਹੁਕਮ ਨਾਲ ਡੇਰੇ ਦਾਰ ਸੰਪਟ - ਪਾਠ ਅਤੇ ਹੋਰ ਕਈ ਪ੍ਰਕਾਰ ਦੇ ਆਖੰਡਪਾਠ ਆਪਣੇ ਆਪਣੇ ਡੇਰਿਆਂ ਦੀ ਮਰਯਾਦਾ ਅਨੁਸਾਰ ਕਰਣ ਕਰਾਣ ਲਈ ਸੰਤ ਸਮਾਜ ਵਲੋਂ ਜਾਰੀ ਕੀਤੇ ਰਹਿਤ ਮਰਯਾਦਾ ਦੇ ਵਿਧਾਨ ਦਾ ਸਹਾਰਾ ਲੈਂਦੇ ਰਹਿਣਗੇ। ਆਖਰ ਸੰਤ ਸਮਾਜ ਦੀ ਯੂਨੀਅਨ ਦਾ ਇਤਨਾ ਕੁ ਲਾਭ ਤਾਂ ਇਹਨਾਂ ਨੂੰ ਹੋਣਾ ਹੀ ਚਾਹੀਦਾ ਹੈ। ਇਥੇ ਪਾਠਕਾਂ ਨੂੰ ਚੇਤੇ ਕਰਾਇਆ ਜਾਂਦਾ ਹੈ ਕਿ ਜਦੋਂ ਗੁਰਦੁਆਰਾ ਸੁਧਾਰ ਲਹਿਰ ਅਕਤੂਬਰ ੧੯੨੦ ਵਿਚ ਆਰੰਭ ਹੋਈ ਸੀ ਤਾਂ ਉਸ ਸਮੇਂ ਭੀ ਪਵਿੱਤਰ ਇਤਿਹਾਸਕ ਗੁਰ - ਅਸਥਾਨਾਂ ਉਪਰ ਨਿਰਮਲੇ ਅਤੇ ਉਦਾਸੀ



www.AKJ.Org

ਸੰਪ੍ਰਦਾਵਾਂ ਨਾਲ ਜੁੜੇ ਹੋਏ ਪੁਜਾਰੀ ਵਰਗ ਅਤੇ ਮਹੰਤਾਂ ਨਾਲ ਇਹੋ ਜਿਹੀਆਂ ਗੱਲਾਂ ਕਾਰਣ ਸਿੱਖ ਸਮਾਜ ਨੂੰ ਟੱਕਰ ਲੈਣੀ ਪਈ ਸੀ। ਸਿੰਘ ਸਭਾ ਲਹਿਰ ਨੇ ਸਿਖ ਰਹਿਤ ਮਰਯਾਦਾ ਨੂੰ ਗੁਰਬਾਣੀ ਦੇ ਚਾਨਣ ਵਿਚ ਬ੍ਰਾਹਮਣੀ ਪ੍ਰਭਾਵ ਵਿਚੋਂ ਵਿਰੋਲ ਕੇ ਸੱਪਸ਼ਟ ਗੁਰਮਤੀ ਲੀਹਾਂ ਉਪਰ ਤੋਰਨ ਦਾ ਯਤਨ ਕੀਤਾ ਸੀ। ਇਉਂ ਇਸ ਲਹਿਰ ਦੇ ਅਸਰ ਹੇਠ ੧੯੨੦ ਤੋਂ ੧੯੪੦ ਦੇ ਦੋ ਦਹਾਕਿਆਂ ਦੇ ਸਮੇਂ ਵਿਚ ਇਤਿਹਾਸਕ ਮੀਲ ਪੱਥਰ ਕਾਇਮ ਕੀਤੇ ਗਏ। ਬ੍ਰਾਹਮਣੀ ਰੀਤਾਂ ਰਸਮਾਂ, ਕਰਮਾਕਾਂਡ ਦੀਆਂ ਬੰਦਸ਼ਾਂ, ਦੇਵੀ ਦੇਵਤਿਆਂ, (ਮਾਤਾ ਰਾਣੀ ਦੀ ਪੂਜਾ, ਲਕਸ਼ਮੀ ਦੀ ਪੂਜਾ) ਅਤੇ ਹੋਰ ਅਨੇਕ ਪ੍ਰਕਾਰ ਦੇ ਵਰਤ ਸਿਰਾਧ ਅਤੇ ਪੂਜਾ ਤੋਂ ਸਿਖ ਸਮਾਜ ਨੂੰ ਪ੍ਰੇਰ ਪ੍ਰੇਰ ਕੇ ਛੁਡਾਇਆ ਗਿਆ। ਜਾਤ ਪਾਤ, ਕਈ ਪ੍ਰਕਾਰ ਦੇ (ਬ੍ਰਾਹਮਣਾਂ ਦੁਆਰਾ) ਪਾਏ ਭਰਮ ਭੁਲੇਖਿਆਂ ਨੂੰ " ਗੁਰ ਪ੍ਰਸਾਦਿ ਭਰਮ ਕਾ ਨਾਸ" ਦੀ ਗੂੰਜ ਨਾਲ ਜੜ੍ਹੋਂ ਉਖੇੜ ਕੇ ਦੂਰ ਕੀਤਾ। ਨੀਵੀਆਂ ਜਾਤਾਂ ਦੇ ਲੋਕਾਂ ਨੂੰ ਭੀ ਖਾਲਸਾ ਪੰਥ ਵਿਚ ਸ਼ਾਮਲ ਕੀਤਾ ਜਿਸ ਨੂੰ ਉਸ ਸਮੇਂ ਦੇ ਪੁਜਾਰੀ ਵਰਗ ਸਹਿਨ ਨਹੀਂ ਸੀ ਕਰ ਸਕੇ ਅਤੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਤਖਤ ਸਾਹਿਬ ਨੂੰ ਸੁੰਨਾ ਛੱਡ ਕੇ ਚਲੇ ਗਏ ਸਨ। ਫਿਰ ਪੰਥ ਨੇ ਹੀ ਇਹਨਾਂ ਅਸਥਾਨਾਂ ਦੀ ਸੇਵਾ ਸੰਭਾਲ ਕੀਤੀ। ਉਦੋਂ ਸੰਤ ਸਮਾਜ ਕਿਥੇ ਸੀ ?

ਅੱਜ ਦੇ ਸੰਤ ਸਮਾਜ ਦੇ ਕਲਚਰ ਵਿਚ ਭੀ ਪੁਰਾਤਨ ਬ੍ਰਾਹਮਣੀ ਪ੍ਰਭਾਵ ਦੇ ਸੰਕੇਤ ਵੇਖੇ ਜਾ ਸਕਦੇ ਹਨ। ਜਿਵੇਂ ਸੰਪਟ ਪਾਠਾਂ ਵਿਚ ਨਿਰੰਤਰ ਚਲ ਰਹੇ ਸ੍ਰੀ ਆਖੰਡ ਪਾਠ ਦੇ ਉਸ ਪੜਾਅ ਉਤੇ ਜਿਥੇ ਮੰਗਲਾ ਚਰਨ ਆ ਗਏ, ਖਾਸ ਪੂਰਬ - ਮਿਥੇ ਹੋਏ ਸ਼ਬਦ ਜਾਂ ਪੰਗਤੀਆਂ ਦਾ ਵੇਦ ਮੰਤਰਾਂ ਵਾਂਗ ਪਾਠ ਕੀਤਾ ਜਾਂਦਾ ਹੈ। ਗੁਰਬਾਣੀ ਨੂੰ ਮੰਤਰ ਰੂਪ ਸਮਝ ਕੇ ਸੰਸਾਰਕ ਕਾਰਜਾਂ ਦੀ ਸਿਧੀ ਲਈ ਵਰਤਣਾ ਸਾਨੂੰ ਨਿਰਮਲਿਆਂ ਅਤੇ ਉਦਾਸੀਆਂ ਨੇ ਸਿਖਾਇਆ। ਸੰਤ ਸਮਾਜ ਇਸ ਜਿਲ੍ਹਣ ਵਿਚੋਂ ਬਾਹਰ ਨਹੀਂ ਨਿਕਲ ਸਕਿਆ ਕਿਉਂਕਿ ਇਸ ਨਾਲ ਉਹਨਾਂ ਦਾ ਪ੍ਰਸ਼ਾਦ ਪਾਣੀ ਜੁੜਿਆ ਹੋਇਆ ਹੈ। ਸਾਨੂੰ ਤਾਂ ਇਹ ਡਰ ਹੈ ਕਿ ਦਮਦਮੀ ਟਕਸਾਲ, ਜੋ ਕਦੀ ਪੰਥ ਦੇ ਸਿਰਮੌਰ ਮਾਡਰਨ ਵਿਚਾਰਧਾਰਾ ਵਾਲੇ ਜੱਥਿਆਂ ਵਿਚੋਂ ਇਕ ਸੀ, ਭੀ ਸੰਤ ਸਮਾਜ ਦੀ ਅਗਵਾਈ ਕਰਨ ਨਾਲ ਨਿਰਮਲਾ ਕਲਚਰ ਦਾ ਧੱਬਾ ਆਪਣੇ ਪਹਿਰਾਵੇ ਤੇ ਲਗਵਾ ਬੈਠੇਗੀ।

ਨਵੇਂ ਖਰੜੇ ਵਿਚ ਰਾਗਮਾਲਾ ਲਾਜ਼ਮੀ ਪੜ੍ਹਨ ਬਾਰੇ ਸੰਤ ਸਮਾਜ ਵਲੋਂ ਜੋ ਮਸਲਾ ਖੜਾ ਕੀਤਾ ਗਿਆ ਹੈ ਇਹ ਵਿਵਾਦ ਕਿਤੇ ਜਹਾਦ ਦਾ ਰੂਪ ਧਾਰਨ ਨਾ ਕਰ ਜਾਏ। ਸਿੰਘ ਸਭਾ ਲਹਿਰ ਦੇ ਵਿਦਵਾਨਾਂ ਨੇ ਇਸੇ ਸ਼ਤਾਬਦੀ ਦੇ ੧੯੧੦ ਤੋਂ ੧੯੨੦ ਦੇ ਦਹਾਕੇ ਵਿਚ ਪੰਜਾਬੀ ਦੀਆਂ ਅਖਬਾਰਾਂ ਰਾਹੀ ਲੰਬੀ ਚੌੜੀ ਬਹਿਸ ਕਰਕੇ ਵੇਖ ਲਿਆ ਸੀ ਕਿ ਰਾਗਮਾਲਾ ਬਾਣੀ ਨਹੀਂ ਹੈ। ਕਵੀ ਸੰਤੋਖ ਸਿੰਘ ਜੀ ਨੇ ਭੀ ਇਸਨੂੰ ਗੁਰਬਾਣੀ ਨਹੀਂ ਮੰਨਿਆਂ (ਆਪ ਦੀ ਕ੍ਰਿਤ ੧੮੪੩ ਈ: ਵਿਚ ਪ੍ਰਕਾਸ਼ਿਤ ਹੋਈ ਸੀ) ਸ੍ਰੋ: ਗੁ: ਪ੍ਰ: ਕਮੇਟੀ ਨੇ ਰਹਿਤ ਮਰਯਾਦਾ ਦੇ ਪੰਨਾ ੧੫ ਉਤੇ ਸੱਪਸ਼ਟ ਲਿਖ ਦਿਤਾ ਹੈ ਕਿ ਰਾਗਮਾਲਾ ਬਾਰੇ ਪੰਥ ਵਿਚ ਅਜੇ ਮਤਭੇਦ ਹੈ ਇਸ ਲਈ ਸਥਾਨਕ ਚਲਦੀ ਮਰਯਾਦਾ ਅਨੁਸਾਰ ਭੋਗ ਪਾਇਆ ਜਾਵੇ। ਭਾਵ ਕੋਈ ਪੜ੍ਹੇ ਜਾਂ ਨ ਪੜ੍ਹੇ, ਭੋਗ ਮੁੰਦਾਵਣੀ ਉਤੇ ਪੈ ਜਾਂਦਾ ਸਮਝਿਆ ਜਾਵੇ। ਸੰਤ ਸਮਾਜ ਮੁੜ ਕੇ ਇਸ ਮਸਲੇ ਉਤੇ ਜਹਾਦ ਖੜ੍ਹਾ ਕਰਨਾ ਚਾਹੁੰਦਾ ਹੈ। ਪੰਥ ਵਿਚ ਅੱਗੇ ਹੀ ਫੁੱਟ ਪਈ ਹੋਈ ਹੈ। ਐਸੇ ਸਮੇਂ ਸੰਤ ਸਮਾਜ ਦਾ ਇਹ ਕਦਮ ਬਲਦੀ ਤੇ ਤੇਲ ਪਾਉਣ ਸਮਾਨ ਹੈ। ਪੰਥ ਨੂੰ ਇਹਨਾਂ ਫੁੱਟ ਪਾਊ ਚਾਲਾਂ ਤੋਂ ਸੁਚਿਤ ਰਹਿਣ ਦੀ ਲੋੜ ਹੈ।

**੫. ਜਨਮ ਸੰਸਕਾਰ:-** ਸੰਤ ਸਮਾਜ ਵਲੋਂ ਜਾਰੀ ਕੀਤੇ ਖਰੜੇ ਦੀ ਉਪਰੋਕਤ ਸੁਰਖੀ ਹੇਠ ਮਦ (ੳ) ਵਿਚ ਦਰਜ ਹੈ ਕਿ ਇਕ ਗੁਰ - ਸਿੱਖ ਨਵ ਜਨਮੇ ਬੱਚੇ ਨੂੰ ਗੁੜ੍ਹਤੀ ਦੇਵੇ ਅਤੇ ਗੁੜ੍ਹਤੀ ਦੇਣ ਦੀ ਵਿਧੀ ਸੁਝਾਈ ਗਈ ਹੈ ਸਰਬ ਲੋਹ ਦੇ ਬਾਟੇ ਵਿਚ ਇਕ ਛਟਾਂਕ ਜਾਂ ਫਿਰ ਦੋ ਕੁ ਪਤਾਸੇ ਪਾ ਕੇ ਜਪੁਜੀ ਸਾਹਿਬ ਦਾ ਪਾਠ ਕਰੇ ਅਤੇ ਆਪਣੀ ਕਿਰਪਾਨ ਭੀ ਉਸ ਜਲ ਵਿਚ ਫੇਰੇ। ਫਿਰ ਕਿਰਪਾਨ ਦੀ ਨੋਕ ਰਾਹੀ ਪੰਜ ਬੂੰਦਾਂ ਉਸ ਬੱਚੇ ਦੇ ਮੂੰਹ ਵਿਚ ਪਾਵੇ। ਬਾਕੀ ਬਚਿਆ ਅੰਮ੍ਰਿਤ ਬੱਚੇ ਦੀ ਮਾਂ ਨੂੰ ਛਕਾਇਆ ਜਾਵੇ। ਇਸ ਆਦੇਸ਼ ਤੋ ਦੋ ਗੱਲਾਂ ਦਾ ਖਤਰਾ ਹੈ:-

੧. ਇਸ ਮਦ ਵਿਚ ਲੜਕੀ ਪੈਦਾ ਹੋਣ ਉਤੇ ਉਸ ਬੱਚੀ ਨੂੰ ਇਹੋ ਜਿਹਾ ਅੰਮ੍ਰਿਤ ਛਕਾਉਣ ਬਾਰੇ ਕਿਉਂ ਚੁੱਪ ਧਾਰੀ ਗਈ ਹੈ ? ਇਹ ਵਿਤਕਰਾ ਕਿਉਂ ? ਕੀ ਉਹ ਨਹੀਂ ਚਾਹੁੰਦੇ ਕਿ ਲੜਕੀਆਂ ਭੀ ਸੂਰਬੀਰ ਖਾਲਸਾ ਬਣਨ ?

੨. ਇਸ ਪਰੰਪਰਾ ਨੇ ਸੰਤ ਸਮਾਜ ਨੂੰ ਅੱਗੇ ਹੀ ਕਾਫੀ ਨਿਹਾਲੋ ਨਿਹਾਲ ਕੀਤਾ ਹੋਇਆ ਹੈ। ਲੋਕੀਂ



www.AKJ.Org

ਮਹਾਂਪੁਰਸ਼ਾਂ ਤੋਂ ਕਿਰਪਾਨ - ਫੇਰ - ਅੰਮ੍ਰਿਤ ਤਿਆਰ ਕਰਵਾਉਣ ਲਈ ਪਹਿਲਾਂ ਤੋਂ ਬੁਕਿੰਗ ਕਰਾਉਂਦੇ ਫਿਰਦੇ ਹਨ । ਡਰ ਹੈ, ਇਹ ਕਿਰਪਾਨ ਵਾਲਾ ਅੰਮ੍ਰਿਤ (ਫਲਾਣੇ ਮਹਾਪੁਰਸ਼ਾਂ ਦਾ ਹੱਥੀਂ ਤਿਆਰ ਕੀਤਾ ਹੋਇਆ) ਬਜ਼ਾਰਾਂ ਵਿੱਚ ਜਾਂ ਡੇਰਿਆਂ ਵਿੱਚ ਵਿਕਿਆ ਕਰੇਗਾ। ਇਹ ਨਵੀਂ ਪਿਰਤ ਨਾ ਪਾਈ ਜਾਵੇ ਤਾਂ ਚੰਗਾ ਹੋਵੇਗਾ। ਅਸੀਂ ਵੇਖ ਰਹੇ ਹਾਂ ਕਿੰਨੇ ਕੁ ਸੂਰਬੀਰ ਦਾਨੀ ਯੋਧਾ ਸੰਤਸਮਾਜ ਨੇ ਬਣਾਏ ਹਨ।

**੬. ਅੰਮ੍ਰਿਤ ਸੰਸਕਾਰ:-** ਸ੍ਰੋ: ਗੁ: ਪ੍ਰ: ਕਮੇਟੀ ਵਲੋਂ ਪੰਥ ਪਰਵਾਨਿਤ ਮਰਯਾਦਾ ਨਾਲ ਅੰਮ੍ਰਿਤ ਸੰਸਕਾਰ ਦੇ ਵਿਧੀ ਵਿਧਾਨ ਵਿੱਚ ਭੀ ਸੰਤ ਸਮਾਜ ਦੇ ਖਰੜੇ ਵਿੱਚ ਬੁਨਿਆਦੀ ਫਰਕ ਮਿਲਦੇ ਹਨ।

(ੳ) ਪੰਥ ਪਰਵਾਨਿਤ ਮਰਯਾਦਾ ਵਿੱਚ ਸਿੰਘ ਅਤੇ ਸਿੰਘਣੀ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਪੰਨਾ ੨੪ ਉਤੇ ਅੰਮ੍ਰਿਤ ਸੰਚਾਰ ਸਮਾਗਮ ਵਿੱਚ ਅੰਮ੍ਰਿਤਧਾਰੀ ਸਿੰਘਣੀ ਨੂੰ ਭੀ ਸ਼ਾਮਲ ਕੀਤੇ ਜਾਣ ਦਾ ਵਿਧਾਨ ਹੈ ਪਰ ਐਸੇ ਵਿਧਾਨ ਦਾ ਜ਼ਿਕਰ ਸੰਤ ਸਮਾਜ ਦੇ ਖਰੜੇ ਵਿੱਚ ਕਿਤੇ ਨਹੀਂ ਹੈ। ਇਸ ਦਾ ਕਾਰਨ ਇਹ ਹੈ ਕਿ ਬ੍ਰਾਹਮਣੀ ਪ੍ਰਭਾਵ ਹੇਠ ਉਹ ਅਜੇ ਭੀ ਇਸਤਰੀ-ਰੂਪ- ਖਾਲਸਾ ਨੂੰ ਅੰਮ੍ਰਿਤ ਸੰਚਾਰ ਦੀ ਮਰਯਾਦਾ ਲਈ ਅਪਵਿੱਤਰ ਸਮਝਦੇ ਹਨ। ਇਹ ਇੱਕ ਵਿਤਕਰਾ ਹੈ। ਜਿਸ ਪ੍ਰਾਣੀ ਨੇ ਅੰਮ੍ਰਿਤ ਛੱਕ ਲਿਆ, ਰਹਿਤ ਬਹਿਤ ਵਿੱਚ ਪਰਪੱਕ ਹੋ ਗਿਆ, ਉਹ ਅੰਮ੍ਰਿਤ ਸੰਚਾਰ ਸਮਾਗਮਾਂ ਦੇ ਯੋਗ ਹੋ ਸਕਦਾ, ਬਸ਼ਰਤੇ ਕਿ ਉਹ ਪੰਜਾਂ ਪਿਆਰਿਆਂ ਦੀ ਆਪਸੀ ਸੋਧ ਸੁਧਾਈ ਵਿਚੋਂ ਪਾਸ ਹੋ ਜਾਏ।

(ਅ) ਦੂਜਾ ਫਰਕ ਹੈ, ਅੰਮ੍ਰਿਤ ਤਿਆਰ ਕਰਨ ਵਾਲੀਆਂ ਬਾਣੀਆਂ ਵਿੱਚ ਤਬਦੀਲੀ ਕੀਤੀ ਗਈ ਹੈ। ਪ੍ਰਚਲਤ ਮਰਯਾਦਾ ਅਨੁਸਾਰ ਬੇਨਤੀ ਚੌਪਈ ਦਾ ਪਾਠ (ਪੰਜਾਂ ਬਾਣੀਆਂ ਵਿੱਚ) 'ਦੁਸ਼ਟ ਦੋਖ ਤੇ ਲੇਹੁ ਬਚਾਈ' ਤੱਕ ਕੀਤਾ ਜਾਂਦਾ ਸੀ ਪਰ ਸੰਤ ਸਮਾਜ ਨੇ ਹੁਣ ਬੇਨਤੀ ਚੌਪਈ ਤੋਂ ਮਗਰੋਂ " ਕਿਰਪਾ ਕਰੀ ਹਮ ਪਰ ਜਗ ਮਾਤਾ ਤੋਂ ਤੀਰ ਸਤਦ੍ਰਵ ਗ੍ਰੰਥ ਸੁਧਾਰਾ " ਤੱਕ ਵਧਾ ਦਿੱਤਾ ਹੈ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਉਪਰੋਕਤ ਵਾਧਾ ਚਰਿਤਰ ਪਾਖਿਆਨ ਦੇ ੪੦੫ ਵੇਂ ਚਰਿਤ੍ਰ ਦੇ ੪੦੨ ਤੋਂ ੪੦੫ ਬੰਦ ਤੱਕ ਹੈ। ਸੰਤ ਸਮਾਜ ਨੂੰ ਇਸ ਤਰ੍ਹਾਂ ਵਧਾਣ ਜਾਂ ਕਦੀ ਘੱਟ ਕਰਨ ਦਾ ਅਧਿਕਾਰ ਕਿਸ ਨੇ ਦੇ ਦਿੱਤਾ ਹੈ ?

**੭. ਸੋਦਰ ਰਹਿਰਾਸ ਸਾਹਿਬ:-** ਇੱਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਉਨ੍ਹੀਂਵੀ ਸਦੀ ਦੀਆਂ ਪੰਜ ਗ੍ਰੰਥੀਆਂ ਅਤੇ ਗੁਟਕਿਆਂ ਵਿੱਚ ਨਿਰਮਲਿਆਂ ਦੇ ਪ੍ਰਚਾਰ ਸਦਕਾ ਦਸਮ ਪਾਤਸ਼ਾਹ ਦੀਆਂ ਹੇਠ ਲਿਖੀਆਂ ਰਚਨਾਵਾਂ ਵਿਚੋਂ ਕੁਝ ਚੋਣਵੀਆਂ ਸਤਰਾਂ, ਦੋਹਰੇ ਜਾ ਸਵੱਯੇ ਰਹਿਰਾਸ ਸਾਹਿਬ ਦੇ ਪਾਠ ਭਈ ਪ੍ਰਾਪਤ ਮਾਨੁਖ ਦੇਹੁਰੀਆ ਤੋਂ ਮਗਰੋਂ ਆਪਣੀ ਮਨ-ਮਰਜ਼ੀ ਨਾਲ ਵਧਾ ਦਿੱਤੇ ਗਏ ਸਨ। ਕਿਉਂ ਵਧਾਏ ਜਾਂ ਕਿਸ ਨੇ ਵਧਾਏ। ਇਹ ਤਾਂ ਖੋਜ ਦਾ ਵਿਸ਼ਾ ਹੈ, ਪਰ ਸਿੰਘ ਸਭਾ ਦੇ ਵਿਦਵਾਨਾਂ ਨੇ ਜਦੋਂ ਰਹਿਤ ਮਰਯਾਦਾ ਤਿਆਰ ਕੀਤੀ ਤਾਂ ਕੇਵਲ ਬੇਨਤੀ ਚੌਪਈ ਅਤੇ ਉਸ ਤੋਂ ਮਗਰੋਂ ਦਾ ਸਵੱਯਾ ਅਤੇ ਦੋਹਰਾ ਰੱਖ ਲਿਆ। ਬਾਕੀ ਦੇ ਨੂੰ ਰਹਿਰਾਸ ਸਾਹਿਬ ਨਾਲੋਂ ਇਸ ਲਈ ਕੱਟ ਦਿੱਤਾ ਗਿਆ ਕਿਉਂਕਿ ਇਹਨਾਂ ਦਾ ਸਿੱਖ ਪ੍ਰੰਪਰਾ ਅਤੇ ਸਿਧਾਤਾਂ ਨਾਲ ਕੋਈ ਸੰਬੰਧ ਨਹੀਂ। ਰਾਮਾਵਤਾਰ, ਕ੍ਰਿਸ਼ਨਾਵਤਾਰ, ਬ੍ਰਹਮਾਵਤਾਰ, ਚੰਡੀਚਰਿਤਰ, ਵਿਚੋਂ ਮਨ ਮਰਜ਼ੀ ਨਾਲ ਚੁਣੀਆਂ ਕੁਝ ਸਤਰਾਂ ਨੂੰ ਰਹਿਰਾਸ ਸਾਹਿਬ ਦਾ ਅੰਗ ਨਹੀਂ ਬਣਾਇਆ ਗਿਆ? " ਪੁਨ ਰਾਛਸ ਕਾ ਕਾਟਾ ਸੀਸਾ", ਚਰਿਤਰ ਪਾਖਿਆਨ ਨੰ-੪੦੫ ਦੇ ੩੭੫-੩੭੬ ਦੇ ਬੰਦ ਬੇਨਤੀ ਚੌਪਈ ਤੋਂ ਪਹਿਲਾਂ ਕਿਉਂ ਜੋੜੇ ਗਏ ? ਇਹਨਾਂ ਦਾ ਸ੍ਰੀ ਰਹਿਰਾਸ ਸਾਹਿਬ ਨਾਲ ਕੀ ਸੰਬੰਧ ਹੈ ? ਸ੍ਰੀ ਦਰਬਾਰ ਸਾਹਿਬ ਅਤੇ ਪੰਜਾਬ ਦੇ ਹੋਰ ਤਖਤਾਂ ਅਤੇ ਇਤਿਹਾਸਕ ਗੁਰਦੁਆਰਿਆਂ ਵਿੱਚ ਸੋਧੇ ਸਰੂਪ ਨੂੰ ਵਿਗਾੜ ਕੇ ਰਹਿਰਾਸ ਦਾ ਪੁਰਾਣਾ ਸਰੂਪ ੧੯੮੮ ਵਿੱਚ ਖਾੜਕੂਆਂ ਨੇ ਧੱਕੇ ਨਾਲ ਲਾਗੂ ਕਰਾਇਆ। ' ਕ੍ਰਿਪਾ ਕਰੀ ਹਮ ਪਰ ਜਗਮਾਤਾ ਤੋ ਤੀਰ ਸਤੁਦ੍ਰਵ ਗ੍ਰੰਥ ਸੁਧਾਰਾ' ਤੱਕ (੪੦੨ ਤੋਂ ੪੦੫ ਵੇਂ ਬੰਦ ਤੱਕ) ਅਤੇ ਹੋਰ ਕਈ ਦੋਹਰੇ ਅੜਿਲ ਆਦਿ ਜੋ ਰਾਮ ਅਵਤਾਰ, ਚੰਡੀ ਚਰਿਤਰ, ਬਿਸ਼ਨਾਵਤਾਰ, ਬ੍ਰਹਮਾਵਤਾਰ ਵਿਚੋਂ ਲੈ ਕੇ ਰਹਿਰਾਸ ਸਾਹਿਬ ਵਧਾਇਆ ਗਿਆ ਜਿਸ ਦੀ ਕਾਂਟ ਛਾਂਟ ਕਰਕੇ ਸਿੰਘ ਸਭਾ ਦੇ ਵਿਦਵਾਨਾਂ ਨੇ ੧੯੩੦-੩੬ ਦੌਰਾਨ ਬਣੇ ਸ੍ਰੋ: ਗੁ: ਪ੍ਰ: ਕਮੇਟੀ ਦੇ ਰਹਿਤਨਾਮੇ ਵਿਚੋਂ ਕੱਢ ਦਿੱਤੇ ਸਨ। ਪਰ ਸੰਤ ਸਮਾਜ ਨੇ ਪੰਥ ਨੂੰ ਮੁੜ ਕੇ ੧੯ ਵੀਂ ਸਦੀ ਵੱਲ ਧਕੇਲਣਾ ਆਰੰਭ ਕੀਤਾ ਹੈ। ਯਾਦ ਕਰਾਇਆ ਜਾਂਦਾ ਹੈ ਕਿ ਚਰਿਤ੍ਰ ਪਾਖਿਆਨ ਐਸੀ ਰਚਨਾ ਹੈ ਜਿਸ ਬਾਰੇ ਸਿੱਖ ਵਿਦਵਾਨਾਂ ਨੂੰ ਇਹ ਪੂਰਨ ਸੰਦੇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਕਾਮਵਾਸਨਾ ਭਰਪੂਰ ਰਚਨਾ ਨੂੰ ਆਪਣੀ ਕਲਮ ਨਾਲ ਨਹੀਂ ਲਿਖਿਆ। ਇਸ ਵਿਚੋਂ ਅੰਮ੍ਰਿਤ ਤਿਆਰ ਕਰਨ ਲਈ ਇੱਕ ਲਾਈਨ ਦਾ ਪਾਠ ਕਰਨਾ ਭੀ ਸ਼ੰਕੇ ਪੈਦਾ ਕਰੇਗਾ। ਫਿਰ ਅਵਤਾਰ ਕਥਾ ਵਿੱਚ ਤਾਂ ਰਾਮ ਦੇ ਸਵਰਗਾਂ ਵਿਚ ਆਪਣੀ ਨਗਰੀ ਸਮੇਤ ਜਾਣ ਦਾ ਦੋਹਰਾ ਭੀ ਰਹਿਰਾਸ ਵਿੱਚ ਸ਼ਾਮਲ ਹੈ। ਭਲਾ ਰਹਿਰਾਸ



www.AKJ.Org

ਦਾ ਜਾਂ ਗੁਰਬਾਣੀ ਦਾ ਰਾਮ ਦੇ ਸਵਰਗ ਜਾਣ ਨਾਲ ਕੀ ਸੰਬੰਧ ਹੈ? ' ਜੋ ਇਹ ਕਥਾ ਸੁਣੇ ਅਰੁ ਗਾਵੈ। ਦੁਖ ਦਰਦ ਤਿਹ ਨਿਕਟ ਨਾ ਆਵੈ।' ਕੀ ਸੰਤ ਸਮਾਜ ਸਿੱਖਾਂ ਨੂੰ ਰਾਮ ਕਥਾ ਸੁਣਨ ਅਤੇ ਗਾਵਨ ਲਈ ਆਦੇਸ਼ ਦੇ ਰਿਹਾ ਹੈ? ਆਖਰ ਇਹਨਾਂ ਦੋਹਰੇ ਅਤੇ ਅੜਿਲਾਂ ਆਦਿ ਨੂੰ ਕਿਸੇ ਗੁਰਮਤਿ ਸਿਧਾਂਤ ਨੂੰ ਮੁੱਖ ਰਖਕੇ ੧੯੩੬ ਵਿੱਚ ਪੰਥ ਨੇ ਇਕ ਰਾਏ ਨਾਲ ਰਹਿਰਾਸ ਸਾਹਿਬ ਨਾਲ ਸ਼ਾਮਲ ਕੀਤੀਆਂ ਵਧੀਕ ਬਾਣੀਆਂ ਨੂੰ ਕੱਢ ਦਿੱਤਾ ਸੀ, ਅੱਜ ਸੱਠ ਸਾਲਾਂ ਬਾਅਦ ਸੰਤ ਸਮਾਜ ਵਾਲੇ ਪੰਥ ਨੂੰ ਮੁੜ ਕੇ ਨਿਰਮਲਿਆਂ ਦੁਆਰਾ ਪ੍ਰਚਲਤ ਕੀਤੀ ਗਈ ਰਹਿਰਾਸ ਸਾਹਿਬ ਨਾਲ ਜੋੜਨਾ ਚਾਹੁੰਦੇ ਹਨ? ਕਿਉਂ?

ਕਹਿੰਦੇ ਹਨ ਇੱਕ ਵਾਰੀ . ਗੁਰਪੁਰਵਾਸੀ ਗਿਆਨੀ ਗੁਰਬਚਨ ਸਿੰਘ ਜੀ ਮੁਖੀ, ਭਿੰਡਰਾਵਾਲਾ ਜਥਾ, ਨੂੰ ਕਿਸੇ ਨੇ ਸਵਾਲ ਕੀਤਾ ਕਿ ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਤਿਆਰ ਕਰਵਾਈ ਅਤੇ ਪੰਥ ਪਰਵਾਨਤ ਮਰਯਾਦਾ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਚੱਲ ਰਹੀ ਹੈ, ਉਸ ਬਾਰੇ ਤੁਹਾਡਾ ਕੀ ਵਿਚਾਰ ਹੈ? ਤਾਂ ਆਪ ਨੇ ਉੱਤਰ ਦਿੱਤਾ ਕਿ ਉਹ ਹੀ ਮਰਯਾਦਾ ਪੰਥ ਦੀ ਅਸਲ ਮਰਯਾਦਾ ਹੈ, ਫਿਰ ਪ੍ਰਸ਼ਨ ਪੁਛਿਆ ਗਿਆ ਕਿ ਜੇਕਰ ਉਹ ਅਸਲ ਮਰਯਾਦਾ ਹੈ ਤਾਂ ਭਿੰਡਰਾਂਵਾਲਾ ਜੱਥਾ ਇਸ ਉਤੇ ਅਮਲ ਕਿਉਂ ਨਹੀਂ ਕਰਦਾ? ਉਹਨਾਂ ਉੱਤਰ ਦਿੱਤਾ ਕਿ " ਇਸ ਜੱਥੇ ਦੇ ਪੂਰਵਾਧਕਾਰੀ ਗਿਆਨੀ ਸੁੰਦਰ ਸਿੰਘ ਜੀ ਨੇ ਜੱਥੇ ਦੀ ਜੋ ਮਰਯਾਦਾ ਬੰਨ੍ਹ ਦਿਤੀ, ਉਹੀ ਚਲਦੀ ਆ ਰਹੀ ਹੈ।" ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੰਥ ਵਿੱਚ ਵਿਚਰ ਰਹੇ ਅਨੇਕਾਂ ਡੇਰੇ ਅਤੇ ਜੱਥੇ ਆਪੋ ਆਪਨੀਆਂ ਮਰਯਾਦਾ ਬਣਾਈ ਰਖਣਾ ਚਾਹੁੰਦੇ ਹਨ। ਇਸ ਗੱਲ ਦੀ ਭੀ ਕੀ ਗਾਰੰਟੀ ਹੈ ਕਿ ਸੰਤ ਸਮਾਜ ਵਿੱਚ ਇਕੱਠੇ ਹੋਏ ਭਾਂਤ ਭਾਂਤ ਦੇ ਸੰਤ ਆਪਨੇ ਡੇਰੇ ਦੀ ਪੁਰਾਣੀ ਮਰਯਾਦਾ ਛੱਡ ਕੇ ਨਵੀਂ ਮਰਯਾਦਾ ਲਾਗੂ ਕਰਨਗੇ?

**੮. ਮੂਲਮੰਤਰ:**- ਸੰਤ ਸਮਾਜ ਦੇ ਖਰੜੇ ਵਿੱਚ ਮੂਲਮੰਤਰ ਵਿੱਚ ਸ੍ਰੀ ਜਪੁਜੀ ਸਾਹਿਬ ਦੇ ਪਹਿਲੇ ਸਲੋਕ ਨੂੰ ਮਿਲਾ ਕੇ ਵਾਧਾ ਕੀਤਾ ਗਿਆ ਹੈ। ਇਸ ਦਾ ਕੀ ਕਾਰਨ ਹੈ? ਇਹਨਾਂ ਪਾਸ ਕੋਈ ਜਵਾਬ ਨਹੀਂ। ਸਿੱਖ ਵਿਦਵਾਨਾਂ ਨੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ ਅਤੇ ਇਸ ਨਤੀਜੇ ਤੇ ਪੁੱਜੇ ਕਿ ਬਾਣੀ ਵਿੱਚ ਕੋਈ ਮੰਤਰ ਨਹੀਂ ਹੁੰਦਾ। ਨਿਰਮਲੇ ਸੰਤ ਗੁਲਾਬ ਸਿੰਘ ਨੇ ਪਹਿਲੀ ਵਾਰ ਗੁਰਬਾਣੀ ਵਿੱਚ ਵਰਤੇ ਗਏ ਮੰਗਲਾਚਰਣ ੧ਓ- ਤੋਂ ਗੁਰਪ੍ਰਸਾਦਿ ਤੱਕ ਨੂੰ ਮੂਲ ਮੰਤਰ ਦਾ ਨਾਮ ਦਿੱਤਾ ਸੀ। ਅਤੇ ਬਾਅਦ ਵਿੱਚ ਕਿਸੇ ਹੋਰ ਸੰਤ ਨੇ ਨਾਨਕ ਮੋਹਰ ਛਾਪ ਨੂੰ ਮੂਲ ਮੰਤਰ ਨਾਲ ਸ਼ਾਮਲ ਕਰਕੇ ਮੂਲ ਮੰਤਰ ਵਿੱਚ ਵਾਧਾ ਕਰ ਦਿੱਤਾ ਜਿਸ ਨਾਲ ਜਪੁ ਜੋ ਬਾਣੀ ਦਾ ਸਿਰਲੇਖ ਹੈ ਅਤੇ ਜਿਸ ਦੇ ਸੱਜੇ ਅਤੇ ਖੱਬੇ ਹੱਥ ਬਿਸਰਾਮ ਚਿੰਨ੍ਹ ਦਿਤੇ ਹੋਏ ਹਨ ਨੂੰ ਭੀ ਮੂਲ ਮੰਤਰ ਵਿੱਚ ਸ਼ਾਮਲ ਕਰ ਲਿਆ ਗਿਆ ਅਤੇ ਆਦਿ ਸਚੁ ਤੋਂ ਲੈ ਕੇ ' ਨਾਨਕ ਹੋਸੀ ਭੀ ਸਚੁ ' ਤੱਕ ਇਸ ਦਾ ਵਿਸਥਾਰ ਕਰ ਦਿੱਤਾ। ਕੀ ਇਹ ਤਬਦੀਲੀ ਗੁਰੂ ਆਸ਼ੇ ਅਨੁਸਾਰ ਹੈ? ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੰਗਲਾ ਚਰਣ ਦੇ ਚਾਰ ਪ੍ਰਕਾਰ ਦੇ ਸਰੂਪ ਹਨ, ਉਹ ਸਾਰੇ ਗੁਰਪ੍ਰਸਾਦਿ ਉਤੇ ਸਮਾਪਤ ਹੁੰਦੇ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਪੰਜਵਾਂ ਅਤੇ ਨਵਾਂ ਸਰੂਪ ਸਾਧਾਂ ਨੇ ਹੀ ਪ੍ਰਚਲਤ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਰੰਭ ਵਿੱਚ ਉਪਰ ਮੰਗਲਾਚਰਣ ' ਗੁਰਪ੍ਰਸਾਦਿ ' ਤੱਕ ਹੈ, ਉਪਰੰਤ ॥ ਜਪੁ ॥ ਲਿੱਖ ਕੇ ਥਾਂ ਛੱਡ ਦਿਤੀ ਗਈ ਹੈ। ਫਿਰ ਹੇਠਾਂ ਨਵੀਂ ਲਾਈਨ ਉਤੇ ਸਲੋਕ ਹੈ " ਆਦਿ ਸਚੁ . . . ਨਾਨਕ ਹੋਸੀ ਭੀ ਸਚੁ ॥ ੧ ॥ ਤੱਕ। ' ਜਪੁ' ਤਾਂ ਬਾਣੀ ਦਾ ਨਾਮ ਹੈ। ਇਹ ਮੂਲ ਮੰਤਰ ਦਾ ਭਾਗ ਨਹੀਂ ਹੈ। ਇਸ ਨੂੰ ਮੂਲਮੰਤਰ ਵਿੱਚ ਸ਼ਾਮਲ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰੂ ਸੰਪਾਦਕ ਦਾ ਅਪਮਾਨ ਕਰਨਾ ਹੈ। ਸਮੁੱਚੀ ਬਾਣੀ ਦਾ ਭੀ ਇਸ ਵਿੱਚ ਅਪਮਾਨ ਹੈ। ਸੰਤਸਮਾਜ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਜੋਕਾ ਸਿੱਖ ਸਮਾਜ ਜਾਗ੍ਰਿਤ ਹੋ ਚੁੱਕਾ ਹੈ। ਗੁਰਬਾਣੀ ਵਿਆਕਰਣ ਦੀ ਸੂਝ ਅੱਗੇ ਨਾਲੋਂ ਵਧੀ ਹੈ। ਪੜ੍ਹਿਆ ਲਿਖਿਆ ਸਿੱਖ ' ਜਪੁ ' ਨੂੰ ਬਾਣੀ ਦਾ ਸਿਰਲੇਖ ਮੰਨਦਾ ਹੈ, ਮੂਲਮੰਤਰ ਦਾ ਭਾਗ ਨਹੀਂ ਮੰਨ ਸਕਦਾ। ਜੇ " ਜਪੁ " ਨੂੰ ਮੂਲ ਮੰਤਰ ਵਿੱਚ ਸ਼ਾਮਲ ਮੰਨ ਲਈਏ ਤਾਂ ਇਸ ਤੋਂ ਮਗਰੋਂ ਲਿਖੀ ਬਾਣੀ ਨੂੰ ਕੀ ਨਾਮ ਦਿੱਤਾ ਜਾਏ? ਇਸ ਲਈ " ਜਪੁ " ਹੀ ਬਾਣੀ ਦਾ ਸਿਰਲੇਖ ਹੈ। ਅੰਤ ਵਿੱਚ ਸਮੂਹ ਸੰਤ ਸਮਾਜ ਦੇ ਬਜ਼ੁਰਗਾਂ, ਮੁਖੀਆਂ, ਪ੍ਰਬੰਧਕਾਂ ਅਤੇ ਉਹਨਾਂ ਦੇ ਹਮ-ਖਿਆਲ ਗੁਰਸਿੱਖਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਵਰਤਮਾਨ ਖਰੜਾ ਸ਼੍ਰੋ: ਗੁ: ਪ੍ਰ: ਕਮੇਟੀ ਦੇ ਖਰੜੇ ਦੀ ਲੱਗਭੱਗ ਇੰਨ ਬਿੰਨ ਨਕਲ ਲਗਦੀ ਹੈ। ਉਪਰੋਕਤ ਬੁਨਿਆਦੀ ਵਖਰੇਵੇਂ ਪੁਰਾਤਨ ਨਿਰਮਲੇ ਸੰਤਾਂ ਦੇ ਪਾਏ ਹੋਏ ਪੂਰਨੇ ਹਨ ਜਿੰਨ੍ਹਾਂ ਨੂੰ ਗੁਰਮਤਿ ਦੀ ਰੌਸ਼ਨੀ ਵਿੱਚ ੧੯੩੬ ਵਿੱਚ ਵਿਚਾਰਿਆ ਗਿਆ ਸੀ। **ਸੁਧਾਰ ਦਾ ਮਤਲਬ ਹੁੰਦਾ ਹੈ ਅਗਾਂਹ ਵਧਣਾ ਪਰ ਇਸ ਖਰੜੇ ਦੇ ਵਖਰੇਵੇਂ ਸਾਨੂੰ ਦੋ ਸਦੀਆਂ ਪਿਛੇ ਲਿਜਾਣਾ ਲੋਚਦੇ ਹਨ। ਇਸ ਲਈ ਜੇ ਸੰਤ ਮਹਾਂਪੁਰਖ ਪੰਥ ਨੂੰ ਚੰਗੀ ਅਤੇ ਅਗਾਂਹ ਵਧੂ ਸੇਧ ਨਹੀਂ ਦੇ ਸਕਦੇ ਤਾਂ ਘੱਟੋ ਘੱਟ ਇਹੋ ਜਿਹੇ ਪਿਛਾਂਹ ਖਿੱਚੂ ਖਰੜੇ ਛਾਪ ਕੇ ਸਿੱਖ ਪੰਥ ਵਿੱਚ ਭਰਮ ਭੁਲੇਖੇ ਨਾ ਪਾਏ ਜਾਣ।**



www.AKJ.Org

# ਖਾਲਸਾ ਬੋਲੇ

ਖਾਲਸਾ ਅਗਾਂਹ ਵਧੂ ਤੇ ਆਸ਼ਾ-ਵਾਦੀ ਹੈ, ਪਿਛਾਂਹ ਖਿਚੂ ਤੇ ਨਿਰਾਸ਼ਵਾਦੀ ਨਹੀਂ । ਇਸ ਦੀ ਬੋਲ-ਚਾਲ ਤੋਂ ਇਸ ਦੀ ਚੜ੍ਹਦੀ ਕਲਾ ਦਾ ਪਤਾ ਲੱਗਦਾ ਹੈ । ਜਦੋਂ ਇਹ ਕਿਸੇ ਨੂੰ ਮਿਲਦਾ ਹੈ ਤਾਂ ਗੱਜ ਕੇ ਫ਼ਤਹ ਬੁਲਾਉਂਦਾ ਹੈ —

ਵਾਹਿਗੁਰੂ ਜੀ ਕਾ ਖਾਲਸਾ ।।
ਵਾਹਿਗੁਰੂ ਜੀ ਕੀ ਫ਼ਤਹ ।।

ਫ਼ਤਹ ਗਜਾਉਣ ਨਾਲ ਸਾਹਮਣੇ ਵਾਲੇ ਬੰਦੇ ਨੂੰ ਪਤਾ ਲੱਗ ਜਾਂਦਾ ਹੈ ਕਿ ਉਹ ਕਿਸੇ "ਮਰਦ ਦੇ ਚੇਲੇ", ਸਿੰਘ ਸਰਦਾਰ ਨਾਲ ਮਿਲਣੀ ਕਰ ਰਿਹਾ ਹੈ । 'ਫਤਹ' ਦੇ ਗਜਾਉਣ ਨਾਲ ਦੋ ਗੱਲਾਂ ਉੱਘੜ ਕੇ ਸਾਹਮਣੇ ਆਉਂਦੀਆਂ ਹਨ ਕਿ ਖਾਲਸਾ ਵਾਹਿਗੁਰੂ ਦਾ ਹੈ ਅਤੇ ਵਾਹਿਗੁਰੂ ਨਾਲ ਜੁੜੇ ਹੋਏ ਹੋਣ ਕਰਕੇ ਉਸ ਦੀ ਹਰ ਮੈਦਾਨ ਫ਼ਤਹ ਹੈ । ਰਣ ਜਿੱਤਣ ਵਾਸਤੇ ਸ਼ਕਤੀ (ਬਾਹੂ-ਬਲ) ਦੀ ਲੋੜ ਹੈ ਅਤੇ ਸ਼ਕਤੀ ਆਉਂਦੀ ਹੈ ਭਗਤੀ ਨਾਲ । ਫ਼ਤਹ ਗਜਾਉਣ ਨਾਲ ਦੋ ਵੇਰ ਵਾਹਿਗੁਰੂ ਦੀ ਯਾਦ ਤਾਜ਼ਾ ਹੋ ਜਾਂਦੀ ਹੈ, ਵਾਹਿਗੁਰੂ ਅੰਗ ਸੰਗ ਮਹਿਸੂਸ ਹੋਣ ਲੱਗ ਜਾਂਦਾ ਹੈ । ਆਪਣੇ ਨਿਸ਼ਾਨੇ ਤੇ ਪਹੁੰਚਣ ਵਾਸਤੇ ਉਹ ਹਰ ਔਕੜ ਦਾ ਬਹਾਦਰਾਂ ਵਾਂਗ ਮੁਕਾਬਲਾ ਕਰਦਾ ਹੈ, ਪਿੱਛੇ ਮੂੰਹ ਨਹੀਂ ਮੋੜਦਾ, ਅਗਾਂਹ ਹੀ ਵਧਦਾ ਜਾਂਦਾ ਹੈ । ਜੀਵਨ ਦੀ ਜੰਗ ਵਿੱਚ ਉਹ ਆਪਣੇ ਮਨ ਨੂੰ ਢਹਿੰਦੀ ਕਲਾ ਵਿੱਚ ਨਹੀਂ ਜਾਣ ਦਿੰਦਾ । ਰਸਤੇ ਦੀ ਹਰ ਔਕੜ ਵਿੱਚ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰੇ ਗਜਾਉਂਦਾ ਉਹ ਅਗਾਂਹ ਹੀ ਵਧਦਾ ਜਾਂਦਾ ਹੈ । ਜੋ ਕੋਈ ਉਸ ਦਾ ਸਾਥੀ ਮੈਦਾਨੇ-ਜੰਗ ਵਿੱਚ ਜੂਝਦਾ ਹੋਇਆ ਸ਼ਹੀਦ ਹੋ ਜਾਏ ਤਾਂ ਉਹ ਆਮ ਲੋਕਾਂ ਵਾਂਗ ਰੋਣ ਨਹੀਂ ਲੱਗ ਪੈਂਦਾ, ਵੈਣ ਪਾਉਣ ਦੀ ਥਾਂ ਉਹ ਰੱਬੀ ਭਾਣੇ ਨੂੰ ਸਤਿ ਕਰਕੇ ਮੰਨਦਾ ਹੈ ਅਤੇ "ਮਰ ਗਿਆ" ਦੀ ਥਾਂ "ਚੜ੍ਹਾਈ ਕਰ ਗਿਆ" ਦੇ ਸ਼ਬਦ ਬੋਲਦਾ ਹੈ । ਭੁੱਜੇ ਹੋਏ ਛੋਲਿਆਂ ਨੂੰ ਉਹ ਬਦਾਮ ਦੱਸਦਾ ਹੈ । ਕਾਣੇ ਨੂੰ ਲੱਖ ਨੇਤਰਾ ਸਿੰਘ ਅਤੇ ਲੰਡੇ ਨੂੰ ਸੁਚਾਲਾ ਸਿੰਘ ਕਹਿੰਦਾ ਹੈ । ਉਸ ਨੇ ਚੜ੍ਹਦੀ ਕਲਾ ਨੂੰ ਮੁੱਖ ਰੱਖਦਿਆਂ ਆਮ ਲੋਕਾਂ ਨਾਲੋਂ ਵੱਖਰੇ ਹੀ ਸ਼ਬਦ ਘੜ ਲਏ ਹੋਏ ਹਨ ਤਾਂ ਜੋ ਖਾਲਸੇ ਵਿੱਚ ਹੀਣਤਾ ਭਾਵ ਨਾ ਆ ਜਾਏ ਅਤੇ ਦੁਸ਼ਮਣ ਤੇ ਦਬਾਅ ਬਣਿਆ ਰਹੇ । ਦੁਸ਼ਮਣ, ਖਾਲਸਾ ਜੀ ਦੇ ਚੜ੍ਹਦੀ ਕਲਾ ਵਾਲੇ ਬੋਲ ਸੁਣ ਕੇ ਦੁੰਮ ਦਬਾ ਕੇ ਮੈਦਾਨ ਵਿਚੋਂ ਭੱਜ ਜਾਏ । ਜਦੋਂ ਇੱਕ ਇਕੱਲੇ ਖਾਲਸੇ ਨੂੰ ਵੀ ਕੋਈ ਇਹ ਕਹਿੰਦਾ ਕਿ "ਸਵਾ ਲੱਖ" ਫੌਜਾਂ ਆ ਗਈਆਂ ਹਨ ਤਾਂ ਸੁਣਨ ਵਾਲੇ ਦੇ ਹੋਸ਼ ਉਡ ਜਾਂਦੇ । ਦੁਸ਼ਮਣ ਦਾ ਹੌਸਲਾ ਟੁੱਟਾ ਤਾਂ ਮੈਦਾਨ ਖਾਲੀ, ਫ਼ਤਹ ਖਾਲਸੇ ਦੀ । ਖਾਲਸਾ ਸ਼ਬਦਾਵਲੀ ਅਰਥਾਤ ਖਾਲਸਾ ਬੋਲੇ ਜਿਨ੍ਹਾਂ ਨੂੰ ਗੜਗੱਜ ਬੋਲੇ ਵੀ ਕਿਹਾ ਜਾਂਦਾ ਹੈ, ਕੀ ਸਨ ? ਆਓ ਜ਼ਰਾ ਝਾਤ ਮਾਰੀਏ - -

ਅਕਲਦਾਨ - ਸੋਟਾ, ਡੰਡਾ ।
ਅਕਾਸ਼ਪਰੀ - ਬੱਕਰੀ ।
ਅਰਾਕੀ - ਘੋੜਾ, ਘੋੜੀ ।
ਅੜੰਗ ਬੜੰਗ ਹੋਣਾ - ਸੌਣਾ, ਲੇਟਣਾ ।
ਆਹੂ ਲਾਹੁਣੇ - ਵੱਢ ਟੁੱਕ ਕਰਨੀ ।
ਐਰਾਪਤ - ਝੋਟਾ ।
ਅੰਗੀਠਾ - ਚਿਖਾ ।
ਅਫਲਾਤੂਨ - ਰਜਾਈ ।
ਅੰਮ੍ਰਿਤ ਵੇਲਾ - ਤੜਕਾ ।
ਇੰਦ੍ਰ - ਬੱਦਲ ।
ਇੰਦ੍ਰ ਜਲ - ਮੀਂਹ ਦਾ ਪਾਣੀ ।
ਸ਼ਹੀਦੀ ਫੌਜ - ਸ਼ਹੀਦ ਸਿੰਘਾਂ ਦੀ ਸੈਨਾ ।
ਸੱਚ ਖੰਡ ਵਾਸਾ - ਪਰਲੋਕ ਗਮਨ ।
ਸੱਚਾ ਪਾਤਸ਼ਾਹ - ਸਤਿਗੁਰੂ ।
ਸਜਣਾ - ਤਿਆਰ ਹੋਣਾ, ਬੈਠਣਾ ।
ਸਫਾ ਜੰਗ - ਟਕੂਆ ।
ਸਬਜ਼ ਪਲਾਉ - ਸਾਗ ।
ਸਮੁੰਦਰ - ਦੁੱਧ ।
ਸਲੋਤਰ - ਮਧਰਾ ਮੋਟਾ ਡੰਡਾ ।
ਸਵਾਇਆ - ਥੋਹੜਾ, ਘੱਟ ।
ਸਵਾ ਲੱਖ - ਇੱਕ ਇਕੱਲਾ ।
ਸਵਾ ਲੱਖ ਫੌਜ - ਇੱਕ ਸਿੰਘ ।
ਸੌਂਗੀ - ਹਰਾ ਛੋਲੂਆ ।
ਸਿਰਖਿੰਡੀ - ਸ਼ੱਕਰ ।
ਸਿਰਗੁੰਮ -ਜਿਸਨੇ ਅੰਮ੍ਰਿਤ ਛਕ ਕੇ ਕੇਸ ਮੁਨਾਏ ਹੋਣ ।
ਸਿਰਘਸਾ - ਮੋਨਾ ।
ਸਿਰਜੋੜ - ਗੁੜ ।
ਸ਼ੀਸ਼ ਮਹਿਲ - ਟੁੱਟੀ ਹੋਈ ਛੰਨ ।
ਸੁਨਹਿਰਾ - ਕੂੰਡਾ ।
ਸੁਚਾਲਾ - ਲੰਡਾ ।



www.AKJ.Org

ਸੂਰਮਾ - ਅੰਨ੍ਹਾ ।
ਸੇਉ - ਪਿਉਂਦੀ ਬੇਰ ।
ਸੋਝਾ ਦੇਣਾ - ਮਾਂਜਣਾ, ਕੁਰਹਿਤੀਏ ਨੂੰ ਤਾੜਨਾ ।
ਸੋਧਣਾ - ਕੁਰਹਿਤੀਏ ਨੂੰ ਤਾੜ ਕੇ ਸ਼ੁੱਧ ਕਰਨਾ ।
ਸ੍ਰੀ ਸਾਹਿਬ - ਕ੍ਰਿਪਾਨ ।
ਹਜਾਰਮੇਖੀ - ਟਾਕੀਆਂ ਵਾਲੀ ਗੋਦੜੀ .
ਹਜ਼ੂਰੀਆ - ਪਰਨਾ ।
ਹਰਨ ਹੋਣਾ - ਨੱਠਣਾ ।
ਹਰਾ ਕਰਨਾ - ਸੁਕਾਉਣਾ ।
ਕੱਚਾ ਪਿੱਲਾ - ਢਿੱਲਾ ਮੱਠਾ ।
ਕਮਰਕੱਸਾ ਕਰਨਾ - ਕਮਰ ਬੰਨ੍ਹ ਕੇ ਤਿਆਰ ਹੋਣਾ ।
ਕਲਗਾ - ਗੰਜਾ ।
ਕੜਾਕਾ - ਭੁੱਖ ।
ਕੇਸਰ - ਹਲਦੀ ।
ਖਾਰ ਸਮੁੰਦਰ - ਲੱਸੀ ।
ਖੁਰਮਾ - ਬੇਰ ।
ਗਧੀ ਚੁੰਘਣੀ - ਹੁੱਕਾ ਪੀਣਾ ।
ਗੁਬਿੰਦੀਆਂ - ਗਾਜਰਾਂ ।
ਗੈਬੀ ਫੌਜਾਂ - ਸ਼ਹੀਦਾਂ ਦੀਆਂ ਗੁਪਤ ਫੌਜਾਂ ।
ਘੱਲੂਘਾਰਾ - ਭਿਅੰਕਰ ਯੁੱਧ ।
ਚਰਨਦਾਸੀ - ਜੁੱਤੀ ।
ਚਲਾਣਾ - ਮਰਨਾ ।
ਚੜ੍ਹਾਈ - ਕੂਚ ।
ਚੂਨਾ - ਆਟਾ ।
ਚਥਾ - ਲੂਣ ।
ਚੌਬਾਰੇ ਚੜ੍ਹਿਆ - ਬੋਲਾ ।
ਛਾਵਣੀ - ਸਿੰਘਾਂ ਦਾ ਡੇਰਾ ।
ਛਿੱਲੜ - ਰੁਪਈਆ ।
ਛੇਵਾਂ - ਤੇਲ
ਜਹਾਜ - ਗੁੱਡਾ ।
ਜਹਾਜੇ ਚੜ੍ਹਨਾ - ਅੰਮ੍ਰਿਤ ਛਕਣਾ ।
ਜਗਤ ਜੂਠ - ਹੁੱਕਾ ।
ਜਲੇਬੀ - ਜੰਡ ਫਲੀ ।
ਜੰਗਲ ਜਾਣਾ - ਟੱਟੀ ਪਿਸ਼ਾਬ ਕਰਨ ਜਾਣਾ (ਸੌਚ)
ਜੋੜ ਮੇਲਣੀ - ਸੂਈ
ਠੀਕਰ - ਦੇਹ, ਸਰੀਰ ।
ਠੀਕਰੀ - ਰੁਪੈਯਾ ।
ਤਹਿਤੋੜ - ਪਰਾਉਂਠਾ ।
ਤਨਖਾਹ - ਧਰਮ ਦੰਡ
ਤਨਖਾਹੀਆ - ਕੁਰਹਿਤੀਆ
ਤਰ ਪਲਾਉ - ਸੁੱਕੀ ਰੋਟੀ ।
ਤਿਆਰ ਬਰ ਤਿਆਰ - ਸਨੱਧ ਬੱਧ, ਸਾਵਧਾਨ ।
ਤੁਰਕਣੀ - ਮੁਸਲਮਾਨਣੀ ।
ਤੋੜਾ ਚਾੜ੍ਹਨਾ - ਬੰਦੂਕ ਚਲਾਉਣੀ ।
ਦਸਤਾਰਾ - ਪੱਗ ।
ਦਬੜੂ-ਘੁਸੜੂ - ਰਹਿਤ ਵਿੱਚ ਢਿੱਲਾ ।
ਦਮੜਾ - ਰੁਪੈਯਾ, ਪੈਸਾ ।
ਦੀਦਾਰੇ - ਦਰਸ਼ਨ ।
ਦੇਗ ਮਸਤ (ਮਸਤ ਲੰਗਰ) - ਲੰਗਰ ਨਾ ਪੱਕਣਾ ।
ਧਰਮਰਾਜ ਦੀ ਧੀ - ਨੀਂਦ ।
ਧੂੜਕੋਟ - ਘੱਗਰਾ ।
ਨੜੀਮਾਰ - ਹੁੱਕਾ ਪੀਣ ਵਾਲਾ ।
ਪਤਾਲਮੋਚਨੀ - ਕਹੀ ।
ਪਰਸ਼ਾਦਾ ਫੱਟੜ ਕਰਨਾ - ਰੋਟੀ ਭੰਨਣੀ ।
ਪੰਚਾਮ੍ਰਿਤ - ਕੜਾਹ ਪ੍ਰਸ਼ਾਦ ।
ਪੰਜ ਇਸ਼ਨਾਨਾ - ਹੱਥ ਪੈਰ ਮੂੰਹ ਧੋਣਾ (2+2+1= 5)
ਪੰਜਖਾ - ਕਾਣਾ ।
ਪੰਜਵਾਂ - ਘਿਓ ।
ਪੰਮਾ - ਬ੍ਰਾਹਮਣ
ਪੀਲੂ - ਦਾਖ ।
ਫਿਰਨੀ - ਚੱਕੀ ।
ਫਿਰਨੀ ਦੀ ਸਵਾਰੀ - ਚੱਕੀ ਨਾਲ ਦਾਣੇ ਪੀਹਣੇ ।
ਬਦਾਮ - ਛੋਲੇ ।
ਬਾਜ - ਖੁਰਪਾ, ਰੰਬਾ ।
ਬਿਖਿਆ - ਤੰਬਾਕੂ ।
ਬਿਬੇਕੀ - ਪੂਰੀ ਪਵਿੱਤਰਤਾ ਰੱਖਣ ਵਾਲਾ ਸਿੰਘ ।
ਬਿਰਾਜਣਾ - ਬੈਠਣਾ ।
ਬੁੰਗਾ - ਸਿੰਘਾਂ ਦਾ ਨਿਵਾਸ ਅਸਥਾਨ ।
ਬੂੰਦੀ - ਬੱਕਲੀਆਂ ।
ਭਾਜਾ - ਸਬਜ਼ੀ ।
ਭੁਜੰਗੀ-ਭੁਜੰਗਣ - ਮੁੰਡਾ-ਕੁੜੀ ।
ਮਖਮਲੀ ਫਰਸ਼ - ਹਰੇ ਘਾਹ ਵਾਲੀ ਧਰਤੀ ।
ਮਨਚੌਨਾ - ਕਾਲੀਆਂ ਮਿਰਚਾਂ ।
ਮੜੋਲੀ - ਦੇਹ ।
ਮਾਰੂ ਗਉਣਾ - ਰੋਣਾ ਪਿੱਟਣਾ ।
ਮਠਿਆਈ - ਸ਼ਕਰਕੰਦੀ ।
ਮੁਆਮਲਾ ਲੈਣਾ - ਚੰਦਾ ਉਗਰਾਹੁਣਾ ।

| | | |
|---|---|---|
| ਮੁਛਹਿਰਾ | - | ਮੁੱਛਾਂ । |
| ਮੁਤਹਿਰਾ | - | ਡੰਡਾ । |
| ਮੇਵੜਾ | - | ਅਰਦਾਸੀਆ । |
| ਮੈਦਾਨ ਜਾਣਾ | - | ਜੰਗਲ ਪਾਣੀ ਜਾਣਾ । |
| ਰਾਮ ਜੰਗਾ | - | ਬੰਦੂਕ । |
| ਰੁੱਪਾ ਪ੍ਰਸ਼ਾਦ | - | ਗੱਠਾ । |
| ਲਖਨੇਤ੍ਰਾ | - | ਕਾਣਾ । |
| ਲੱਖ ਬਾਹਾ | - | ਟੁੰਡਾ |
| ਲੱਡੂ | - | ਟੀਡੇ । |
| ਲੰਗਰ ਮਸਤ | - | ਚੁੱਲ੍ਹੇ ਅੱਗ ਨਾ ਪੈਣੀ । |
| ਲੰਡੀ ਬੁੱਚੀ | - | ਸ਼ਰਾਰਤੀ ਲੋਕ, ਕੁਰਹਿਤੀਏ, ਕੁਕਰਮੀ । |
| ਵਹੀਰ ਪਾਉਣਾ | - | ਕੂਚ ਕਰਨਾ । |

ਅੱਜ ਅਸੀਂ ਖਾਲਸਾ ਸਭਿਆਚਾਰ ਨੂੰ ਭੁਲਦੇ ਜਾ ਰਹੇ ਹਾਂ । ਸਾਡੀ ਬੋਲ ਚਾਲ ਵਿੱਚ ਫਰਕ ਪੈ ਗਿਆ ਹੈ । ਆਪਣੀ ਮਾਂ ਬੋਲੀ ਪੰਜਾਬੀ ਨੂੰ ਛੱਡ ਕੇ ਅਸੀਂ ਅੰਗ੍ਰੇਜ਼ੀ ਬੋਲੀ ਪੜ੍ਹਨ, ਲਿਖਣ ਤੇ ਬੋਲਣ ਵਿੱਚ ਜ਼ਿਆਦਾ ਰੁਚੀ ਰੱਖ ਰਹੇ ਹਾਂ । ਅਸੀਂ ਆਪਣੇ ਬੱਚਿਆਂ ਨੂੰ ਅੰਗ੍ਰੇਜ਼ੀ ਮਾਧਿਅਮ (English Medium) ਵਾਲੇ ਸਕੂਲਾਂ ਵਿੱਚ ਪੜ੍ਹਾ ਕੇ ਵਧੇਰੇ ਖੁਸ਼ ਹੁੰਦੇ ਹਾਂ ਭਾਵੇਂ ਚੌਗਣਾ ਖਰਚਾ ਕਰਨਾ ਪਏ । ਬੋਲੀ ਦੇ ਨਾਲ ਨਾਲ ਸਾਡੀ ਪੁਸ਼ਾਕ ਤੇ ਖੁਰਾਕ ਤੇ ਰਹਿਣ ਸਹਿਣ ਵੀ ਪੱਛਮੀ ਸਭਿਅਤਾ ਦੇ ਅਸਰ ਹੇਠ ਆ ਗਿਆ ਹੈ । "ਸਾਬਤ ਸੂਰਤਿ ਦਸਤਾਰ ਸਿਰਾ" ਵਾਲੇ ਖਾਲਸੇ ਦੀਆਂ ਧੀਆਂ ਭੈਣਾ, ਪੈਂਟ ਬੁਸ਼ਰਟ ਤੇ ਗਹਿਣੇ ਪਾਈ, ਭਰਵਟੇ ਮੁਨਾਈ, ਸਿਰੋਂ ਨੰਗੀਆਂ ਬਾਜ਼ਾਰਾਂ ਵਿੱਚ ਤੁਰੀਆਂ ਫਿਰਦੀਆਂ ਆਮ ਨਜ਼ਰ ਆਉਂਦੀਆਂ ਹਨ । "ਫਤਹ" ਬੁਲਾਉਣ ਤੋਂ ਅਸੀਂ ਹਿਚਕਿਚਾਉਂਦੇ ਹਾਂ । ਅੰਮ੍ਰਿਤ ਵੇਲੇ ਅਸੀਂ ਘੂਕ ਸੁੱਤੇ ਪਏ ਹੁੰਦੇ ਹਾਂ । ਗੁਰਦੁਆਰੇ ਜਾਣ ਨਾਲੋਂ ਸਾਨੂੰ ਕੱਲਬਾਂ, ਲੱਚਰ ਕਲਚਰਲ ਪ੍ਰੋਗਰਾਮਾਂ ਤੇ ਜਾਣਾ ਵਧੇਰੇ ਚੰਗਾ ਲੱਗਦਾ ਹੈ । ਅੰਮ੍ਰਿਤ ਸਾਨੂੰ ਕੌੜਾ ਲਗਦਾ ਹੈ ਅਤੇ ਬਿਖਿਆ (ਸ਼ਰਾਬ ਸਿਗਰਟ ਆਦਿ) ਸਾਨੂੰ ਸੁਆਦ ਲਗਦੀ ਹੈ । ਅਸੀਂ ਆਪਣੇ ਇਤਿਹਾਸਿਕ ਵਿਰਸੇ ਨੂੰ ਭੁਲਦੇ ਜਾ ਰਹੇ ਹਾਂ । ਸਿੰਘਾਂ ਦੇ ਬੱਚੇ ਹੋ ਕੇ ਭੇਡਾਂ ਵਿੱਚ ਰਲਦੇ ਜਾ ਰਹੇ ਹਾਂ ।

ਖਾਲਸੇ ਦੀ "ਦੇਗ ਫਤਹ" ਸੀ । ਅੱਜ ਫੈਸ਼ਨਾਂ ਦੀਆਂ ਪਟੀਆਂ, ਹਾਰ ਸ਼ਿੰਗਾਰ ਨਾਲ ਲੱਦੀਆਂ ਸਾੜੀਆਂ ਬੀਬੀਆਂ ਗੁਰਦੁਆਰੇ ਲੰਗਰ ਪਕਾਉਣ ਵਾਸਤੇ ਹਿਚਕਚਾਂਦੀਆਂ ਹਨ । ਗੁਰਪੁਰਬਾਂ ਤੇ ਸਿਰਮੁੰਨੇ, ਬੀੜੀ ਸਿਗਰਟ ਪੀਣ ਵਾਲੇ ਭਾੜੇ ਤੇ ਲਿਆਂਦੇ ਬੰਦੇ ਸਾਨੂੰ ਲੰਗਰ ਤਿਆਰ ਕਰਕੇ ਦਿੰਦੇ ਹਨ । ਜੇ ਅਸੀ ਦੇਗ (ਲੰਗਰ) ਹੀ ਨਹੀਂ ਤਿਆਰ ਕਰ ਸਕਦੇ ਤਾਂ ਤੇਗ ਕਿਥੋਂ ਵਾਹਵਾਂਗੇ ? ਜੇ "ਦੇਗ ਤੇਗ" ਠੁੱਸ ਹੋ ਗਈ ਤਾਂ ਸਾਡੀ "ਫਤਹ" ਹਾਰ ਵਿੱਚ ਬਦਲ ਜਾਵੇਗੀ, ਅਸੀਂ ਸਦਾ ਲਈ ਗੁਲਾਮ ਹੋ ਜਾਵਾਂਗੇ । ਖਾਲਸਾ ਜੀ ! ਅੱਜ ਲੋੜ ਹੈ ਸੰਭਲਣ ਦੀ । ਅਸੀਂ ਕਿੱਧਰ ਨੂੰ ਜਾ ਰਹੇਹਾਂ ? ਜ਼ਰਾ ਸੋਚੋ !

ਘਰਿ ਘਰਿ ਮੀਆ, ਸਭਨਾਂ ਜੀਆ,
ਬੋਲੀ ਅਵਰ ਤੁਮਾਰੀ ।। (ਪੰਨਾ-੧੧੯੧)

## ਰੁਬਾਈਆਂ

ਤੇਗ ਬਹਾਦਰ ਸਿੰਘ 'ਤੇਗ'

### ਜਨਮ ਸੁਹੇਲਾ

ਉੱਠ ਸਰੀਰਾ ਆਲਸ ਛੱਡ ਦੇ,
ਹੋ ਗਿਆ ਅੰਮ੍ਰਿਤ ਵੇਲਾ ।
ਚਮਕਣ ਤਾਰੇ ਪਉਣ ਰੁਮਕਦੀ,
ਕਰ ਸਾਈਂ ਨਾਲ ਮੇਲਾ ।
ਦਮ ਦਮ ਨਾਮ ਸੰਭਾਲ ਪ੍ਰਭੂ ਦਾ,
ਇਕ ਮਨ ਇਕ ਚਿੱਤ ਹੋਕੇ ।
ਚਰਨ ਪਰਸ ਸਾਧ ਸੰਗਤ ਦੇ,
ਕਰ ਲੈ ਜਨਮ ਸੁਹੇਲਾ ।

### ਸਾਧ ਸੰਗਤ

ਗੁਰਸਿੱਖਾ ਤੂੰ ਤੜਕੇ ਉਠ ਕੇ,
ਹਰਿ ਹਰਿ ਨਾਮ ਧਿਆਇਆ ਕਰ ।
ਇਸ਼ਨਾਨ ਸੋਧ ਕੇ, ਨਾਮ ਸਿਮਰ ਕੇ,
ਮਨ-ਖੇੜੇ ਵਿੱਚ ਲਿਆਇਆ ਕਰ ।
ਦਮ ਦਮ ਨਾਮ ਸੰਭਾਲ ਪ੍ਰਭੂ ਦਾ,
ਇਕ ਮਨ ਇਕ ਚਿਤ ਹੋਕੇ ।
ਜਨਮ ਸੁਹੇਲਾ ਕਰਨੇ ਖਾਤਰ,
ਸਾਧ ਸੰਗਤ ਨਿਤ ਜਾਇਆ ਕਰ ।

**ਸਤਸੰਗਤਿ ਕੈਸੀ ਜਾਣੀਐ, ਜਿਥੈ ਏਕੋ ਨਾਮੁ ਵਖਾਣੀਐ ।। (ਪੰਨਾ-੭੨)**


www.AKJ.Org

ਬੱਚਿਆਂ ਦੇ ਪੰਨੇ—

# ਬਾਪੂ ਜੀ ਤੇ ਬੱਚੇ (੧)

ਪ੍ਰਵਾਰ ਦੇ ਸਾਰੇ ਜੀਅ ਆਪਣੇ ਬਜ਼ੁਰਗ ਨੂੰ 'ਬਾਪੂ ਜੀ' ਕਹਿ ਕੇ ਬੁਲਾਉਂਦੇ ਸਨ । ਰਾਤ ਨੂੰ ਸਾਰੇ ਬੱਚੇ ਆਪਣੇ ਬਾਪੂ ਜੀ ਕੋਲ ਆ ਕੇ ਬਹਿ ਜਾਂਦੇ ਅਤੇ ਉਨ੍ਹਾਂ ਨੂੰ ਕਹਾਣੀ ਸੁਣਾਉਣ ਵਾਸਤੇ ਕਹਿੰਦੇ । ਇੱਕ ਦਿਨ ਬਾਪੂ ਜੀ ਨੇ ਕਹਾਣੀ ਇਉਂ ਸੁਣਾਈ —

ਬੱਚਿਓ ! ਅੱਜ ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਹੈ । ਉਨ੍ਹਾਂ ਦਾ ਜਨਮ ੭ ਜੁਲਾਈ ਸੰਨ ੧੬੫੬ ਈਸਵੀ ਨੂੰ ਕੀਰਤਪੁਰ, ਜਿਲਾ ਰੋਪੜ ਵਿਖੇ ਮਾਤਾ ਕਿਸ਼ਨ ਕੌਰ ਅਤੇ ਪਿਤਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਘਰ ਹੋਇਆ । ਗੁਰੂ ਹਰਿ ਕ੍ਰਿਸ਼ਨ ਜੀ ਅਤੇ ਬਾਬਾ ਰਾਮ ਰਾਇ ਜੀ ਦੋ ਭਰਾ ਸਨ । ਬਾਬਾ ਰਾਮ ਰਾਇ ਜੀ ਉਮਰ ਵਿੱਚ ਵੱਡੇ ਸਨ । ਬਾਬਾ ਰਾਮ ਰਾਏ ਨੇ ਦਿੱਲੀ ਦੇ ਬਾਦਸ਼ਾਹ ਔਰੰਗਜ਼ੇਬ ਦੇ ਰੋਹਬ ਥੱਲੇ ਆ ਕੇ ਉਸ ਨੂੰ ਖੁਸ਼ ਕਰਨ ਵਾਸਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਦਲਾ ਦਿੱਤੀ ਸੀ । ਸੱਤਵੇਂ ਪਾਤਿਸ਼ਾਹ ਗੁਰੂ ਹਰਿ ਰਾਇ ਜੀ ਨੇ ਇਸ ਤੇ ਨਾਰਾਜ਼ ਹੋ ਕੇ ਬਾਬਾ ਰਾਮ ਰਾਏ ਨੂੰ ਮੂੰਹ ਨਾ ਲਾਇਆ ਅਤੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰ-ਗੱਦੀ ਦੀ ਜ਼ਿੰਮੇਵਾਰੀ (ਗੁਰੂ) ਹਰਿ ਕ੍ਰਿਸ਼ਨ ਸਾਹਿਬ ਨੂੰ ਸੌਂਪ ਦਿੱਤੀ । ਉਸ ਵੇਲੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਉਮਰ ਪੰਜ ਕੁ ਸਾਲ ਦੀ ਸੀ ।

ਬਾਬਾ ਰਾਮ ਰਾਏ ਆਪਣੇ ਛੋਟੇ ਭਰਾ ਨੂੰ ਗੁਰ-ਗੱਦੀ ਮਿਲਣ ਤੇ ਬਹੁਤ ਔਖਾ ਹੋਇਆ . ਔਰੰਗਜ਼ੇਬ ਬਾਦਸ਼ਾਹ ਕੋਲ ਜਾ ਫਰਿਆਦ ਕੀਤੀ ਕਿ ਮੈਂ ਵੱਡਾ ਪੁੱਤਰ ਹਾਂ, ਗੁਰਿਆਈ ਤੇ ਮੇਰਾ ਹੱਕ ਬਣਦਾ ਹੈ, ਮੈਨੂੰ ਮੇਰਾ ਹੱਕ ਦਿਵਾਇਆ ਜਾਏ । ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਕਿਹਾ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਬੜੇ ਆਦਰ ਸਤਿਕਾਰ ਨਾਲ ਦਿੱਲੀ ਲਿਆਂਦਾ ਜਾਏ । ਸਤਿਗੁਰੂ ਜੀ ਨੇ ਰਾਜੇ ਦੀ ਬੇਨਤੀ ਪ੍ਰਵਾਨ ਕਰਕੇ ਦਿੱਲੀ ਨੂੰ ਚਾਲੇ ਪਾ ਦਿੱਤੇ । ਸਿੱਖ ਸੰਗਤਾਂ ਵੀ ਕਾਫੀ ਗਿਣਤੀ ਵਿੱਚ ਸਤਿਗੁਰੂ ਜੀ ਦੇ ਨਾਲ ਚੱਲ ਪਈਆਂ । ਅੰਬਾਲੇ ਜਿਲੇ ਦੇ ਨਗਰ ਪੰਜੋਖੜੇ ਪਹੁੰਚ ਕੇ ਗੁਰੂ ਜੀ ਨੇ ਉੱਘੇ ਸਿੱਖਾਂ ਤੋਂ ਬਿਨਾਂ ਬਾਕੀ ਸਾਰਿਆਂ ਨੂੰ ਵਾਪਸ ਮੋੜ ਦਿੱਤਾ ।

ਬੱਚਿਓ ! ਪੰਜੋਖੜੇ ਆਪਣੇ ਆਪ ਨੂੰ ਵੱਡਾ ਵਿਦਵਾਨ ਕਹਾਉਣ ਵਾਲਾ ਇੱਕ ਪੰਡਿਤ ਰਹਿੰਦਾ ਸੀ । ਉਸ ਦਾ ਨਾਮ ਕ੍ਰਿਸ਼ਨ ਲਾਲ ਸੀ । ਉਹ ਛੋਟੀ ਉਮਰ ਦੇ ਬੱਚੇ ਨੂੰ ਗੁਰੂ ਕਹਿਣ ਤੇ ਖਿਝਦਾ ਸੀ । ਉਹ ਸਿੱਖਾਂ ਨੂੰ ਸੁਣਾ ਸੁਣਾ ਕੇ ਕਹਿਣ ਲੱਗਾ ਕਿ ਜੇ ਇਸ ਬਾਲਕ ਗੁਰੂ ਵਿੱਚ ਸੱਚ ਮੁੱਚ ਕੋਈ ਸ਼ਕਤੀ ਹੈ ਤਾਂ ਕ੍ਰਿਸ਼ਨ ਜੀ ਦੀ ਗੀਤਾ ਦੇ ਕਿਸੇ ਸ਼ਲੋਕ ਦੇ ਅਰਥ ਕਰਕੇ ਦੱਸਣ । ਜਦ ਪੰਡਿਤ ਦੀ ਇਸ ਹੈਂਕੜ ਭਰੀ ਗੱਲ ਦਾ ਗੁਰੂ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਪੰਡਿਤ ਕ੍ਰਿਸ਼ਨ ਲਾਲ ਨੂੰ ਸੱਦ ਕੇ ਕਿਹਾ ਕਿ ਪੰਡਿਤ ਜੀ ! ਜੇ ਤੁਸੀਂ ਗੁਰੂ ਨਾਨਕ ਪਾਤਿਸ਼ਾਹ ਦੀਆਂ ਬਖਸ਼ਸ਼ਾਂ ਦੀ ਬਰਕਤ ਜ਼ਰੂਰ ਹੀ ਦੇਖਣੀ ਹੈ ਤਾਂ ਆਪਣੇ ਪਿੰਡ ਵਿਚੋਂ ਕਿਸੇ ਵੀ ਬੰਦੇ ਨੂੰ ਲੈ ਆਵੋ, ਸਤਿਗੁਰੂ ਦੀ ਮਿਹਰ ਸਦਕਾ ਤੁਹਾਡੀ ਤਸੱਲੀ ਹੋ ਜਾਵੇਗੀ ।

ਪੰਡਿਤ, ਛੱਜੂ ਨਾਮੀ ਮੂਰਖ ਝੀਊਰ ਨੂੰ ਲੈ ਆਇਆ ਜਿਹੜਾ ਬਿਲਕੁਲ ਅਨਪੜ੍ਹ ਸੀ । ਗੁਰੂ ਜੀ ਨੇ ਉਸ ਝੀਊਰ ਦੀਆਂ ਅੱਖਾਂ ਨਾਲ ਅੱਖਾਂ ਰਲਾਈਆਂ ਅਤੇ ਉਸ ਦੇ ਸਿਰ ਤੇ ਆਪਣੀ ਸੋਟੀ ਰੱਖ ਦਿੱਤੀ । ਪੰਡਿਤ ਨੇ ਗੀਤਾ ਦੇ ਔਖੇ ਤੋਂ ਔਖੇ ਸ਼ਲੋਕਾਂ ਦੇ ਅਰਥ ਪੁੱਛੇ । ਛੱਜੂ ਝੀਊਰ ਨੇ ਇਕ ਦੰਮ ਅਰਥ ਕਰ ਦਿੱਤੇ। ਪੰਡਿਤ ਹੈਰਾਨ ਹੋ ਗਿਆ । ਇਹ ਕੌਤਕ ਦੇਖ ਕੇ ਉਹ ਗੁਰੂ ਸਾਹਿਬ ਦੇ ਚਰਨਾਂ ਤੇ ਢਹਿ ਪਿਆ, ਮਾਫੀ ਮੰਗੀ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ ।

ਦਿੱਲੀ ਜਾ ਕੇ ਗੁਰੂ ਜੀ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਠਹਿਰੇ ਜਿੱਥੇ ਅੱਜ ਕਲ ਗੁਰਦੁਆਰਾ ਬੰਗਲਾ ਸਾਹਿਬ ਹੈ । ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਕੀਤੀ ਪਰ ਗੁਰੂ ਜੀ ਨੇਂ ਮਿਲਣ ਤੋਂ ਨਾਂਹ ਕਰ ਦਿੱਤੀ । ਰਾਮ ਰਾਏ ਦੇ ਗੁਰ ਗੱਦੀ ਦੇ ਦਾਅਵੇ ਬਾਰੇ ਗੁਰੂ ਜੀ ਨੇ ਬਾਦਸ਼ਾਹ ਨੂੰ ਕਹਿ ਭੇਜਿਆ ਕਿ ਗੁਰਗੱਦੀ ਜੱਦੀ ਮਲਕੀਅਤ ਨਹੀਂ ਹੈ । ਰਾਮ ਰਾਏ ਨੇ ਗੁਰਬਾਣੀ ਦੀ ਤੁਕ ਉਲਟਾਈ ਤਾਂ ਪਿਤਾ ਗੁਰੂ ਜੀ ਨੇ ਉਸ ਨੂੰ ਤਿਆਗ ਦਿੱਤਾ । ਇਸ ਵਿੱਚ ਕੋਈ ਵਧੀਕੀ ਨਹੀਂ ਅਤੇ ਨਾ ਹੀ ਕਿਸੇ ਨਾਲ ਕੋਈ ਬੇਇਨਸਾਫੀ ਹੈ ।

ਬੱਚਿਓ ! ਇਕ ਦਿਨ ਰਾਜਾ ਜੈ ਸਿੰਘ ਗੁਰੂ ਜੀ ਨੂੰ ਆਪਣੇ ਮਹਿਲਾਂ ਵਿੱਚ ਲੈ ਗਿਆ । ਉਥੇ ਗੁਰੂ ਜੀ ਨੂੰ ਕਿਹਾ ਗਿਆ ਕਿ ਉਹ ਦੱਸਣ ਕਿ ਪ੍ਰਵਾਰ ਵਿੱਚ ਪਟਰਾਣੀ ਕੌਣ ਹੈ ? ਗੁਰੂ ਜੀ ਹਰੇਕ ਬੀਬੀ ਦੇ ਸਿਰ ਕੇ ਸੋਟੀ ਰੱਖਦੇ ਹੋਏ ਇਹ ਕਹੀ ਜਾਣ ਕਿ " ਇਹ ਪਟਰਾਣੀ



www.AKJ.Org

ਨਹੀਂ, ਇਹ ਪਟਰਾਣੀ ਨਹੀਂ । ਜਦ ਉਨ੍ਹਾਂ ਨੇ ਪਟਰਾਣੀ ਦੇ ਸਿਰ ਤੇ ਸੋਟੀ ਰੱਖੀ ਤਾਂ ਕਿਹਾ " ਇਹ ਹੈ ਪਟਰਾਣੀ", ਇਹ ਕਹਿ ਕੇ ਗੁਰੂ ਜੀ ਉਸ ਦੀ ਗੋਦੀ ਵਿੱਚ ਬੈਠ ਗਏ । ਜਾਣੀ ਜਾਣ ਗੁਰੂ ਜੀ ਦਾ ਇਹ ਕੌਤਕ ਦੇਖਕੇ ਰਾਜਾ ਜੈ ਸਿੰਘ ਦੇ ਪ੍ਰਵਾਰ ਦੀ ਗੁਰੂ ਜੀ ਲਈ ਸ਼ਰਧਾ ਬਹੁਤ ਵੱਧ ਗਈ ।

ਗੁਰੂ ਹਰਿਕ੍ਰਿਸ਼ਨ ਜੀ ਹਾਲੇ ਦਿੱਲੀ ਵਿੱਚ ਹੀ ਸਨ ਕਿ ਸੰਨ ੧੬੬੪ ਵਿੱਚ ਉਥੇ ਚੇਚਕ ਦੀ ਬੀਮਾਰੀ ਫੈਲ ਗਈ । ਗੁਰੂ ਜੀ ਨੇ ਦਿਨ ਰਾਤ ਇੱਕ ਕਰਕੇ ਰੋਗੀਆਂ ਦੀ ਸੇਵਾ ਕੀਤੀ, ਦਸਵੰਧ ਦੀ ਭੇਟਾ ਨੂੰ ਵੀ ਦੁਖੀਆਂ ਦੇ ਰੋਗ ਦੂਰ ਕਰਨ ਲਈ ਵਰਤਿਆ ਗਿਆ । ਗੁਰੂ ਸਾਹਿਬ ਨੇ ਬੰਗਲੇ ਦੇ ਨਾਲ ਇੱਕ ਚੁਬੱਚਾ ਬਣਵਾਇਆ ਜਿਥੋਂ ਚਰਨਾਮ੍ਰਿਤ ਪੀ ਕੇ ਰੋਗੀ ਤੰਦਰੁਸਤ ਹੋਣ ਲੱਗੇ ।

ਦਿੱਲੀ ਸ਼ਹਿਰ ਦੇ ਜਿਨ੍ਹਾਂ ਇਲਾਕਿਆਂ ਵਿੱਚ ਚੇਚਕ ਦਾ ਜ਼ੋਰ ਸੀ, ਰੋਗੀਆਂ ਦੀ ਸਾਰ ਲੈਣ ਲਈ ਗੁਰੂ ਜੀ ਉਥੇ ਵੀ ਗਏ । ਇਸ ਦਾ ਨਤੀਜਾ ਇਹ ਨਿਕਲਿਆ ਕਿ ਗੁਰੂ ਜੀ ਨੂੰ ਇੱਕ ਦਿਨ ਬੜਾ ਤੇਜ਼ ਬੁਖਾਰ ਹੋ ਗਿਆ ਅਤੇ ਸਰੀਰ ਤੇ ਚੇਚਕ ਵੀ ਨਿਕਲ ਆਈ । ਗੁਰੂ ਜੀ ਨੇ ਜੋਤੀ ਜੋਤਿ ਸਮਾਉਣ ਦਾ ਸਮਾਂ ਨੇੜੇ ਜਾਣ ਕੇ ਕੋਲ ਬੈਠੀ ਸੰਗਤ ਨੂੰ ਇਹ ਕਹਿਕੇ ਕਿ "ਬਾਬਾ ਬਕਾਲੇ" ਅੱਖਾਂ ਮੀਟ ਲਈਆਂ ।

ਬੱਚਿਓ ! ਦਰਿਆ ਜਮਨਾ ਦੇ ਕੰਢੇ ਜਿਥੇ ਗੁਰੂ ਜੀ ਦਾ ਸਸਕਾਰ ਕੀਤਾ ਗਿਆ ਉਸ ਥਾਂ ਤੇ ਬੜਾ ਸੁੰਦਰ ਗੁਰਦਵਾਰਾ ਹੈ ਜਿਸ ਨੂੰ ਗੁਰਦਵਾਰਾ ਬਾਲਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ ।

ਵਿਚੋਂ ਇੱਕ ਬੱਚਾ ਬੋਲਦਾ ਹੋਇਆ- -

"ਬਾਪੂ ਜੀ ! ਗੁਰੂ ਜੀ ਦੇ ਬਾਬਾ ਬਕਾਲੇ ਕਹਿਣ ਦਾ ਕੀ ਅਰਥ ਸੀ ?" "ਬੱਚੂ ! ਇਸ ਦਾ ਭਾਵ ਇਹ ਸੀ ਕੀ ਸਾਡੇ ਪਿਛੋਂ ਗੁਰਿਆਈ ਦੀ ਜ਼ਿੰਮੇਦਾਰੀ ਸੰਭਾਲਣ ਵਾਲਾ ਮਹਾਂਪੁਰਖ ਬਕਾਲੇ ਪਿੰਡ ਵਿੱਚ ਹੈ, ।" ਬਾਪੂ ਜੀ ਨੇ ਉੱਤਰ ਦਿੱਤਾ ।

"ਬਾਪੂ ਜੀ ! ਗੁਰੂ ਸਾਹਿਬ ਦੀ ਸੋਟੀ ਵਿੱਚ ਕੀ ਸ਼ਕਤੀ ਸੀ ਜਿਸ ਦੇ ਸਿਰ ਤੇ ਰੱਖਣ ਨਾਲ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਪਟਰਾਣੀ ਕੌਣ ਆ ?" ਇੱਕ ਹੋਰ ਬੱਚੇ ਨੇ ਸਵਾਲ ਕੀਤਾ ।

"ਬੀਬਾ ! ਸ਼ਕਤੀ ਦੇ ਮਾਲਕ ਤਾਂ ਗੁਰੂ ਸਾਹਿਬ ਆਪ ਹੀ ਸਨ । ਉਨ੍ਹਾਂ ਨੂੰ ਗਲਤ ਤੇ ਠੀਕ ਅਤੇ ਖੋਟੇ ਤੇ ਖਰੇ ਦੀ ਪਹਿਚਾਣ ਸੀ । ਸੋਟੀ ਤਾਂ ਉਹ ਇਸ਼ਾਰੇ ਲਈ ਹੀ ਵਰਤਦੇ ਸਨ," ਬਾਪੂ ਜੀ ਨੇ ਇਉਂ ਕਿਹਾ ।

"ਬਾਪੂ ਜੀ ! ਗੁਰੂ ਜੀ ਨੇ ਛੱਜੂ ਝੀਊਰ ਦੇ ਸਿਰ ਤੇ ਵੀ ਸੋਟੀ ਰੱਖੀ ਸੀ । ਉਸ ਅਨਪੜ੍ਹ ਬੰਦੇ ਨੇ ਫਟਾਫਟ ਗੀਤਾ ਦੇ ਸ਼ਲੋਕਾਂ ਦੇ ਅਰਥ ਕਰ ਦਿੱਤੇ । ਇਉਂ ਤਾਂ ਸੋਟੀ ਵਿੱਚ ਵੀ ਕੋਈ ਨਾ ਕੋਈ ਕਰਾਮਾਤ ਜ਼ਰੂਰ ਹੋਊ," ਤੀਜੇ ਬੱਚੇ ਨੇ ਕਿੰਤੂ ਕੀਤਾ ।

"ਬੱਚੂ ! ਸਤਿਗੁਰੂ ਜੀ ਸਰਬ ਕਲਾ ਸਮਰੱਥ ਸਨ । ਉਹ ਪਾਰਬ੍ਰਹਮ ਦਾ ਹੀ ਰੂਪ ਸਨ । ਜਿਸ ਬੰਦੇ ਤੇ ਸਤਿਗੁਰੂ ਦੀ ਮੇਹਰ ਹੋ ਜਾਂਦੀ ਹੈ, ਉਹ ਨਦਰੀ ਨਦਰ ਨਿਹਾਲ ਹੋ ਜਾਂਦਾ ਹੈ, ਮੂਰਖ ਚਤਰ ਬਣ ਜਾਂਦੇ ਹਨ, ਅੰਨ੍ਹੇ ਸੁਜਾਖੇ ਹੋ ਜਾਂਦੇ ਹਨ, ਲੰਗੜੇ ਲੂਲ੍ਹੇ ਉਚੀਆਂ ਪਹਾੜੀਆਂ ਜਾ ਚੜ੍ਹਦੇ ਹਨ । ਜੇ ਬਿਜਲੀ ਦੀ ਚਾਲੂ ਤਾਰ ਨਾਲ ਬਲਬ ਜੋੜ ਦੇਈਏ ਤਾਂ ਚਾਨਣ ਹੋ ਜਾਂਦਾ ਹੈ । **ਸਤਿਗੁਰੂ ਵਿਚ ਵੀ ਅਜੇਹੀ ਸ਼ਕਤੀ ਹੈ ਕਿ ਜੇ ਉਹ ਕਿਸੇ ਦੇ ਸਿਰ ਤੇ ਆਪਣਾ ਮਿਹਰ ਭਰਿਆ ਹੱਥ ਰੱਖ ਦੇਣ ਤਾਂ ਉਸਦੇ ਕਪਾਟ ਖੁੱਲ੍ਹ ਜਾਂਦੇ ਹਨ** ਅਤੇ ਉਹ ਬੰਦਾ ਮੂਰਖ ਤੋਂ ਸਿਆਣਾ ਬਣ ਜਾਂਦਾ ਹੈ, ਅੰਨ੍ਹੇ ਤੋਂ ਸੁਜਾਖਾ ਹੋ ਜਾਂਦਾ ਹੈ । ਸਤਿਗੁਰੂ ਜੀ ਦੇ ਛੱਜੂ ਝੀਊਰ ਦੇ ਸਿਰ ਤੇ ਸੋਟੀ ਰੱਖਣ ਨੂੰ ਇਉਂ ਸਮਝੋ ਕਿ ਚਲਦੀ ਬਿਜਲੀ ਦੀ ਤਾਰ ਨਾਲ ਬਲਬ ਜੁੜ ਗਿਆ ਜਿਹੜਾ ਜਗ-ਮਗ ਜਗ-ਮਗ ਕਰਨ ਲੱਗ ਪਿਆ, ਮਾਨੋਂ ਹਨ੍ਹੇਰੇ ਵਿੱਚ ਚਾਨਣ ਹੋ ਗਿਆ । ਹਨ੍ਹੇਰੇ ਵਿੱਚ ਤਾਂ ਕੋਲ ਪਈ ਚੀਜ਼ ਵੀ ਨਜ਼ਰ ਨਹੀਂ ਆਉਂਦੀ, ਲੋਅ ਵਿੱਚ ਫਰਸ਼ ਤੇ ਡਿੱਗੀ ਸੂਈ ਦਾ ਵੀ ਪਤਾ ਲੱਗ ਜਾਂਦਾ ਹੈ," ਬਾਪੂ ਜੀ ਨੇ ਬੱਚਿਆਂ ਨੂੰ ਇਉਂ ਸਮਝਾਇਆ ।

ਪਹਿਲਾ ਬੱਚਾ ਪੁੱਛਣ ਲੱਗਾ, "ਬਾਪੂ ਜੀ ! ਰਾਮ ਰਾਏ ਨੇ ਗੁਰਬਾਣੀ ਦੀ ਕਿਹੜੀ ਤੁਕ ਉਲਟਾਈ ਸੀ ?" "ਬੱਚੂ ! ਆਸਾ ਕੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਦੇ ਸਲੋਕ ਦੀ ਤੁਕ **"ਮਿਟੀ ਮੁਸਲਮਾਨ ਕੀ"** ਨੂੰ **"ਮਿੱਟੀ ਬੇਈਮਾਨ ਕੀ"** ਹੋਣਾ ਦਸਿਆ ਸੀ," ਬਾਪੂ ਜੀ ਨੇ ਦੱਸਿਆ ।

ਦੂਜਾ ਬੱਚਾ ਕਹਿਣ ਲੱਗਾ, " ਕੀ ਇੱਕ ਸ਼ਬਦ ਦੇ ਬਦਲਨ ਨਾਲ ਹੀ ਗੁਰੂ ਹਰਿ ਰਾਏ ਜੀ ਨਰਾਜ਼ ਹੋ ਗਏ ?" "ਹਾਂ . . ! ਪਿਆਰੇ ਬਚਿਓ ਅਸੀਂ ਪਾਠ ਜਾਂ ਕੀਰਤਨ ਕਰਨ ਤੋਂ ਬਾਅਦ ਅਰਦਾਸ ਵਿੱਚ ਕਹਿੰਦੇ ਹਾਂ " ਅੱਖਰ ਵਾਧਾ ਘਾਟਾ, ਭੁੱਲ ਚੁੱਕ ਮਾਫ ਕਰਨੀ । ਜੇ ਅਸੀਂ



www.AKJ.Org

ਜਾਣਦੇ ਬੁੱਝਦੇ ਪੂਰਾ ਸ਼ਬਦ ਹੀ ਬਦਲ ਦੇਈਏ ਤਾਂ ਇਹ ਕਿੰਨੀ ਵੱਡੀ ਅੱਵਗਿਆ ਹੈ ?" ਬਾਪੂ ਜੀ ਕਹਿਣ ਲੱਗੇ ।

ਤੀਜੇ ਬੱਚੇ ਨੇ ਕਿਹਾ, " ਕੱਚੀ ਬਾਣੀ ਪੜ੍ਹਨ ਵਾਲੇ ਤਾਂ ਮਨ ਘੜਤ ਟੋਟਕੇ ਹੇਕਾਂ ਲਾ ਲਾ ਗੌਂਦੇ ਆ । ਬਾਣੀ ਵਿੱਚ ਰਲਾ ਪਾਂਦੇ ਜਰਾ ਵੀ ਡਰਦੇ ਨਹੀਂ ।"

"ਆਪੇ ਹੀ ਇਸ ਅੱਵਗਿਆ ਦਾ ਲੇਖਾ ਦੇਣਗੇ । ਅਣਭੋਲ ਗਲਤੀ ਤਾਂ ਮੁਆਫ਼ ਹੋ ਜਾਂਦੀ ਹੈ ਪਰ ਜਾਣ ਬੁੱਝ ਕੇ ਕੀਤੀ ਗਲਤੀ ਦੀ ਸਜ਼ਾ ਤਾਂ ਭੁਗਤਣੀ ਹੀ ਪੈਂਦੀ ਹੈ," ਬਾਪੂ ਜੀ ਕਹਿਣ ਲੱਗੇ ।

ਚੌਥਾ ਬੱਚਾ ਜਿਹੜਾ ਹੁਣ ਤੱਕ ਚੁੱਪ ਬੈਠਾ ਸੀ, ਬੋਲਿਆ, "ਬਾਪੂ ਜੀ! ਮੇਰੀ ਉਮਰ ਛੇ ਸਾਲ ਦੀ ਆ । ਮੈਂ ਤਾਂ ਕਈ ਵੇਰ ਸਬਕ ਵੀ ਭੁੱਲ ਜਾਂਦਾ ਆਂ । ਗੁਰੂ ਹਰਿਕ੍ਰਿਸ਼ਨ ਜੀ ਪੰਜ ਸਾਲ ਦੇ ਹੀ ਗੁਰੂ ਬਣ ਗਏ ਸੀ । ਕੀ ਉਨ੍ਹਾਂ ਦੀ ਅਕਲ ਐਡੀ ਵੱਡੀ ਸੀ ?"

ਬੱਚੂ ! ਗੁਰੂ ਹਰਿਕ੍ਰਿਸ਼ਨ ਸਾਹਿਬ ਨਾਨਕ ਜੋਤਿ ਦੀ ਅੱਠਵੀਂ ਕੜੀ ਸੀ । ਉਨ੍ਹਾਂ ਅਤੇ ਗੁਰੂ ਨਾਨਕ ਦੇਵ ਜੀ ਵਿੱਚ ਕੋਈ ਫਰਕ ਨਹੀਂ ਸੀ । ਜੋਤਿ ਵੀ ਓਹਾ ਤੇ ਜੁਗਤ ਵੀ ਓਹੀ ਸੀ । ਸਿਰਫ ਸਰੀਰ ਦਾ ਹੀ ਫਰਕ ਸੀ । ਉਨ੍ਹਾਂ ਦੀ ਆਤਮਾ, ਪਰਮਾਤਮਾ ਨਾਲ ਇੱਕ ਮਿੱਕ ਸੀ । ਜਿਨ੍ਹਾਂ ਬੰਦਿਆਂ ਦੀ ਆਤਮਾ, ਪਰਮਾਤਮਾ ਨਾਲ ਮਿਲ ਜਾਂਦੀ ਹੈ ਉਹ ਰੱਬ ਰੂਪ ਹੀ ਹੋ ਜਾਂਦੇ ਹਨ । ਸਾਰੀਆਂ ਰੱਬੀ ਸ਼ਕਤੀਆਂ ਉਨ੍ਹਾਂ ਵਿੱਚ ਆ ਜਾਂਦੀਆ ਹਨ । ਉਨ੍ਹਾਂ ਨੂੰ ਸਾਰੇ ਖੰਡਾਂ ਬ੍ਰਹਿਮੰਡਾਂ ਦੀ ਸੋਝੀ ਆ ਜਾਂਦੀ ਹੈ । ਐਥੇ ਬੈਠੇ ਹੀ ਸਾਰੀ ਗੱਲ ਬੁੱਝ ਲੈਂਦੇ ਹਨ, " ਬਾਪੂ ਜੀ ਨੇ ਦਸਿਆ ।

ਤੀਜਾ ਬੱਚਾ ਕਹਿਣ ਲੱਗਾ, "ਬਾਪੂ ਜੀ! ਕੀ ਏਦਾਂ ਦੀ ਸ਼ਕਤੀ ਸਾਡੇ ਵਿੱਚ ਵੀ ਆ ਸਕਦੀ ਆ ?"

"ਕਿਉਂ ਨਹੀਂ ?" ਬਾਪੂ ਜੀ ਬੋਲੇ ।

" ਉਹ ਕਿੱਦਾਂ ?" ਤੀਜੇ ਬੱਚੇ ਨੇ ਸਵਾਲ ਕੀਤਾ ।

ਬਾਪੂ ਜੀ ਕਹਿਣ ਲੱਗੇ, " ਬਚਿਓ ! ਜਦੋਂ ਅਸੀਂ ਅੰਮ੍ਰਿਤ ਛਕਦੇ ਹਾਂ ਤਾਂ ਪੰਜ ਪਿਆਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸਾਨੂੰ ਨਾਮ ਦ੍ਰਿੜ੍ਹ ਕਰਵਾ ਦਿੰਦੇ ਹਨ ਜਿਸ ਨੂੰ ਜਪਦਿਆਂ ਜਪਦਿਆਂ ਸਾਡੇ ਕਪਾਟ ਖੁੱਲ੍ਹ ਜਾਂਦੇ ਹਨ ਅਤੇ ਸਾਡੀ ਆਤਮਾ ਪਰਮਾਤਮਾ ਨਾਲ ਜਾ ਮਿਲਦੀ ਹੈ ।" "ਫੇਰ ਤਾਂ ਮੈਂ ਵੀ ਅੰਮ੍ਰਿਤ ਛਕ ਲਊਂਗਾ," ਦੂਜਾ ਬੱਚਾ ਕਹਿਣ ਲੱਗਾ ।

" ਆਉਂਦੇ ਗੁਰਪੁਰਬ ਤੇ ਅਸੀਂ ਸਾਰੇ ਈ ਅੰਮ੍ਰਿਤ ਛਕ ਲਵਾਂਗੇ," ਸਾਰੇ ਬੱਚੇ ਬੋਲ ਉਠੇ ।

ਬਾਪੂ ਜੀ ਦੇ ਸੌਣ ਦਾ ਵਕਤ ਹੋ ਗਿਆ ਸੀ, ਉਨ੍ਹਾਂ ਨੇ ਸਾਰੇ ਬੱਚਿਆਂ ਨੂੰ ਜਾ ਕੇ ਸੌਣ ਵਾਸਤੇ ਕਿਹਾ ਤਾਂ ਜੋ ਉਹ ਸਵੇਰ ਨੂੰ ਵੇਲੇ ਸਿਰ ਉੱਠ ਸਕਣ । ਸਾਰੇ ਬੱਚੇ ਬਾਪੂ ਜੀ ਨੂੰ " ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਬੁਲਾ ਕੇ ਪੌੜੀਆਂ ਉਤਰ ਗਏ ।

(੨)

ਇੱਕ ਦਿਨ ਬੱਚੇ ਜਦੋਂ ਰਾਤ ਨੂੰ ਬਾਪੂ ਜੀ ਕੋਲੋਂ ਕਹਾਣੀ ਸੁਣਨ ਵਾਸਤੇ ਕੋਠੇ ਤੇ ਗਏ ਤਾਂ ਇੱਕ ਬੱਚੇ ਨੇ ਜਾਂਦਿਆਂ ਹੀ ਬਾਪੂ ਜੀ ਨੂੰ ਇਉਂ ਕਿਹਾ - -

ਬਾਪੂ ਜੀ ! ਸਾਡੀ ਕਲਾਸ ਦੇ ਇੱਕ ਮੁੰਡੇ ਨੇ ਕੇਸ ਮੁਨਾ ਦਿੱਤੇ । ਪਹਿਲੋਂ ਉਹ ਪੱਗ ਬੰਨ੍ਹਕੇ ਸਕੂਲੇ ਔਂਦਾ ਸੀ, ਅੱਜ ਉਸਦੇ ਸਿਰ ਤੇ ਪੱਗ ਨਹੀਂ ਸੀ, ਮੋਨਾ ਘੋਨਾ ਹੀ ਕਲਾਸ ਵਿੱਚ ਬੈਠਾ ਸੀ ।

ਬਾਪੂ ਜੀ :- ਤੈਂ ਉਸ ਨੂੰ ਪੁੱਛਿਆ ਨਹੀਂ ਕਿ ਉਸ ਨੇ ਕੇਸ ਕਿਉਂ ਮੁਨਾ ਦਿੱਤੇ ?

ਬੱਚਾ :- ਬਾਪੂ ਜੀ ! ਮੈਂ ਪੁੱਛਿਆ ਸੀ । ਉਹ ਕਹਿਣ ਲੱਗਾ ਕਿ ਮੇਰਾ ਸਿਰ ਦੁਖਦਾ ਰਹਿੰਦਾ ਸੀ ।

ਬਾਪੂ ਜੀ :-ਕੀ ਕੇਸ ਮੁਨਾਉਣ ਨਾਲ ਉਹਦਾ ਸਿਰ ਦੁਖਣੋ ਹਟ ਗਿਆ ?

ਬੱਚਾ :- ਉਹ ਇਹਾ ਕਹਿੰਦਾ ਸੀ ਕਿ ਹੁਣ ਸਿਰ ਨੂੰ ਹਵਾ ਲਗਦੀ ਰਹੂ, ਸਿਰ ਨਹੀਂ ਦੁਖੂਗਾ ।

ਬਾਪੂ ਜੀ :-ਜਦੋਂ ਤੇਜ਼ ਧੁੱਪ ਵਿੱਚ ਤੁਰਨਾ ਪਿਆ ਤਾਂ ਟੋਟਰੀ ਤਪੂਗੀ ਕਿ ਨਹੀਂ ?

ਬੱਚਾ :— ਤਪੂਗੀ ਕਿਉਂ ਨਹੀਂ ? ਬਹੁਤੀ ਧੁੱਪ ਨਾਲ ਤਾਂ ਐਮੇਂ ਈ ਬੌਂਦਲ ਜਾਊਗਾ ।

ਬਾਪੂ ਜੀ :-ਕੀ ਫਿਰ ਸਿਰ ਦਰਦ ਨਹੀਂ ਕਰੇਗਾ ?

ਬੱਚਾ :- ਬਾਪੂ ਜੀ ! ਸਾਡੇ ਟੀਚਰ ਨੇ ਇੱਕ ਦਿਨ ਸਾਨੂੰ ਦੱਸਿਆ ਸੀ ਕਿ ਨੰਗੇ ਸਿਰ ਧੁੱਪ ਵਿੱਚ ਫਿਰਨ ਨਾਲ ਸਨ-ਸਟਰੋਕ ਹੋ ਜਾਂਦਾ ਆ, ਸਿਰ ਦਰਦ ਕਰਨ ਲੱਗ ਜਾਂਦਾ ਤੇ ਬੁਖਾਰ ਚੜ੍ਹ ਜਾਂਦਾ ਆ ।

ਬਾਪੂ ਜੀ : ਫੇਰ ਸਿਰ ਦਰਦ ਪੱਗ ਬੰਨ੍ਹਣ ਨਾਲ ਹੁੰਦਾ ਹੈ ਜਾਂ ਬਿਨਾ ਪੱਗ ਤੋਂ ਅਤੇ ਉਹ ਵੀ ਸਿਰ ਮੁਨਾ ਕੇ ?

ਦੂਜਾ ਬੱਚਾ :- ਸਿਰ ਮੁਨਾਣ ਨਾਲ ਤਾਂ ਸਗੋਂ ਧੁੱਪ ਵਧੇਰੇ ਚੁੱਭੂਗੀ ।

www.AKJ.Org

ਪਹਿਲਾ ਬੱਚਾ :-ਬਾਪੂ ਜੀ ! ਨੰਗੇ ਸਿਰ ਤਾਂ ਸਰਦੀ ਵੀ ਬਹੁਤ ਲਗਦੀ ਆ ਤੇ ਨਾਲੇ ਜੇ ਮੀਂਹ ਵਿੱਚ ਜਾਂਦਿਆਂ ਓਲੇ ਪੈਣ ਲੱਗ ਜਾਣ ਤਾਂ ਟੋਟਰੀ ਵਾਹਵਾ ਫੁੱਟਦੀ ਆ ।

ਬਾਪੂ ਜੀ :- ਕੀ ਫੇਰ ਪੱਗ ਅਤੇ ਕੇਸ ਸਾਨੂੰ ਗਰਮੀ, ਸਰਦੀ, ਅਹਿਣ/ਓਲਿਆਂ ਅਤੇ ਸੱਟ ਚੋਟ ਤੋਂ ਨਹੀਂ ਬਚਾਉਂਦੇ ?

ਬੱਚੇ :- ਬਚਾਉਂਦੇ ਆ ।

ਵਿਚੋਂ ਇਕ ਹੋਰ ਬੱਚਾ :- ਬਾਪੂ ਜੀ ! ਜੇ ਐਕਸੀਡੈਂਟ ਹੋ ਜਾਏ ਤਾਂ ਮੋਨਿਆਂ ਦੇ ਸਿਰ ਵਿਚੋਂ ਤਾਂ ਫਟ ਖੂਨ ਵਗਣ ਲੱਗ ਪੈਂਦਾ ਆ ।

ਪਹਿਲਾ ਬੱਚਾ :-ਸਿਰ ਦੇ ਕੇਸਾਂ ਤੇ ਪੱਗ ਨਾਲ ਤਾਂ ਬਹੁਤ ਬਚਾਅ ਹੋ ਜਾਂਦਾ ਆ, ਬੋਹੜੇ ਕੀਤੇ ਸਿਰ ਵਿਚ ਗਲੀ ਨਹੀਂ ਹੁੰਦੀ । ਲੜਾਈ ਵਿਚ ਵੀ ਤਾਂ ਪੱਗ ਤੇ ਕੇਸ ਸਿਰ ਨੂੰ ਸੱਟ ਚੋਟ ਤੋਂ ਬਚੌਂਦੇ ਈ ਆ ।

ਬਾਪੂ ਜੀ :-ਕੀ ਫੇਰ ਕੇਸਾਂ ਤੇ ਪੱਗ ਦਾ ਫ਼ਾਇਦਾ ਹੋਇਆ ਜਾਂ ਨੁਕਸਾਨ ?

ਬੱਚੇ :- ਫੈਦਾ ।

ਬਾਪੂ ਜੀ :-ਕੀ ਸਾਨੂੰ ਫਿਰ ਫਾਇਦੇ ਵਾਲਾ ਕੰਮ ਕਰਨਾ ਚਾਹੀਦਾ ਹੈ ਜਾਂ ਨੁਕਸਾਨ ਵਾਲਾ ?

ਬੱਚੇ :- ਫੈਦੇ ਵਾਲਾ ।

ਬਾਪੂ ਜੀ :-ਹੁਣ ਦੱਸੋ ਬੱਚਿਓ ! ਉਸ ਮੁੰਡੇ ਨੇ ਸਿਰ ਦੁਖਣ ਤੇ ਤਾਂ ਕੇਸ ਮੁਨਾ ਦਿੱਤੇ, ਕੀ ਬਾਂਹ ਜਾਂ ਲੱਤ ਦੁਖਣ ਤੇ ਉਹ ਬਾਂਹ ਜਾਂ ਲੱਤ ਕਟਾ ਦੇਵੇਗਾ ?

ਪਹਿਲਾ ਬਚਾ :- ਏਦਾਂ ਤੇ ਕੋਈ ਕਰਦਾ ਨਹੀਂ ਦੇਖਿਆ ।

ਬਾਪੂ ਜੀ :- ਫੇਰ ਸਰੀਰ ਦੇ ਅੰਗਾਂ ਦੇ ਦਰਦ ਕਿਵੇਂ ਦੂਰ ਹੁੰਦੇ ਹਨ ।

ਪਹਿਲਾ ਬੱਚਾ :- ਡਾਕਟਰ ਦੀ ਦੁਆਈ ਨਾਲ ।

ਬਾਪੂ ਜੀ :- ਕੀ ਫਿਰ ਸਿਰ ਦਾ ਦਰਦ ਡਾਕਟਰ ਦੀ ਦੁਆਈ ਨਾਲ ਨਹੀਂ ਹਟ ਸਕਦਾ ?

ਇਕ ਹੋਰ ਬੱਚਾ :- ਬਾਪੂ ਜੀ ! ਉਸ ਮੁੰਡੇ ਨੇ ਤਾਂ ਸਿਰ ਮੁਨਾਣ ਦਾ ਬਹਾਨਾ ਹੀ ਬਣਾਇਆ ਆ । ਅੱਜ ਕਲ ਸਿਖਾਂ ਦੇ ਮੁੰਡੇ ਦੇਖਾ ਦੇਖੀ ਈ ਸਿਰ ਮੁਨਾ ਰਹੇ ਆ ।

ਬਾਪੂ ਜੀ:- ਬੱਚਿਓ ! ਕੀ ਤੁਹਾਨੂੰ ਪਤਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੇ ਨੀਂਹਾ ਵਿੱਚ ਚਿਣੇ ਜਾਣਾ ਤਾਂ ਮਨਜ਼ੂਰ ਕਰ ਲਿਆ ਸੀ ਪਰ ਕੇਸ ਕਟਾਕੇ ਮੁਸਲਮਾਨ ਨਹੀਂ ਸੀ ਬਣੇ —

ਪਹਿਲਾ ਬੱਚਾ :-ਹਾਂ ਬਾਪੂ ਜੀ ! ਬਾਬਾ ਫਤਹਿ ਸਿੰਘ ਤੇ ਬਾਬਾ ਜੋਰਾਵਰ ਸਿੰਘ ਫਤਹਿਗੜ੍ਹ ਸਾਹਿਬ ਜੋਤੀ ਸਰੂਪ ਗੁਰਦਵਾਰੇ ਵਾਲੀ ਥਾਂ ਨੀਂਹ ਵਿਚ ਚਿਣੇ ਗਏ ਸੀ । ਮੈਂ ਉਹ ਗੁਰਦਵਾਰਾ ਦੇਖਿਆ ਹੋਇਆ ਆ ।

ਦੂਜਾ ਬੱਚਾ : ਬਾਪੂ ਜੀ ! ਕੀ ਸਿੱਖਾਂ ਨੂੰ ਕੇਸ ਨਹੀਂ ਕਟੌਣੇ ਚਾਹੀਦੇ ?

ਬਾਪੂ ਜੀ :-ਬਿਲਕੁਲ ਨਹੀਂ । ਬੱਚਿਓ ! ਅਸੀਂ ਅਰਦਾਸ ਵਿੱਚ ਵੀ ਇਹ ਮੰਗ ਮੰਗਦੇ ਹਾਂ ਕਿ ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇ, ਗੁਰੂ ਸਾਹਿਬ ਦਾ ਵੀ ਸਾਡੇ ਵਾਸਤੇ ਸਾਬਤ ਸੂਰਤਿ, ਸਿਰ ਦਸਤਾਰ ਰੱਖਣ ਦਾ ਹੁਕਮ ਹੈ । ਕੇਸਾਂ ਦੀ ਬੇਅਦਬੀ ਸਿੱਖਾਂ ਵਾਸਤੇ ਬੱਜਰ ਕੁਰਹਿਤ ਹੈ । ਕੇਸ ਕਤਲ ਕਰਵਾਉਣ ਨਾਲ ਸਿੱਖ ਪਤਿਤ ਹੋ ਜਾਂਦਾ ਹੈ । ਸਿੱਖੀ ਦੇ ਸਕੂਲ ਵਿਚੋਂ ਉਸ ਦਾ ਨਾਮ ਕੱਟਿਆ ਜਾਂਦਾ ਹੈ ਅਤੇ ਮੁੜਕੇ ਦਾਖਲਾ ਲੈਣ ਲਈ ਉਸ ਨੂੰ ਦੁਬਾਰਾ ਅੰਮ੍ਰਿਤ ਛਕਣਾ ਪੈਂਦਾ ਹੈ, ਆਪਣੀ ਭੁੱਲ ਬਖਸ਼ਾਉਣੀ ਪੈਂਦੀ ਹੈ ।

ਪਹਿਲਾ ਬੱਚਾ :- ਬਾਪੂ ਜੀ ! ਮੈਂ ਸੁਣਿਆਂ ਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਾਬਲ ਦੀ ਸੰਗਤ ਨੂੰ ਇਕ ਹੁਕਮਨਾਮਾ ਭੇਜਿਆ ਸੀ ਜਿਸ ਵਿੱਚ ਕੇਸਾਂ ਵਾਰੇ ਵੀ ਲਿਖਿਆ ਹੋਇਆ ਆ ।

ਬਾਪੂ ਜੀ:- ਠਹਿਰੋ ! ਮੈਂ ਉਹ ਹੁਕਮਨਾਮਾ ਅੰਦਰੋਂ ਲਿਆਉਂਦਾ ਹਾਂ ।

(ਬਾਪੂ ਜੀ ਚੁਬਾਰੇ ਅੰਦਰ ਚਲੇ ਜਾਂਦੇ ਹਨ । ਬੱਚੇ ਆਪੋ ਵਿੱਚ ਗੱਲਾਂ ਕਰਨ ਲੱਗ ਪੈਂਦੇ ਹਨ ।)

ਇੱਕ ਬੱਚਾ : ਕੁਲਜੀਤ ਸਿੰਘ ! ਤੈਨੂੰ ਤਾਂ ਬੜਾ ਕੁਛ ਪਤਾ ਆ ।

ਕੁਲਜੀਤ ਸਿੰਘ :- ਤੁਸੀਂ ਵੀ ਐਤਵਾਰ ਨੂੰ ਗੁਰਦਵਾਰੇ ਬੱਚਿਆਂ ਦੀ ਕਲਾਸ ਵਿੱਚ ਜਾਇਆ ਕਰੋ । ਤੁਸੀਂ ਤਾਂ ਸਾਰਾ ਦਿਨ ਟੈਲੀਵੀਜ਼ਨ ਈ ਦੇਖਦੇ ਰਹਿੰਦੇ ਓ ।

ਪਹਿਲਾ ਬੱਚਾ :-ਯਾਰ ! ਐਮੇਂ ਘੌਲ ਕਰ ਜਾਈ ਦੀ ਆ, ਔਂਦੇ ਐਤਵਾਰ ਮੈਨੂੰ ਵੀ ਕਲਾਸ ਵਿੱਚ ਲੈ ਕੇ ਜ਼ਰੂਰ ਜਾਈ ।

ਬਾਕੀ ਬੱਚੇ :- ਅਸੀਂ ਵੀ ਜਾਮਾਂਗੇ, ਅਸੀਂ ਵੀ ਜਾਮਾਂਗੇ (ਸਾਰੇ ਜਣੇ ਬੋਲਦੇ ਹੋਏ)। ਏਨੇ ਨੂੰ ਬਾਪੂ ਜੀ ਹੱਥ ਵਿੱਚ ਇੱਕ ਛੋਟੀ ਜੇਹੀ ਕਿਤਾਬੜੀ ਫੜੀ ਆ ਗਏ ਅਤੇ ਕਹਿਣ ਲੱਗੇ —

ਬੱਚਿਓ ! ਸੁਣੋ ਹੁਕਮਨਾਮਾ ਜੇਹੜਾ ਦਸਮੇਸ਼ ਪਿਤਾ ਜੀ ਨੇ ੨੯ ਜੇਠ ਸੰਮਤ ੧੭੫੬ ਨੂੰ ਕਾਬਲ ਦੀ ਸੰਗਤ ਨੂੰ ਭੇਜਿਆ - -



www.AKJ.Org

੧ੴ ਸਤਿਗੁਰੂ ਜੀ ਸਹਾਇ

ਸਰਬਤ ਸੰਗਤ ਕਾਬਲ ਗੁਰੂ ਰਖੇਗਾ, ਤੁਸਾਂ ਉਤੇ ਸਾਡੀ ਬਹੁਤ ਖੁਸ਼ੀ ਹੈ । ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ । ਕੇਸ ਰਖਣੇ, ਇਹ ਸਾਡੀ ਮੋਹਰ ਹੈ । ਕਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜਾ ਹੱਥ ਰੱਖਣਾ, ਦੋਨੋ ਵਕਤ ਕੇਸਾਂ ਦੀ ਪਾਲਣਾ ਕਰਨੀ, ਸਰਬ ਸੰਗਤ ਅਭਾਖਿਆ ਦਾ ਕੁਠਾ ਖਾਵੇ ਨਾਹੀ, ਤਮਾਕੂ ਨਾ ਵਰਤਨਾ, ਭਾਦਨੀ ਤਥਾ ਕੰਨਿਆ ਮਾਰਨ ਵਾਲੇ ਸੇ ਮਿਲਾਪ ਨ ਰਖੋ . . . ਗੁਰਬਾਣੀ ਪੜ੍ਹਨੀ, ਵਾਹਿਗੁਰੂ ਵਾਹਿਗੁਰੂ ਜਪਨਾ, ਗੁਰੂ ਕੀ ਰਹਿਤ ਰੱਖਣੀ ।

ਕੁਲਜੀਤ ਸਿੰਘ :- ਬਾਪੂ ਜੀ ! ਭਾਦਨੀ ਦਾ ਕੀ ਅਰਥ ਆ ?

ਬਾਪੂ ਜੀ :- ਭਾਦਨੀ ਦਾ ਅਰਥ ਹੈ ਸਿਰ ਮੂੰਹ ਮੁਨਾਉਣ ਵਾਲਾ ।

ਕੁਲਜੀਤ ਸਿੰਘ :- ਤੇ ਦੋਨੋ ਵਕਤ ਕੇਸਾਂ ਦੀ ਪਾਲਣਾ ਕਰਨੀ ਦਾ ਕੀ ਮਤਲਬ ?

ਬਾਪੂ ਜੀ :-ਇਸ ਦਾ ਭਾਵ ਹੈ ਸਵੇਰ-ਸ਼ਾਮ ਕੇਸਾਂ ਨੂੰ ਕੰਘੇ ਨਾਲ ਸਾਫ਼ ਕਰਨਾ ।

ਕੁਲਜੀਤ ਸਿੰਘ :- ਇਸ ਦਾ ਮਤਲਬ ਇਹ ਹੋਇਆ ਕਿ ਕੇਸਾਂ ਨੂੰ ਗੁਰੂ ਦੀ ਮੋਹਰ ਜਾਣਕੇ ਕਟੌਣਾ ਨਹੀਂ ਤੇ ਕੇਸ ਦਾੜ੍ਹੀ ਕੱਟਣ ਵਾਲਿਆਂ ਤੋਂ ਦੂਰ ਰਹਿਣਾ ।

ਦੂਜਾ ਬੱਚਾ :- ਬਾਪੂ ਜੀ ! ਕੇਸਾਂ ਦੀ ਸੰਭਾਲ ਲਈ ਇੱਕ ਤਾਂ ਦੋਨੋ ਵੇਲੇ ਕੇਸ ਕੰਘਾ ਕਰਨਾ ਤੇ ਹੋਰ ?

ਬਾਪੂ ਜੀ :- ਕੇਸ ਕੰਘਾ ਕਰਨ ਤੋਂ ਬਾਅਦ ਪੱਗ ਦੇ ਵੱਲ ਕੱਢ ਸੁਆਰ ਕੇ ਪੱਗ ਬੰਨ੍ਹਣੀ, ਨੰਗੇ ਸਿਰ ਨਹੀਂ ਫਿਰਨਾ ।

ਦੂਜਾ ਬੱਚਾ :- ਬਾਪੂ ਜੀ ! ਮੈਂ ਤੇ ਹਾਲੇ ਛੋਟਾ ਆਂ, ਮੈਨੂੰ ਤੇ ਪੱਗ ਬੰਨ੍ਹਣੀ ਨੀਂ ਔਂਦੀ ।

ਬਾਪੂ ਜੀ:- ਬੱਚੂ ! ਤੁਸੀਂ ਪਟਕਾ ਤਾਂ ਬੰਨਦੇ ਹੀ ਹੋ । ਹੌਲੀ ਹੌਲੀ ਛੋਟੀ ਦਸਤਾਰ (ਕੇਸਕੀ) ਬੰਨ੍ਹਣੀ ਸਿੱਖ ਲਓ ਅਤੇ ਉਸ ਤੋਂ ਬਾਅਦ ਦੋਹਰੀ ਦਸਤਾਰ ਬੰਨ੍ਹਣ ਲੱਗ ਪਿਓ ।

ਦੂਜਾ ਬੱਚਾ :- ਦੋਹਰੀ ਦਸਤਾਰ ਤੁਸੀ ਕਿਸ ਨੂੰ ਕਹਿੰਦੇ ਓ ?

ਬਾਪੂ ਜੀ :-ਕੇਸਕੀ ਦੇ ਉੱਪਰ ਮੁੱਖ ਵੱਡੀ ਦਸਤਾਰ ।

ਦੂਜਾ ਬੱਚਾ :- ਦੋਹਰੀ ਦਸਤਾਰ ਬੰਨ੍ਹਕੇ ਤਾਂ ਫੇਰ ਮੈਂ ਬੀ ਸਰਦਾਰ ਬਣ ਜਾਉਂਗਾ ।

ਬਾਪੂ ਜੀ :-ਕੇਸਾਂ ਤੇ ਦਸਤਾਰ ਨਾਲ ਤਾਂ ਸਾਰੇ ਗੁਰੂ ਦੁਲਾਰੇ ਸਰਦਾਰ ਹੀ ਨਜ਼ਰ ਆਉਂਦੇ ਹਨ । ਇਸੇ ਕਰਕੇ ਤਾਂ ਸਿੱਖਾਂ ਵਾਸਤੇ ਗੁਰੂ ਸਾਹਿਬ ਦਾ ਫੁਰਮਾਨ ਹੈ - -

**ਕੰਘਾ ਦੋਨੋ ਵਕਤ ਕਰ, ਪਾਗ ਚੁਨੇ ਕਰ ਬਾਂਧਈ।**

. . . . ਅੱਛਾ ਬੱਚਿਓ ! ਹੁਣ ਮੇਰੇ ਸੌਣ ਦਾ ਸਮਾਂ ਹੋ ਗਿਆ ਹੈ, ਕੱਲ੍ਹ ਨੂੰ ਫੇਰ ਮਿਲਾਂਗੇ ।

ਬਚੇ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ" ਬੁਲਾ ਕੇ ਪੌੜੀਆਂ ਉੱਤਰ ਗਏ ।

---

# ਸਾਬਤ ਸੂਰਤ ਸਿਰ ਦਸਤਾਰ

(ਭਾਈ ਸੇਵਾ ਸਿੰਘ ਸਫਲ)

ਬੀਜ ਬੀਜਿਆ ਸਿੱਖ ਪੰਥ ਦਾ,
ਆਦਿ ਗੁਰੂ ਨਾਨਕ ਅਵਤਾਰ ।
ਨੌ ਗੁਰੂਆਂ ਕਰ ਸੇਵਾ ਇਸ ਦੀ,
ਕੀਤਾ ਇਸ ਦਾ ਬਿਰਛ ਤਿਆਰ ।
ਲਾਇਆ ਫਲ ਫਿਰ ਦਸਮ ਗੁਰੂ ਨੇ,
ਪਾ ਕੇ ਅੰਮ੍ਰਿਤ ਖੰਡੇਧਾਰ ।
ਜੋ ਗੁਣ ਭਰਨੇ ਸੀ ਵਿੱਚ ਇਸਦੇ,
ਭਰ ਦਿੱਤੇ ਸਭ ਨੰਬਰ ਵਾਰ ।
ਪੰਥਾ ਵਿਚੋਂ ਪੰਥ ਨਿਰਾਲਾ,
ਕੀਤਾ ਪੰਥ ਖਾਲਸਾ ਤਿਆਰ ।
**ਮੂਰਤ ਖਾਸ ਅਕਾਲ ਪੁਰਖ ਦੀ,**
**ਸਾਬਤ ਸੂਰਤ ਸਿਰ ਦਸਤਾਰ ।**
ਕੇਸ ਉਗਾਏ ਸਿਰਜਣਹਾਰੇ,
ਮਾਣਸ ਦੇਹੀ ਦਾ ਸ਼ਿੰਗਾਰ ।
ਕੇਸਾਂ ਤੇ ਦਸਤਾਰ ਵਾਲੇ ਨੂੰ,
ਕਹਿੰਦਾ ਹਰ ਕੋਈ ਸਰਦਾਰ ।
ਸਿੰਘ ਸਿੰਘਣੀ ਜਾਣ ਪਛਾਣੇ,
ਖੜ੍ਹੇ ਹੋਣ ਲੱਖਾਂ ਵਿਚਕਾਰ ।
ਅਨਮਤੀਆਂ ਦੇ ਵਿੱਚ ਨ ਰਲਦੇ,
ਚਲਦੇ ਜੋ ਗੁਰਮਤਿ ਅਨੁਸਾਰ ।
ਜਿੱਥੇ ਜਾਵਣ ਸੋਭਾ ਪਾਵਣ,
ਹਰ ਥਾਂ ਮਿਲਦਾ ਏ ਸਤਿਕਾਰ ।
**ਗੁਰਮੁਖ ਬਣ ਕੇ ਰਖੋ ਸਾਰੇ,**
**ਸਾਬਤ ਸੂਰਤ ਸਿਰ ਦਸਤਾਰ ।**

---

## ਅੰਮ੍ਰਿਤ ਛਕੋ –ਸਿੰਘ ਸਜੋ – ਰਹਿਤ ਰੱਖੋ

www.AKJ.Org

# ਰਿਸ਼ਤੇ ਨਾਤੇ

ਨੋਟ: ੧. ਕੇਵਲ ਸ਼ਾਕਾਹਾਰੀ ਗੁਰਸਿੱਖ ਬਚਿਆਂ ਲਈ ਹੀ ਚਿੱਠੀ ਪੱਤਰ ਕਰੋ ਜੀ ।

੨. ਆਪਣੀ ਅਰਜ਼ੀ ਛਪਵਾਉਣ ਲਈ ਸਾਰਾ ਵੇਰਵਾ ਅਤੇ ਪਤਾ ਸਾਫ਼ ਸੱਪਸ਼ਟ ਲਿਖਕੇ ਸੂਰਾ ਦਫ਼ਤਰ ਭੇਜੋ ਜੀ ।

ਫ਼ਾਰਮ ਨੰ: LD/1 :- 24 ਸਾਲਾ 5'4" ਨਰਸਿੰਗ ਡਿਪਲੋਮਾ ਹੋਲਡਰ ਗੁਰਮੁਖ ਬੀਬੀ ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: LD/2:- ਲੁਧਿਆਣੇ ਵਿਖੇ ਸਰਕਾਰੀ ਵਿਭਾਗ ਵਿੱਚ ਸੈਕਸ਼ਨਲ ਆਫੀਸਰ 35½ ਸਾਲਾ ਸਿੰਘ ਲਈ ਬੀਬੀ ਦੀ ਲੋੜ ਹੈ। ਪਹਿਲੀ ਸਿੰਘਣੀ ਚੜ੍ਹਾਈ ਕਰ ਗਈ ਹੈ। ਦੋ ਬੱਚੇ, ਲੜਕੀ 5 ਸਾਲ ਤੇ ਲੜਕਾ 4 ਸਾਲ ਦਾ ਹੈ ।

ਫ਼ਾਰਮ ਨੰ: LD/3:- ਤਲਾਕਸ਼ੁਦਾ ਗੁਰਸਿੱਖ, ਕੀਰਤਨੀ ਬੀਬੀ ਉਮਰ 26 ਸਾਲ ਕੱਦ 5'2", ਸਰਕਾਰੀ ਸਰਵਿਸ, ਸਾਇੰਸ ਲੈਕਚਰਾਰ ਲਈ ਯੋਗ ਵਰ ਦੀ ਲੋੜ ਹੈ ।

ਫ਼ਾਰਮ ਨੰ: LD/4 :- 25 ਸਾਲਾ ਸਿੰਘ 5'6", ਆਪਣਾ ਕਾਰ ਮੁਰੰਮਤ ਗੈਰਾਜ, ਲਈ ਬੀਬੀ ਦੀ ਲੋੜ ਹੈ ।

# ਲੇਖਕਾਂ ਪ੍ਰਤੀ ਬੇਨਤੀਆਂ

੧. ਰਚਨਾਵਾਂ ਹਾਸ਼ੀਆ ਛੱਡਕੇ ਕਾਗਜ਼ ਦੇ ਇੱਕ ਪਾਸੇ ਹੀ ਸਾਫ ਸੁਥਰੀਆਂ ਕਰਕੇ ਲਿਖੀਆਂ ਜਾਣ । ਫੋਟੋ ਕਾਪੀ ਜਾਂ ਕਾਰਬਨ ਕਾਪੀ ਭੇਜਣ ਤੋਂ ਗੁਰੇਜ਼ ਕੀਤਾ ਜਾਵੇ ਜੀ ।

੨. ਗੁਰਬਾਣੀ ਦੀਆਂ ਤੁਕਾਂ, ਲਗਾਂ, ਮਾਤ੍ਰਾਂ, ਲੇਖ ਵਿਚਲੇ ਸੰਨ ਸੰਮਤ, ਹਵਾਲੇ, ਤਾਰੀਖ ਆਦਿ ਚੰਗੀ ਤਰ੍ਹਾਂ ਸੋਧਕੇ ਲਿਖੀਆਂ ਜਾਣ । ਪੰਨਾ ਨੰਬਰ ਜ਼ਰੂਰ ਦਿੱਤਾ ਜਾਏ ।

੩. ਗੁਰਬਾਣੀ ਤੋਂ ਇਲਾਵਾ ਰਚਨਾਵਾਂ ਵਿੱਚ ਦਿਤੇ ਹਵਾਲੇ ਪੁਸਤਕ/ਲਿਖਾਰੀ ਦੇ ਨਾਂ ਸਮੇਤ ਦਿਤੇ ਜਾਣ ।

੪. ਆਪਣੇ ਨਾਮ ਦੇ ਨਾਲ ਜ਼ਾਤ ਗੋਤ ਨਾ ਲਿਖਿਆ ਜਾਏ ।

੫ ਰਚਨਾਵਾਂ ਅਤੇ ਹੋਰ ਕੀਰਤਨ ਪ੍ਰੋਗਰਾਮਾਂ ਸੰਬੰਧੀ ਸੂਚਨਾਵਾਂ ਹਰ ਮਹੀਨੇ ਦੀ ੫ ਤਰੀਕ ਤੱਕ "ਸੂਰਾ" ਦਫਤਰ ਵਿੱਚ ਪਹੁੰਚ ਜਾਣ ਤਾਂ ਜੋ ਆਉਂਦੇ ਮਹੀਨੇ ਦੇ ਰਸਾਲੇ ਵਿੱਚ ਛਪ ਸਕਣ ।

ਸੰਪਾਦਕ

## ਗੁਰਦੁਆਰਾ ਕਲਗੀਧਰ, ਦੋਰਾਹਾ ਮੰਡੀ ਵਿਖੇ ਸਲਾਨਾ ਰੈਣ ਸਬਾਈ ਕੀਰਤਨ, ੧੨ ਨਵੰਬਰ ਰਾਤ ਨੂੰ ਹੋਣਗੇ ।

## ਗੁਰੂ ਨਾਨਕ ਆਗਮਨ ਪੁਰਬ, ਸਲਾਨਾ ਸਮਾਗਮ ਜਲੰਧਰ ਵਿਖੇ ੬ ਨਵੰਬਰ ਤੋਂ ੧੯ ਨਵੰਬਰ ਤੱਕ

ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਲਾਇਲਪੁਰ ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਨਕੋਦਰ ਰੋਡ ਵਿਖੇ ਹੋਵੇਗਾ ।

| | ਸਵੇਰ | ਸ਼ਾਮ |
|---|---|---|
| ੧੬-੧੧-੯੪ | ਅਰੰਭ ਸ੍ਰੀ ਅਖੰਡ ਪਾਠ ਸਾਹਿਬ, ੫ ਵਜੇ ਸਵੇਰੇ ਸਕੂਲ ਵਿਖੇ । | ੭ ਤੋਂ ੯ ਕੀਰਤਨ ਗੁਰਦਵਾਰਾ ਅਜੀਤ ਨਗਰ । |
| ੧੭-੧੧-੯੪ | ੬ ਤੋਂ ੧੧ ਕੀਰਤਨ ਗੁਰਦੁਆਰਾ ਮਖਦੂਮ ਪੁਰਾ । | ੭ ਤੋਂ ੯ ਕੀਰਤਨ ਸਕੂਲ ਦੇ ਪੰਡਾਲ ਵਿੱਚ । |
| ੧੮-੧੧-੯੪ | ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤੱਕ ਸਕੂਲ ਦੇ ਪੰਡਾਲ ਵਿੱਚ । | ੭ ਵਜੇ ਅਰੰਭ ਰੈਣ ਸਬਾਈ ਕੀਰਤਨ ਪੰਡਾਲ ਵਿੱਚ । |
| ੧੯-੧੧-੯੪ | ਸਮਾਪਤੀ ਸਵੇਰੇ ੬ ਵਜੇ । | |

**ਅੰਮ੍ਰਿਤ ਸੰਚਾਰ** : ਸਕੂਲ ਦੇ ਗੁਰਦੁਆਰੇ ਵਿਖੇ ੧੮-੧੧-੯੪ ਸ਼ਾਮ ੬ ਵਜੇ ਅਰੰਭ ਹੋਣਗੇ ।

ਅਖੰਡ ਕੀਰਤਨੀ ਜੱਥਾ, ਜਲੰਧਰ ।

## ਅੰਬਾਲਾ ਛਾਉਣੀ ਵਿਖੇ ਅਖੰਡ ਪਾਠ ਤੇ ਕੀਰਤਨ ਸਮਾਗਮ ੨੫ ਤੋਂ ੨੭ ਨਵੰਬਰ

ਭਾਈ ਮੇਵਾ ਸਿੰਘ ਜੀ ਕਸਟਮ ਆਫ਼ੀਸਰ ਦੇ ਗ੍ਰਿਹ ੧੩੭-B ਗੋਬਿੰਦ ਨਗਰ ਵਿਖੇ ਅਖੰਡ ਪਾਠ ਉਪਰੰਤ ਕੀਰਤਨ ਆਖਾੜੇ ਸਜਣਗੇ ।

# ਸੂਰਾ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਐਸ. ਐਸ. ਧਨੋਆ | ੧੦੦-੦੦ | ਸ: ਵਹਿੰਦਰ ਸਿੰਘ | ੫੦੦-੦੦ |
| ਗੁਪਤ | ੩੦੦-੦੦ | ਸ: ਸਵਰਨ ਸਿੰਘ, ਲੁਧਿਆਣਾ | ੪੦੦-੦੦ |
| ਗੁਪਤ | ੧੦੦-੦੦ | ਸ: ਸੁਰਜੀਤ ਸਿੰਘ, ਹਲਵਾਰਾ | ੨੫੦-੦੦ |
| ਗੁਪਤ | ੧੦੦੦੦-੦੦ | | |

www.AKJ.Org

## ਦਿੱਲੀ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ੧੨ ਤੋਂ ੧੭ ਅਕਤੂਬਰ

| | ਸਵੇਰੇ (੫ ਵਜੇ ਤੋਂ ਦੁਪਹਿਰ ਤੱਕ) | ਸ਼ਾਮ (੭ ਤੋਂ ੯ ਤੱਕ) |
|---|---|---|
| ੧੨-੧੦-੯੪ | ਬੁਧਵਾਰ -- | ਗੁ: ਸ੍ਰੀ ਗੁਰੂ ਸਿੰਘ ਸਭਾ, ਗੁ: ਰੋਡ ਕਰੋਲ ਬਾਗ । |
| ੧੩-੧੦-੯੪ | ਵੀਰਵਾਰ, ਗੁ: ਸੀਸ ਗੰਜ ਸਾਹਿਬ | ਗੁ: ਨਾਨਕ ਪਿਆਓ, ਆਦਰਸ਼ ਨਗਰ । |
| ੧੪-੧੦-੯੪ | ਸ਼ੁਕਰਵਾਰ, ਗੁ: ਬੰਗਲਾ ਸਾਹਿਬ | ਗੁ: ਬੰਗਲਾ ਸਾਹਿਬ । |
| ੧੫-੧੦-੯੪ | ਸ਼ਨਿਚਰਵਾਰ, ਗੁ: ਬੰਗਲਾ ਸਾਹਿਬ | ਗੁ: ਰਕਾਬ ਗੰਜ ਵਿਖੇ ਰੈਣਿ ਸਬਾਈ ਕੀਰਤਨ । |
| ੧੭-੧੦-੯੪ | ਭੋਗ ਰੈਣਿ ਸਬਾਈ ਕੀਰਤਨ ਸਵੇਰੇ ੬ ਵਜੇ | |

**ਅੰਮ੍ਰਿਤ ਸੰਚਾਰ : ੧੫-੧੦-੯੪ ਸ਼ਾਮ ੬ ਵਜੇ ਆਰੰਭ, ਗੁ: ਸ੍ਰੀ ਰਕਾਬ ਗੰਜ ਵਿਖੇ ।**

**ਰਿਹਾਇਸ਼ ਤੇ ਲੰਗਰ** ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿੱਲੀ ।

ਦਾਸਰੇ : ਅਖੰਡ ਕੀਰਤਨੀ ਜਥਾ ਦਿੱਲੀ ।

---

**ਗੁ: ਸੁਖਚੈਨਆਣਾ ਸਾਹਿਬ ਪਾ: ਛੇਵੀਂ ਨੇੜੇ ਬਿਜਲੀਘਰ, ਬੰਗਾ ਰੋਡ ਫਗਵਾੜਾ ਵਿਖੇ ਕੀਰਤਨ ਸਮਾਗਮ**

੨੦ ਤੋਂ ੨੨ ਅਕਤੂਬਰ, ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦਿਵਸ ਸੁਹੇਲਾ ਤੇ ਸ਼ਾਮ ਨੂੰ ਰੈਣਿ ਸਬਾਈ ਕੀਰਤਨ ਹੋਣਗੇ ।

**ਤਰਨਤਾਰਨ ਵਿਖੇ ਬਾਊ ਮੱਲ ਸਿੰਘ ਜੀ ਦੀ ਯਾਦ ਵਿੱਚ ਅਖੰਡ ਪਾਠ ਤੇ ਦਿਵਸ ਸੁਹੇਲਾ ਸਮਾਗਮ**

ਗਲੀ ਬਾਊ ਮੱਲ ਸਿੰਘ, ਤਰਨਤਾਰਨ ਵਿਖੇ ੨੧ ਤੋਂ ੨੩ ਅਕਤੂਬਰ ਅਖੰਡ ਪਾਠ ਉਪਰੰਤ ਦੁਪਹਿਰ ਤੱਕ ਕੀਰਤਨ ।

**ਅੰਮ੍ਰਿਤਸਰ, ਭਾਈ ਕੌਰ ਸਿੰਘ ਜੀ ਦੇ ਗ੍ਰਹਿ ਵਿਖੇ ਅਖੰਡ ਪਾਠ ਤੇ ਕੀਰਤਨ ਸਮਾਗਮ ।**

੫੪੧, ਈਸ਼ਟ ਮੋਹਨ ਨਗਰ, ੨੦ ਤੋਂ ੨੨ ਅਕਤੂਬਰ ਅਖੰਡ ਪਾਠ ਉਪਰੰਤ ਦੁਪਹਿਰ ਤੱਕ ਕੀਰਤਨ ਹੋਣਗੇ ।

---

**ਦਿਆਲਪੁਰ ਵਿਖੇ ਸਲਾਨਾ ਅਖੰਡ ਪਾਠ ਤੇ ਕੀਰਤਨ ਸਮਾਗਮ ੧੯ ਤੋਂ ੩੦ ਅਕਤੂਬਰ**

੧੯ ਅਕਤੂਬਰ ੧੯੯੪ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਲੜੀ ਸ੍ਰੀ ਅਖੰਡ ਪਾਠ ਸਾਹਿਬ ਪੰਡਿਆ ਵਾਲੀ ਵਿਖੇ ।
੨੯ ਅਕਤੂਬਰ ੧੯੯੪ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਆਸਾ ਦੀ ਵਾਰ ਦੁਪਹਿਰ ਤੱਕ ਪੰਡਿਆ ਵਾਲੀ ਵਿਖੇ
**ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ੨੯ ਅਕਤੂਬਰ ਸ਼ਾਮ ਨੂੰ ਗੁਰਦੁਆਰਾ ਰਾਮਗੜੀਆ ਵਿਖੇ ਅਰੰਭ ਹੋਣਗੇ ।**

---

**ਗੁਰਦੁਆਰਾ ਅਕਾਲਗੜ੍ਹ ਸਾਹਿਬ ਪਿੰਡ ਸਨੌਰ (ਪਟਿਆਲਾ) ਵਿਖੇ ਰੈਣਿ ਸਬਾਈ ਕੀਰਤਨ ੨੯ ਅਕਤੂਬਰ**

ਪਿੰਡ ਸਨੌਰ ਪਹੁੰਚਣ ਲਈ ਸਨੌਰੀ ਗੇਟ ਪਟਿਆਲਾ ਤੋਂ ਲੋਕਲ ਬੱਸ ਤੇ ਟੈਂਪੂ ਲਓ । ਫਾਸਲਾ ੪ ਕਿਲੋਮੀਟਰ

**ਮਾਸਿਕ ਰੈਣਿ ਸਬਾਈ ਕੀਰਤਨ ਗੁ: ਅਕਾਲੀ ਵਾਲਾ ਨਾਰੰਗਵਾਲ ਵਿਖੇ ੮-੧੦-੯੪ ਰਾਤ ਨੂੰ ਹੋਣਗੇ ।**

---

**ਗੁਰਬਾਣੀ ਦੇ ਸਤਿਕਾਰ ਲਈ ਸੂਰਾ ਪੱਤਰ ਨੂੰ ਉੱਚੀ ਥਾਂ ਰਖੋ ਜੀ ।**

---

## ਮੋਗਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ

| | ਸਵੇਰੇ | ਸ਼ਾਮ |
|---|---|---|
| ੩-੧੧-੯੪ | ੫ ਤੋਂ ੭ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਕਲਗੀਧਰ, ਦੱਤ ਰੋਡ, ਮੋਗਾ । | ੫-੩੦ ਤੋਂ ੮-੩੦ ਗੁ: ਬੀਬੀ ਕਾਹਨ ਕੌਰ, ਮੋਗਾ |
| ੪-੧੧-੯੪ | ੭ ਤੋਂ ੧੧ ਗੁ: ਸ੍ਰੀ ਹਰਗੋਬਿੰਦ ਸਾਹਿਬ, ਗੁਰੂਸਰ, ਪਿੰਡ ਸਲੀਨਾ ਵਿਖੇ, ਉਪਰੰਤ ਗੁਰਧਾਮਾਂ ਦੇ ਦਰਸ਼ਨ । | ੫-੩੦ ਤੋਂ ੯ ਕਰਤਾਰ ਭਵਨ, ਸਿਵਲ ਲਾਈਨਜ਼, ਮੋਗਾ |
| ੫-੧੧-੯੪ | ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤੱਕ, ਗੁ: ਕਲਗੀਧਰ, ਦੱਤ ਰੋਡ, ਮੋਗਾ । | ੭ ਵਜੇ ਅਰੰਭ ਰੈਣਿ ਸਬਾਈ ਕੀਰਤਨ ਗੁ: ਕਲਗੀਧਰ ਦੱਤ ਰੋਡ ਮੋਗਾ । |

੬-੧੧-੯੪ ਸਮਾਪਤੀ ਸਵੇਰੇ ੬ ਵਜੇ

**ਅੰਮ੍ਰਿਤ ਸੰਚਾਰ** : ੫-੧੧-੯੪ ਸ਼ਾਮ ੭ ਵਜੇ ਗੁ: ਕਲਗੀਧਰ, ਦੱਤ ਰੋਡ, ਮੋਗਾ ਵਿਖੇ ਸ਼ੁਰੂ ਹੋਣਗੇ ।

---

SURA ( Monthly) KOTHI No. 12, BLOCK I, BHAI RANDHIR SINGH NAGAR, LUDHIANA

www.AKJ.Org